Armaan Enterprises Inc
M.S. MANGAT 604 710 1197
ARMAAN MANGAT 778 930 7500
armaanenterprisesinc7@gmail.com
RESIDENTIAL & COMMERCIAL
PATIO COVERS RAILING & GATES
INSTALLATION REPAIRING AND
CLEANING ALL LOWER MAINLAND / ISLAND

WEEKLY NEWS PAPER
# ਬੀ ਸੀ ਪੰਜਾਬੀ ਨਿਊਜ਼ ਕੈਨੇਡਾ
BRITISH COLUMBIA : Vancouver, Victoria, Surrey, Nanaimo By: Mangat Media Group

A-CLASS FOREIGN EXCHANGE
ਸਿਰਫ 24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

Vol-1 Issue - 12 04 September to 09 September 2026 Email: bcpunjabinews@gmail.com Website: www.bcpunjabinews.ca Phone: +1 604 750 4259

## ਫਲੀਟਵੁੱਡ ਇਸਲਾਮਿਕ ਸੈਂਟਰ ਦੀ ਭੰਨਤੋੜ ਤੇ ਨਫ਼ਰਤੀ ਧਮਕੀਆਂ ਦੀ ਮੇਅਰ ਬਰੈਂਡਾ ਲੌਕ ਵੱਲੋਂ ਸਖ਼ਤ ਨਿੰਦਾ

**ਫਲੀਟਵੁੱਡ ਇਸਲਾਮਿਕ ਸੈਂਟਰ ਦੀ ਭੰਨਤੋੜ ਤੇ ਨਫ਼ਰਤੀ ਧਮਕੀਆਂ ਦੀ ਮੇਅਰ ਬਰੈਂਡਾ ਲੌਕ ਵੱਲੋਂ ਸਖ਼ਤ ਨਿੰਦ**



**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ)-** ਫਲੀਟਵੁੱਡ ਇਸਲਾਮਿਕ ਸੈਂਟਰ ਵਿਖੇ ਰਿਪੋਰਟ ਕੀਤੇ ਗਏ ਨਫ਼ਰਤੀ ਸੁਨੇਹਿਆਂ ਅਤੇ ਧਮਕੀਆਂ ਦੀ ਸਰੀ ਦੀ ਮੇਅਰ ਬਰੈਂਡਾ ਲੌਕ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਮੇਅਰ ਲੌਕ ਨੇ ਕਿਹਾ ਕਿ ਧਰਮ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਡਰਾਉਣ ਜਾਂ ਧਮਕਾਉਣ ਦੀਆਂ ਕੋਸ਼ਿਸ਼ਾਂ ਬੇਹੱਦ ਅਪਮਾਨਜਨਕ ਅਤੇ ਦਿਲ ਦੁਖਾਉਣ ਵਾਲੀਆਂ ਹਨ।

ਇੱਕ ਬਿਆਨ ਜਾਰੀ ਕਰਦਿਆਂ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਹਰ ਨਿਵਾਸੀ ਦੇ ਸੁਰੱਖਿਆ ਅਤੇ ਆਪਣੇਪਣ ਦੀ ਭਾਵਨਾ ਨੂੰ ਕਮਜ਼ੋਰ ਕਰਦੀਆਂ ਹਨ, ਜਦਕਿ ਹਰ ਵਿਅਕਤੀ ਨੂੰ ਆਪਣੇ ਭਾਈਚਾਰੇ ਵਿੱਚ ਸੁਰੱਖਿਅਤ ਅਤੇ ਸਨਮਾਨ ਨਾਲ ਰਹਿਣ ਦਾ ਹੱਕ ਹੈ।

ਉਨ੍ਹਾਂ ਕਿਹਾ ਕਿ ਇਸ ਔਖੇ ਸਮੇਂ ਦੌਰਾਨ ਉਹ ਮੁਸਲਿਮ ਭਾਈਚਾਰੇ ਅਤੇ ਫਲੀਟਵੁੱਡ ਇਸਲਾਮਿਕ ਸੈਂਟਰ ਦੇ ਮੈਂਬਰਾਂ ਨਾਲ ਪੂਰੀ ਤਰ੍ਹਾਂ ਖੜ੍ਹੇ ਹਨ। ਉਨ੍ਹਾਂ ਇਸ ਘਟਨਾ ਦੀ ਜਾਂਚ ਕਰ ਰਹੀ ਸਰੀ ਆਰਸੀਐਮਪੀ ਦੀ ਪ੍ਰੋਵਿੰਸ਼ੀਅਲ ਓਪਰੇਸ਼ਨਜ਼ ਸਪੋਰਟ ਯੂਨਿਟ (ਸ਼ਫੌਸ਼ੂ) ਦਾ ਵੀ ਧੰਨਵਾਦ ਕੀਤਾ।

ਮੇਅਰ ਲੌਕ ਨੇ ਆਸ ਪ੍ਰਗਟਾਈ ਕਿ ਜਾਂਚ ਰਾਹੀਂ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ।

# ਤਿੰਨ ਫੈਡਰਲ ਉਪ ਚੋਣਾਂ ਵਿੱਚ ਲਿਬਰਲਾਂ ਦੀ ਵੱਡੀ ਜਿੱਤ, ਮਾਰਕ ਕਾਰਨੀ ਦੀ ਸਥਿਤੀ ਹੋਈ ਮਜ਼ਬੂਤ

**ਕੈਨੇਡਾ ਦੇ ਤਿੰਨ ਹਲਕਿਆਂ ਵਿੱਚ ਲਿਬਰਲ ਉਮੀਦਵਾਰਾਂ ਨੇ ਭਾਰੀ ਬਹੁਮਤ ਨਾਲ ਜਿੱਤ ਦਰਜ ਕੀਤੀ; ਕਾਰਨੀ ਨੇ ਕਿਹਾ—ਅਮਰੀਕਾ ਨਾਲ ਵਪਾਰਕ ਟਕਰਾਅ ਦੌਰਾਨ ਸਰਕਾਰ ਦੇ ਸਖ਼ਤ ਰੁਖ਼ 'ਤੇ ਜਨਤਾ ਨੇ ਲਾਈ ਮੋਹਰ**



**ਸਰੀ :** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੋਮਵਾਰ ਨੂੰ ਹੋਈਆਂ ਤਿੰਨ ਫੈਡਰਲ ਉਪ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਸ਼ਾਨਦਾਰ ਜਿੱਤ ਨੂੰ ਸਰਕਾਰ ਦੀਆਂ ਨੀਤੀਆਂ 'ਤੇ ਜਨਤਾ ਦੇ ਭਰੋਸੇ ਦਾ ਪ੍ਰਗਟਾਵਾ ਕਰਾਰ ਦਿੱਤਾ ਹੈ। ਓਟਾਵਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਰਨੀ ਨੇ ਕਿਹਾ ਕਿ ਕਿਊਬੈਕ, ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਦੇ ਵੋਟਰਾਂ ਨੇ ਅਮਰੀਕਾ ਨਾਲ ਚੱਲ ਰਹੇ ਵਪਾਰਕ ਟਕਰਾਅ ਦੌਰਾਨ ਸਰਕਾਰ ਦੇ ਸਖ਼ਤ ਰੁਖ਼ ਦਾ ਖੁੱਲ੍ਹ ਕੇ ਸਮਰਥਨ ਕੀਤਾ ਹੈ।

ਲਿਬਰਲ ਪਾਰਟੀ ਨੇ ਤਿੰਨੋਂ ਹਲਕਿਆਂ ਵਿੱਚ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ। ਕਿਊਬੈਕ ਦੇ ਸ਼ਿਕੂਤੀਮੀ-ਲੇ ਫਜੋਰਡ ਹਲਕੇ ਤੋਂ ਲਿਬਰਲ ਉਮੀਦਵਾਰ ਡੈਨੀਅਲ ਗੋਬੇਲ ਨੇ 51.3 ਫ਼ੀਸਦੀ ਵੋਟਾਂ ਹਾਸਲ ਕਰਕੇ ਬਲਾਕ ਕਿਊਬੈਕਵਾ ਦੇ ਉਮੀਦਵਾਰ ਨੂੰ ਲਗਭਗ 20 ਫ਼ੀਸਦੀ ਦੇ ਫਰਕ ਨਾਲ ਪਛਾੜ ਦਿੱਤਾ। ਸਾਲ 2015 ਤੋਂ ਇਸ ਸੀਟ 'ਤੇ ਕਾਬਜ਼ ਰਹੀ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰੇਜਿਸ ਗੌਡਰੋਲਟ ਨੂੰ ਸਿਰਫ਼ 12.5 ਫ਼ੀਸਦੀ ਵੋਟਾਂ ਮਿਲੀਆਂ ਅਤੇ ਉਹ ਤੀਜੇ ਸਥਾਨ 'ਤੇ ਰਹੇ।

ਓਨਟਾਰੀਓ ਦੇ ਬੀਚਿਸ-ਈਸਟ ਯੌਰਕ ਅਤੇ ਬ੍ਰਿਟਿਸ਼ ਕੋਲੰਬੀਆ ਦੇ ਨੌਰਥ ਵੈਨਕੂਵਰ-ਕੈਪੀਲਾਨੋ ਹਲਕਿਆਂ ਵਿੱਚ ਵੀ ਲਿਬਰਲ ਉਮੀਦਵਾਰਾਂ ਨੇ ਵੱਡੇ ਫਰਕ ਨਾਲ ਜਿੱਤ ਦਰਜ ਕੀਤੀ। ਨੌਰਥ ਵੈਨਕੂਵਰ ਤੋਂ ਬ੍ਰੈਡਨ ਕੈਲੇ ਸੰਸਦ ਮੈਂਬਰ ਚੁਣੇ ਗਏ ਹਨ।

ਇਨ੍ਹਾਂ ਨਤੀਜਿਆਂ ਨਾਲ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ, ਜਦਕਿ ਵਿਰੋਧੀ ਧਿਰ ਦੇ ਆਗੂ ਪੀਅਰੇ ਪੋਲੀਵਰੇ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਖ਼ਾਸ ਤੌਰ 'ਤੇ ਕਿਊਬੈਕ ਵਿੱਚ ਕੰਜ਼ਰਵੇਟਿਵ ਪਾਰਟੀ ਦਾ ਪ੍ਰਦਰਸ਼ਨ ਬੇਹੱਦ ਨਿਰਾਸ਼ਾਜਨਕ ਰਿਹਾ। ਬਲਾਕ ਕਿਊਬੈਕਵਾ ਦੇ ਆਗੂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਸੂਬੇ ਵਿੱਚ ਹੁਣ ਕੰਜ਼ਰਵੇਟਿਵ ਪਾਰਟੀ ਦੀ ਕੋਈ ਪ੍ਰਭਾਵਸ਼ਾਲੀ ਹੋਂਦ ਨਹੀਂ ਰਹਿ ਗਈ।

ਇਹ ਉਪ ਚੋਣਾਂ ਅਜਿਹੇ ਸਮੇਂ ਹੋਈਆਂ ਹਨ, ਜਦੋਂ ਕੈਨੇਡਾ ਅਤੇ ਅਮਰੀਕਾ ਵਿਚਾਲੇ ਵਪਾਰਕ ਗੱਲਬਾਤ ਵਿੱਚ ਤਣਾਅ ਵਧਿਆ ਹੋਇਆ ਹੈ। ਹਾਲ ਹੀ ਵਿੱਚ ਹੋਏ ਇੱਕ ਸਰਵੇਖਣ ਅਨੁਸਾਰ 63 ਫ਼ੀਸਦੀ ਕੈਨੇਡੀਅਨ ਅਮਰੀਕਾ ਅੱਗੇ ਨਾ ਝੁਕਣ ਦੇ ਸਰਕਾਰ ਦੇ ਫ਼ੈਸਲੇ ਨਾਲ ਸਹਿਮਤ ਹਨ, ਜਦਕਿ 73 ਫ਼ੀਸਦੀ ਲੋਕ ਅਮਰੀਕੀ ਵਸਤਾਂ 'ਤੇ ਜਵਾਬੀ ਵਪਾਰਕ ਕਰ ਲਗਾਉਣ ਦੇ ਹੱਕ ਵਿੱਚ ਹਨ।

ਕਾਰਨੀ ਨੇ ਕਿਹਾ ਕਿ ਅਮਰੀਕਾ ਨੂੰ ਸੋਸ਼ਲ ਮੀਡੀਆ 'ਤੇ ਕੈਨੇਡਾ ਦਾ ਮਜ਼ਾਕ ਉਡਾਉਣ ਦੀ ਬਜਾਏ ਗੰਭੀਰ ਵਾਰਤਾ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਆਪਣੇ ਹਿੱਤਾਂ ਦੀ ਰੱਖਿਆ ਕਰਦਿਆਂ ਅਮਰੀਕਾ ਨਾਲ ਵਪਾਰਕ ਮਸਲਿਆਂ ਦਾ ਹੱਲ ਗੱਲਬਾਤ ਰਾਹੀਂ ਕੱਢਣ ਲਈ ਤਿਆਰ ਹੈ।

## ਭਾਰਤ ਤੋਂ ਕੈਨੇਡਾ ਆ ਰਿਹਾ ਸੀ 'ਮਿਆਦ ਪੁੱਗਿਆ' ਖਾਣਾ! ਜਾਅਲੀ ਲੇਬਲ ਮਾਮਲੇ ਦੀ ਜਾਂਚ ਸ਼ੁਰੂ

**ਮੁੰਬਈ ਦੇ ਗੁਦਾਮ 'ਤੇ ਛਾਪੇ ਦੌਰਾਨ 80 ਹਜ਼ਾਰ ਡਾਲਰ ਦਾ ਖਾਧ ਸਮਾਨ ਜ਼ਬਤ; ਕੈਨੇਡਾ ਦੀ ਖਾਧ ਜਾਂਚ ਏਜੰਸੀ ਨੇ ਭਾਰਤ ਤੋਂ ਆਉਣ ਵਾਲੀਆਂ ਵਸਤਾਂ 'ਤੇ ਵਧਾਈ ਨਿਗਰਾਨੀ**



**ਸਰੀ, :** ਭਾਰਤ ਵਿੱਚ ਸਾਹਮਣੇ ਆਏ ਇੱਕ ਗ਼ੈਰ-ਕਾਨੂੰਨੀ ਧੰਦੇ ਨੂੰ ਲੈ ਕੇ ਕੈਨੇਡਾ ਦੀ ਖਾਧ ਜਾਂਚ ਏਜੰਸੀ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਾਮਲੇ ਵਿੱਚ ਮਿਆਦ ਪੁੱਗ ਚੁੱਕੇ ਜਾਂ ਮਿਆਦ ਪੁੱਗਣ ਦੇ ਨੇੜੇ ਪਹੁੰਚੇ ਖਾਧ ਪਦਾਰਥਾਂ 'ਤੇ ਜਾਅਲੀ ਲੇਬਲ ਲਗਾ ਕੇ ਉਨ੍ਹਾਂ ਨੂੰ ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਭੇਜਣ ਦੀ ਤਿਆਰੀ ਕੀਤੇ ਜਾਣ ਦਾ ਦੋਸ਼ ਹੈ।

ਪਿਛਲੇ ਹਫ਼ਤੇ ਮੁੰਬਈ ਦੇ ਇੱਕ ਗੁਦਾਮ 'ਤੇ ਛਾਪੇਮਾਰੀ ਦੌਰਾਨ ਲਗਭਗ 80 ਹਜ਼ਾਰ ਡਾਲਰ ਦੀ ਕੀਮਤ ਦਾ ਖਾਣ-ਪੀਣ ਵਾਲਾ ਸਮਾਨ ਜ਼ਬਤ ਕੀਤਾ ਗਿਆ। ਇਸ ਦੇ ਨਾਲ ਹੀ ਵੱਡੀ ਮਾਤਰਾ ਵਿੱਚ ਰਸਾਇਣ ਅਤੇ ਛਪਾਈ ਵਾਲੀਆਂ ਮਸ਼ੀਨਾਂ ਵੀ ਬਰਾਮਦ ਹੋਈਆਂ। ਜਾਂਚ ਅਧਿਕਾਰੀਆਂ ਮੁਤਾਬਕ ਇਨ੍ਹਾਂ ਦੀ ਵਰਤੋਂ ਪੈਪਸੀਕੋ, ਨੈਸਲੇ, ਕੋਕਾ-ਕੋਲਾ ਅਤੇ ਯੂਨੀਲੀਵਰ ਵਰਗੇ ਨਾਮੀ ਬਰਾਂਡਾਂ ਦੇ ਉਤਪਾਦਾਂ 'ਤੇ ਪੁਰਾਣੀਆਂ ਮਿਆਦ ਪੁੱਗਣ ਦੀਆਂ ਤਾਰੀਖ਼ਾਂ ਮਿਟਾ ਕੇ ਨਵੀਆਂ ਤਾਰੀਖ਼ਾਂ ਅਤੇ ਪੋਸ਼ਣ ਸਬੰਧੀ ਜਾਣਕਾਰੀ ਛਾਪਣ ਲਈ ਕੀਤੀ ਜਾ ਰਹੀ ਸੀ।

ਅਧਿਕਾਰੀਆਂ ਨੇ ਸਪਸ਼ਟ ਕੀਤਾ ਹੈ ਕਿ ਇਨ੍ਹਾਂ ਮੂਲ ਕੰਪਨੀਆਂ 'ਤੇ ਕੋਈ ਦੋਸ਼ ਨਹੀਂ ਹੈ। ਜਾਂਚ ਦਾ ਮੁੱਖ ਕੇਂਦਰ ਉਨ੍ਹਾਂ ਗ਼ੈਰ-ਕਾਨੂੰਨੀ ਬਰਾਮਦਕਾਰਾਂ 'ਤੇ ਹੈ, ਜੋ ਕਥਿਤ ਤੌਰ 'ਤੇ ਇਸ ਧਾਂਦਲੀ ਵਿੱਚ ਸ਼ਾਮਲ ਸਨ।

ਛਾਪੇਮਾਰੀ ਦੌਰਾਨ ਮਿਲੇ ਪੈਪਸੀਕੋ ਦੇ ਭਾਰਤੀ ਬਰਾਂਡ 'ਕੁਰਕੁਰੇ' ਦੇ ਪੈਕਟਾਂ 'ਤੇ ਅੰਗਰੇਜ਼ੀ ਅਤੇ ਫਰਾਂਸੀਸੀ ਦੋਵਾਂ ਭਾਸ਼ਾਵਾਂ ਵਿੱਚ ਪੋਸ਼ਣ ਸਬੰਧੀ ਲੇਬਲ ਛਪਿਆ ਹੋਇਆ ਮਿਲਿਆ। ਇਹ ਕੈਨੇਡਾ ਵਿੱਚ ਲਾਗੂ ਲੇਬਲਿੰਗ ਨਿਯਮਾਂ ਦੇ ਅਨੁਕੂਲ ਸੀ। ਇਸ ਕਾਰਨ ਸ਼ੱਕ ਪੈਦਾ ਹੋਇਆ ਕਿ ਇਹ ਸਮਾਨ ਕੈਨੇਡਾ ਭੇਜਣ ਦੀ ਯੋਜਨਾ ਤਹਿਤ ਤਿਆਰ ਕੀਤਾ ਜਾ ਰਿਹਾ ਸੀ।

ਕੈਨੇਡੀਅਨ ਖਾਧ ਜਾਂਚ ਏਜੰਸੀ ਨੇ ਕਿਹਾ ਹੈ ਕਿ ਉਹ ਇਸ ਮਾਮਲੇ 'ਤੇ ਨਜ਼ਰ ਰੱਖ ਰਹੀ ਹੈ ਤਾਂ ਜੋ ਕੈਨੇਡਾ ਵਿੱਚ ਆਉਣ ਵਾਲੀਆਂ ਖਾਧ ਵਸਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਹਾਲਾਂਕਿ ਏਜੰਸੀ ਮੁਤਾਬਕ ਇਸ ਵੇਲੇ ਕੋਈ ਅਜਿਹੀ ਜਾਣਕਾਰੀ ਨਹੀਂ ਹੈ ਕਿ ਇਸ ਗੁਦਾਮ ਨਾਲ ਸਬੰਧਤ ਕੋਈ ਸਮੱਗਰੀ ਕੈਨੇਡਾ ਵਿੱਚ ਦਾਖ਼ਲ ਹੋਈ ਹੈ।

ਏਜੰਸੀ ਨੇ ਕਿਹਾ ਕਿ ਖਾਧ ਪਦਾਰਥਾਂ ਨਾਲ ਧੋਖਾਧੜੀ, ਜਾਅਲੀ ਮਿਆਦ ਪੁੱਗਣ ਦੀਆਂ ਤਾਰੀਖ਼ਾਂ ਅਤੇ ਗ਼ਲਤ ਪੋਸ਼ਣ ਸਬੰਧੀ ਜਾਣਕਾਰੀ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਨਿਯਮ ਤੋੜਨ ਵਾਲਿਆਂ ਖ਼ਿਲਾਫ਼ ਸਮਾਨ ਜ਼ਬਤ ਕਰਨ, ਲਾਇਸੈਂਸ ਰੱਦ ਕਰਨ ਅਤੇ ਭਾਰੀ ਜੁਰਮਾਨੇ ਵਰਗੇ ਕਦਮ ਚੁੱਕੇ ਜਾ ਸਕਦੇ ਹਨ।

ਅਧਿਕਾਰੀਆਂ ਅਨੁਸਾਰ ਗੁਦਾਮ ਦੇ ਮਾਲਕ ਲਗਭਗ 19 ਘੱਟ ਜਾਣੇ-ਪਛਾਣੇ ਬਰਾਮਦਕਾਰਾਂ ਲਈ ਇਹ ਕੰਮ ਕਰ ਰਹੇ ਸਨ। ਮਹਾਰਾਸ਼ਟਰ ਖਾਧ ਅਤੇ ਦਵਾਈ ਪ੍ਰਸ਼ਾਸਨ ਦੇ ਕਮਿਸ਼ਨਰ ਤੁਕਾਰਾਮ ਮੁੰਢੇ ਨੇ ਦੱਸਿਆ ਕਿ ਮਾਮਲੇ ਦੀ ਰਿਪੋਰਟ ਸਬੰਧਤ ਅਧਿਕਾਰੀਆਂ ਨੂੰ ਭੇਜ ਦਿੱਤੀ ਗਈ ਹੈ ਅਤੇ ਸ਼ਾਮਲ ਬਰਾਮਦਕਾਰਾਂ ਦੇ ਵੇਰਵਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

## ਕਲੋਵਰਡੇਲ ਐਥਲੈਟਿਕ ਪਾਰਕ 'ਚ ਦੋ ਨਵੇਂ ਟਰਫ਼ ਮੈਦਾਨ ਮੁਕੰਮਲ

**12.3 ਮਿਲੀਅਨ ਡਾਲਰ ਤੋਂ ਵੱਧ ਦੇ ਵਿਕਾਸ ਪ੍ਰਾਜੈਕਟ ਦਾ ਪਹਿਲਾ ਪੜਾਅ ਪੂਰਾ; ਨਵੀਂ ਪਾਰਕਿੰਗ ਤੇ ਚੌਰਾਹੇ ਦਾ ਕੰਮ ਨਵੰਬਰ ਤੱਕ ਹੋਣ ਦੀ ਉਮੀਦ**




**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ) –** ਸਰੀ ਦੇ ਕਲੋਵਰਡੇਲ ਐਥਲੈਟਿਕ ਪਾਰਕ ਵਿੱਚ ਦੋ ਨਵੇਂ ਸਿੰਥੈਟਿਕ ਟਰਫ਼ ਖੇਡ ਮੈਦਾਨਾਂ ਦਾ ਨਿਰਮਾਣ ਮੁਕੰਮਲ ਹੋ ਗਿਆ ਹੈ। ਸਿਟੀ ਕੌਂਸਲ ਨੇ ਇਨ੍ਹਾਂ ਮੈਦਾਨਾਂ ਦੇ ਮੁਕੰਮਲ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਪਾਰਕ ਦੇ ਵਿਕਾਸ ਲਈ ਇੱਕ ਅਹਿਮ ਕਦਮ ਕਰਾਰ ਦਿੱਤਾ ਹੈ।

ਕਲੋਵਰਡੇਲ ਐਥਲੈਟਿਕ ਪਾਰਕ ਵਿੱਚ ਚੱਲ ਰਹੇ 12.3 ਮਿਲੀਅਨ ਡਾਲਰ ਤੋਂ ਵੱਧ ਦੇ ਸੁਧਾਰ ਪ੍ਰਾਜੈਕਟ ਦੇ ਪਹਿਲੇ ਪੜਾਅ ਤਹਿਤ ਇਹ ਦੋ ਟਰਫ਼ ਮੈਦਾਨ ਤਿਆਰ ਕੀਤੇ ਗਏ ਹਨ। ਇਸ ਪ੍ਰਾਜੈਕਟ ਵਿੱਚ ਖੇਡ ਮੈਦਾਨਾਂ ਤੱਕ ਪਹੁੰਚ ਲਈ ਨਵੀਂ ਸੜਕ ਅਤੇ ਨਵੀਂ ਪਾਰਕਿੰਗ ਲਾਟ ਦਾ ਨਿਰਮਾਣ ਵੀ ਸ਼ਾਮਲ ਹੈ।

ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਨਵੇਂ ਟਰਫ਼ ਮੈਦਾਨ ਬੱਚਿਆਂ, ਸਥਾਨਕ ਖੇਡ ਟੀਮਾਂ ਅਤੇ ਪਰਿਵਾਰਾਂ ਲਈ ਸਾਲ ਭਰ ਖੇਡ ਗਤੀਵਿਧੀਆਂ ਦਾ ਆਨੰਦ ਮਾਣਨ ਲਈ ਵਧੇਰੇ ਮੌਕੇ ਪੈਦਾ ਕਰਨਗੇ। ਉਨ੍ਹਾਂ ਕਿਹਾ ਕਿ ਇਹ ਨਿਵੇਸ਼ ਉੱਚ ਮਿਆਰ ਦੀਆਂ ਖੇਡ ਅਤੇ ਮਨੋਰੰਜਨ ਸਹੂਲਤਾਂ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਦੇ ਨਾਲ-ਨਾਲ ਸਰੀ ਦੀਆਂ ਖੇਡਾਂ ਨਾਲ ਸਬੰਧਤ ਵੱਡੇ ਸਮਾਗਮਾਂ ਦੀ ਮੇਜ਼ਬਾਨੀ ਕਰਨ ਦੀ ਸਮਰੱਥਾ ਨੂੰ ਵੀ ਮਜ਼ਬੂਤ ਕਰੇਗਾ।

ਉਨ੍ਹਾਂ ਅਨੁਸਾਰ, ਭਾਰੀ ਮੀਂਹ ਤੋਂ ਬਾਅਦ ਕੁਦਰਤੀ ਘਾਹ ਵਾਲੇ ਮੈਦਾਨ ਅਕਸਰ ਵਰਤੋਂ ਲਈ ਬੰਦ ਕਰਨੇ ਪੈਂਦੇ ਹਨ, ਜਿਸ ਕਾਰਨ ਖਿਡਾਰੀਆਂ ਅਤੇ ਖੇਡ ਕਲੱਬਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਸਿੰਥੈਟਿਕ ਟਰਫ਼ ਮੈਦਾਨਾਂ ਨਾਲ ਮੌਸਮ ਕਾਰਨ ਹੋਣ ਵਾਲੀਆਂ ਰੁਕਾਵਟਾਂ ਘਟਣ ਦੀ ਉਮੀਦ ਹੈ।

ਨਵੇਂ ਮੈਦਾਨਾਂ ਦੇ ਡਿਜ਼ਾਈਨ ਅਤੇ ਉਸਾਰੀ ਦਾ ਕੰਮ ਪਿਛਲੀ ਪਤਝੜ ਵਿੱਚ ਸ਼ੁਰੂ ਹੋਇਆ ਸੀ। ਕਲੋਵਰਡੇਲ ਐਥਲੈਟਿਕ ਪਾਰਕ ਲਗਭਗ 50 ਏਕੜ ਰਕਬੇ ਵਿੱਚ ਫੈਲਿਆ ਹੋਇਆ ਹੈ ਅਤੇ ਸਰੀ ਦੇ ਪ੍ਰਮੁੱਖ ਖੇਡ ਕੇਂਦਰਾਂ ਵਿੱਚੋਂ ਇੱਕ ਹੈ। ਇੱਥੇ ਬੇਸਬਾਲ ਅਤੇ ਸਾਫਟਬਾਲ ਮੈਦਾਨ, ਬਾਸਕਟਬਾਲ ਕੋਰਟ, ਬਹੁ-ਮੰਤਵੀ ਖੇਡ ਬਾਕਸ, ਖੇਡ ਮੈਦਾਨ, ਬਾਈਕ ਪਾਰਕ, ਵਾਟਰ ਪਲੇਗ੍ਰਾਊਂਡ, ਟੈਨਿਸ ਕੋਰਟ ਅਤੇ ਘਾਹ ਤੇ ਸਿੰਥੈਟਿਕ ਟਰਫ਼ ਵਾਲੇ ਕਈ ਮੈਦਾਨ ਮੌਜੂਦ ਹਨ। ਇਸ ਤੋਂ ਇਲਾਵਾ ਚੇਂਜ ਰੂਮ ਅਤੇ ਵਾਸ਼ਰੂਮਾਂ ਦੀ ਸਹੂਲਤ ਵਾਲਾ ਫ਼ੀਲਡ ਹਾਊਸ ਵੀ ਇੱਥੇ ਸਥਿਤ ਹੈ।

ਪ੍ਰਾਜੈਕਟ ਦੇ ਅਗਲੇ ਪੜਾਅ ਤਹਿਤ 110 ਵਾਹਨਾਂ ਦੀ ਸਮਰੱਥਾ ਵਾਲੀ ਨਵੀਂ ਪਾਰਕਿੰਗ ਲਾਟ ਅਤੇ ਪੂਰੀ ਤਰ੍ਹਾਂ ਸਿਗਨਲ-ਨਿਯੰਤਰਿਤ ਨਵੇਂ ਚੌਰਾਹੇ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਹ ਕੰਮ ਨਵੰਬਰ ਵਿੱਚ ਮੁਕੰਮਲ ਹੋਣ ਦੀ ਉਮੀਦ ਹੈ।

ਇਨ੍ਹਾਂ ਸੁਧਾਰਾਂ ਦੇ ਪੂਰਾ ਹੋਣ ਤੋਂ ਬਾਅਦ ਪਾਰਕ ਵਿੱਚ ਬਣਾਈ ਜਾ ਰਹੀ ਸਰੀ ਯੂਨਾਈਟਿਡ ਸੌਕਰ ਕਲੱਬ ਦੀ ਨਵੀਂ ਇਨਡੋਰ ਪ੍ਰੈਕਟਿਸ ਸਹੂਲਤ ਤੱਕ ਵੀ ਬਿਹਤਰ ਪਹੁੰਚ ਮੁਹੱਈਆ ਹੋਵੇਗੀ। ਸਿਟੀ ਕੌਂਸਲ ਵੱਲੋਂ ਇਸ ਸਹੂਲਤ ਲਈ ਸਰੀ ਯੂਨਾਈਟਿਡ ਸੌਕਰ ਕਲੱਬ ਨਾਲ 30 ਸਾਲਾਂ ਦੀ ਲੀਜ਼ ਨੂੰ ਵੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ ਛਸਿਟੀ ਅਨੁਸਾਰ, ਇਨ੍ਹਾਂ ਵਿਕਾਸ ਕਾਰਜਾਂ ਨਾਲ ਕਲੋਵਰਡੇਲ ਐਥਲੈਟਿਕ ਪਾਰਕ ਵਿੱਚ ਖੇਡਾਂ ਲਈ ਬੁਨਿਆਦੀ ਢਾਂਚਾ ਹੋਰ ਮਜ਼ਬੂਤ ਹੋਵੇਗਾ ਅਤੇ ਸਰੀ ਨੂੰ ਵੱਡੇ ਖੇਡ ਸਮਾਗਮਾਂ ਦੀ ਮੇਜ਼ਬਾਨੀ ਲਈ ਇੱਕ ਹੋਰ ਮਹੱਤਵਪੂਰਨ ਸਥਾਨ ਮਿਲੇਗਾ।

GOOD DEAL MOTORS
A NAME YOU CAN TRUST
WWW.GOODDEALMOTORS.CA
We Sell, Buy and Trade all kinds of
USED CARS, VANS, SUV'S, PICK-UPS
SCAN ME
SONY JHAWAR
Cell: 778-708-3479
Ph.: 778-668-6000
#1-12372-82A, Surrey BC V3W 0L6
gooddealmotors2@gmail.com

New Parmar RESTAURANT & CATERING
2 LOCATIONS TO SERVE YOU
South Surrey (Border)
101,102 and 103-382 175A street
(604) 560-4009
DINE IN / TAKE OUT
OPEN EVERYDAY 10 AM TO 10 PM
SPECIAL DEAL TRUCK TIFFIN
Uber Eats SKIP
Anything Extra will be Charged Extra, No Refund or Change

GURJEET SANDHU
PERSONAL REAL ESTATE CORPORATION
778-840-1355
• BUY • SELL • INVEST
CALL FOR FREE HOME EVALUATION
Making Realty Dreams A Reality
CENTURY 21. COASTAL REALTY LTD.
info@gurjeet.ca

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

CONSERVATIVE SURREY
BAJWA RICKY (NAVDEEP)
COUNCILLOR CANDIDATE (SURREY)
(604) 306-5266

BHULLAR SLINGER
FAST • RELIABLE • PROFESSIONAL
SAND GRAVEL TOP SOIL STONE
778-891-4556 BHULLAR EXCAVATING & DEMOLITION

CANRISE IMMIGRATION
HELPING CLIENTS SINCE 2011
Plan Ahead For Your Immigration
Find out your eligibility
• BCPNP • CEC CLASS • VISITOR VISA
• EXPRESS ENTRY • FAMILY SPONSORSHIP • LMIA / WORK PERMIT
FREE Consultation
CONSULT FOR PROFESSIONAL & HONEST ADVICE WITH
Ranjeet Sohi
778-565-1717

G STAR Interiors
TILES ਟਾਇਲਾਂ
604-373-0009
2098 CARPENTER ST. ABBOTSFORD, BC

2025 EMERALD MASTER
14 Yr. Medallion Member
MLS® TOP 1%
TONY BAL M.Sc., Agronomy
Personal Real Estate Corporation
Cell: 604-716-4781 | Bus: 604-596-1800
Email: baltony1@yahoo.ca
Website: www.tonybalrealtor.com
ROYAL LEPAGE GLOBAL FORCE REALTY
#306 - 15300 54A Avenue, Surrey, BC V3S 8R7

## ਪੈਟਰੋਲ-ਡੀਜ਼ਲ ਦੀਆਂ ਕੀਮਤਾਂ ’ਚ ਵਾਧੇ ਦਾ ਖ਼ਤਰਾ ਟਲਿਆ, ਫੈਡਰਲ ਟੈਕਸ ਰਾਹਤ ਅਗਲੇ ਸਾਲ ਤੱਕ ਜਾਰੀ ਰਹਿਣ ਦੀ ਤਿਆਰੀ



**ਵੈਨਕੂਵਰ :** ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਪੈਟਰੋਲ ਅਤੇ ਡੀਜ਼ਲ ’ਤੇ ਲੱਗਣ ਵਾਲੇ ਫੈਡਰਲ ਐਕਸਾਈਜ਼ ਟੈਕਸ ਦੀ ਮੁਅੱਤਲੀ ਨੂੰ ਘੱਟੋ-ਘੱਟ ਅਗਲੇ ਸਾਲ ਤੱਕ ਵਧਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇੱਕ ਸੀਨੀਅਰ ਸਰਕਾਰੀ ਸੂਤਰ ਨੇ ਪੁਸ਼ਟੀ ਕੀਤੀ ਹੈ ਕਿ ਵਿੱਤ ਮੰਤਰੀ ਫਰਾਂਸਵਾ-ਫਿਲਿਪ ਸ਼ੈਂਪੇਨ ਓਟਾਵਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਸ ਟੈਕਸ ਰਾਹਤ ਸਬੰਧੀ ਰਸਮੀ ਐਲਾਨ ਕਰਨਗੇ।

ਫੈਡਰਲ ਐਕਸਾਈਜ਼ ਟੈਕਸ ਤਹਿਤ ਗੈਸੋਲੀਨ ’ਤੇ 10 ਸੈਂਟ ਪ੍ਰਤੀ ਲੀਟਰ ਅਤੇ ਡੀਜ਼ਲ ’ਤੇ 4 ਸੈਂਟ ਪ੍ਰਤੀ ਲੀਟਰ ਟੈਕਸ ਲਗਾਇਆ ਜਾਂਦਾ ਹੈ। ਫੈਡਰਲ ਸਰਕਾਰ ਨੇ ਵਧਦੀ ਮਹਿੰਗਾਈ ਦੇ ਦਬਾਅ ਨੂੰ ਦੇਖਦਿਆਂ ਇਸ ਸਾਲ ਅਪ੍ਰੈਲ ਮਹੀਨੇ ਵਿੱਚ ਇਨ੍ਹਾਂ ਟੈਕਸਾਂ ਦੀ ਵਸੂਲੀ ’ਤੇ ਆਰਜ਼ੀ ਰੋਕ ਲਗਾ ਦਿੱਤੀ ਸੀ।

ਮੂਲ ਯੋਜਨਾ ਅਨੁਸਾਰ ਇਹ ਟੈਕਸ ਮੁਅੱਤਲੀ 8 ਸਤੰਬਰ ਨੂੰ ਖ਼ਤਮ ਹੋਣੀ ਸੀ। ਇਸ ਤੋਂ ਬਾਅਦ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਮੁੜ ਵਾਧਾ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਸੀ। ਪਰ ਮੌਜੂਦਾ ਸਮੇਂ ਦੌਰਾਨ ਈਰਾਨ ਜੰਗ ਵਿੱਚ ਵਧੀ ਹਿੰਸਾ ਅਤੇ ਨਵੇਂ ਸਿਰੇ ਤੋਂ ਭੜਕੇ ਟਕਰਾਅ ਕਾਰਨ ਕੌਮਾਂਤਰੀ ਪੱਧਰ ’ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆ ਰਿਹਾ ਹੈ।

ਇਸ ਕੌਮਾਂਤਰੀ ਸੰਕਟ ਕਾਰਨ ਆਮ ਲੋਕਾਂ ਦੀਆਂ ਜੇਬਾਂ ’ਤੇ ਵਾਧੂ ਬੋਝ ਪੈਣ ਦਾ ਖ਼ਤਰਾ ਬਣ ਗਿਆ ਹੈ। ਇਸੇ ਦੇ ਮੱਦੇਨਜ਼ਰ ਫੈਡਰਲ ਸਰਕਾਰ ਵੱਲੋਂ ਟੈਕਸ ਰਾਹਤ ਦੀ ਮਿਆਦ ਅੱਗੇ ਵਧਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਤਾਂ ਜੋ ਆਮ ਨਾਗਰਿਕਾਂ ਦੇ ਨਾਲ-ਨਾਲ ਕਾਰੋਬਾਰੀਆਂ ਨੂੰ ਵੀ ਈਂਧਨ ਦੀਆਂ ਵਧਦੀਆਂ ਕੀਮਤਾਂ ਤੋਂ ਕੁਝ ਰਾਹਤ ਮਿਲ ਸਕੇ।

ਇਸ ਮਾਮਲੇ ਨੂੰ ਲੈ ਕੇ ਸਿਆਸੀ ਪੱਧਰ ’ਤੇ ਵੀ ਕਾਫ਼ੀ ਗਰਮਾ-ਗਰਮੀ ਦੇਖਣ ਨੂੰ ਮਿਲ ਰਹੀ ਸੀ। ਫੈਡਰਲ ਕੰਜ਼ਰਵੇਟਿਵ ਪਾਰਟੀ ਪਿਛਲੇ ਕਈ ਹਫ਼ਤਿਆਂ ਤੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਵਿਰੁੱਧ ਮੁਹਿੰਮ ਚਲਾ ਰਹੀ ਸੀ। ਵਿਰੋਧੀ ਧਿਰ ਵੱਲੋਂ ਲੇਬਰ ਡੇਅ ਮੌਕੇ ਗੈਸ ਟੈਕਸ ਵਿੱਚ ਵਾਧੇ ਨੂੰ ਰੱਦ ਕਰਨ ਦੀ ਮੰਗ ਕੀਤੀ ਜਾ ਰਹੀ ਸੀ।

ਵਿਰੋਧੀ ਧਿਰ ਵੱਲੋਂ ਲਗਾਤਾਰ ਸਮਾਜਿਕ ਮੀਡੀਆ ਅਤੇ ਸੰਸਦ ਵਿੱਚ ਵੀ ਇਸ ਮੁੱਦੇ ਨੂੰ ਉਠਾ ਕੇ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਹੁਣ ਸਰਕਾਰ ਵੱਲੋਂ ਇਸ ਟੈਕਸ ਰਾਹਤ ਦੀ ਮਿਆਦ ਵਧਾਏ ਜਾਣ ਨਾਲ ਖਪਤਕਾਰਾਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ। ਇਸ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ’ਤੇ ਵਾਧੂ ਟੈਕਸ ਦਾ ਬੋਝ ਪੈਣ ਤੋਂ ਲੋਕਾਂ ਨੂੰ ਕੁਝ ਹੱਦ ਤੱਕ ਰਾਹਤ ਮਿਲ ਸਕਦੀ ਹੈ।

# ਸੀਟ ਖਾਲੀ ਕਰਵਾਉਣ ਬਦਲੇ ਨੌਕਰੀ ਦੀ ਪੇਸ਼ਕਸ਼ ਦੇ ਦੋਸ਼ਾਂ ’ਚ ਕੈਰੀ ਲਿਨ ਫਿੰਡਲੇ ਘਿਰੀ, ਪੁਲਿਸ ਜਾਂਚ ਹੋਈ ਤੇਜ਼

### ਵਿਧਾਇਕ ਇਆਨ ਪੈਟਨ ਦਾ ਦਾਅਵਾ—ਪੁਲਿਸ ਵੱਲੋਂ ਕੰਜ਼ਰਵੇਟਿਵ ਲੀਡਰਸ਼ਿਪ ਵਿਵਾਦ ਦੀ ਜਾਂਚ

**ਵੈਨਕੂਵਰ :** ਬੀ.ਸੀ. ਕੰਜ਼ਰਵੇਟਿਵ ਪਾਰਟੀ ਦੀ ਆਗੂ ਕੈਰੀ ਲਿਨ ਫਿੰਡਲੇ ਵਿਰੁੱਧ ਲੱਗੇ ਗੰਭੀਰ ਦੋਸ਼ਾਂ ਦੀ ਜਾਂਚ ਦੇ ਮਾਮਲੇ ਵਿੱਚ ਆਰ.ਸੀ.ਐੱਮ.ਪੀ. ਵੱਲੋਂ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਡੈਲਟਾ ਸਾਊਥ ਦੇ ਵਿਧਾਇਕ ਇਆਨ ਪੈਟਨ ਨੇ ਪੁਸ਼ਟੀ ਕੀਤੀ ਹੈ ਕਿ ਪੁਲਿਸ ਅਧਿਕਾਰੀ ਬੁੱਧਵਾਰ ਨੂੰ ਉਨ੍ਹਾਂ ਦੇ ਦਫ਼ਤਰ ਪਹੁੰਚੇ ਅਤੇ ਉਨ੍ਹਾਂ ਨਾਲ ਇਸ ਮਾਮਲੇ ਸਬੰਧੀ ਗੱਲਬਾਤ ਕੀਤੀ।

ਪੈਟਨ ਦਾ ਦੋਸ਼ ਹੈ ਕਿ ਫਿੰਡਲੇ ਨੇ ਆਪਣੀ ਉਪ ਚੋਣ ਲੜਨ ਦਾ ਰਾਹ ਪੱਧਰਾ ਕਰਨ ਲਈ ਉਨ੍ਹਾਂ ਨੂੰ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਬਦਲੇ ਪਾਰਟੀ ਵਿੱਚ ਤਨਖ਼ਾਹ ਵਾਲੀ ਸਲਾਹਕਾਰ ਦੀ ਨੌਕਰੀ ਦੀ ਪੇਸ਼ਕਸ਼ ਕੀਤੀ ਸੀ। ਜ਼ਿਕਰਯੋਗ ਹੈ ਕਿ ਫਿੰਡਲੇ ਬਿਨਾਂ ਵਿਧਾਨ ਸਭਾ ਸੀਟ ਦੇ ਹੀ ਪਾਰਟੀ ਦੀ ਮੁਖੀ ਚੁਣੀ ਗਈ ਸੀ। ਇਸ ਕਾਰਨ ਉਨ੍ਹਾਂ ਲਈ ਚੋਣ ਲੜਨ ਵਾਸਤੇ ਕਿਸੇ ਮੌਜੂਦਾ ਵਿਧਾਇਕ ਦੀ ਸੀਟ ਖਾਲੀ ਕਰਵਾਉਣ ਦੀ ਲੋੜ ਸੀ।

ਇਸ ਵਿਵਾਦ ਨਾਲ ਜੁੜੀ ਇੱਕ ਆਡੀਓ ਰਿਕਾਰਡਿੰਗ ਵੀ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਰਿਕਾਰਡਿੰਗ ਵਿੱਚ ਜੁਲਾਈ ਦੌਰਾਨ ਹੋਈ ਪੈਂਟਿਕਟਨ ਕਾਕਸ ਮੀਟਿੰਗ ਵਿੱਚ ਵਿਧਾਇਕਾਂ ਨੂੰ ਅਜਿਹੀਆਂ ਪੇਸ਼ਕਸ਼ਾਂ ਕੀਤੇ ਜਾਣ ਸਬੰਧੀ ਗੱਲਬਾਤ ਹੋਈ ਸੀ। ਇਸ ਮਾਮਲੇ ਨੇ ਬੀ.ਸੀ. ਦੀ ਕੰਜ਼ਰਵੇਟਿਵ ਪਾਰਟੀ ਦੀ ਅੰਦਰੂਨੀ ਸਿਆਸਤ ਵਿੱਚ ਵੀ ਕਾਫ਼ੀ ਹਲਚਲ ਪੈਦਾ ਕਰ ਦਿੱਤੀ ਹੈ।

ਦੂਜੇ ਪਾਸੇ ਕੈਰੀ ਲਿਨ ਫਿੰਡਲੇ ਨੇ ਇਨ੍ਹਾਂ ਦੋਸ਼ਾਂ ਨੂੰ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਆਮ ਸਿਆਸੀ ਵਿਚਾਰ-ਵਟਾਂਦਰਾ ਸੀ, ਜੋ ਕਾਨੂੰਨ ਅਤੇ ਨੈਤਿਕਤਾ ਦੇ



ਦਾਇਰੇ ਵਿੱਚ ਰਹਿ ਕੇ ਕੀਤਾ ਗਿਆ ਸੀ। ਫਿੰਡਲੇ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਕਿਸੇ ਵਿਧਾਇਕ ਨੂੰ ਅਸਤੀਫ਼ਾ ਦੇਣ ਲਈ ਗੈਰ-ਕਾਨੂੰਨੀ ਲਾਭ ਦੇਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਕੈਨੇਡਾ ਦੇ ਕ੍ਰਿਮੀਨਲ ਕੋਡ ਅਨੁਸਾਰ ਕਿਸੇ ਚੁਣੇ ਹੋਏ ਨੁਮਾਇੰਦੇ ਨੂੰ ਅਸਤੀਫ਼ਾ ਦੇਣ ਦੇ ਬਦਲੇ ਕਿਸੇ ਵੀ ਤਰ੍ਹਾਂ ਦਾ ਲਾਭ, ਇਨਾਮ ਜਾਂ ਨੌਕਰੀ ਦੇਣਾ ਗੈਰ-ਕਾਨੂੰਨੀ ਹੈ। ਇਆਨ ਪੈਟਨ ਅਨੁਸਾਰ ਉਨ੍ਹਾਂ ਨੂੰ ਸਾਲਾਨਾ 1,22,000 ਡਾਲਰ ਤਨਖ਼ਾਹ ਵਾਲੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਸੀ, ਜਿਸ ਨੂੰ ਉਨ੍ਹਾਂ ਨੇ ਠੁਕਰਾ ਦਿੱਤਾ ਸੀ।

ਪੈਟਨ ਦੇ ਅਨੁਸਾਰ ਇਹ ਪੇਸ਼ਕਸ਼ ਉਸ ਸਮੇਂ ਕੀਤੀ ਗਈ ਸੀ ਜਦੋਂ ਫਿੰਡਲੇ ਨੂੰ ਆਪਣੀ ਉਪ ਚੋਣ ਲੜਨ ਲਈ ਇੱਕ ਮੌਜੂਦਾ ਵਿਧਾਇਕ ਦੀ ਸੀਟ ਦੀ ਲੋੜ ਸੀ। ਉਨ੍ਹਾਂ ਦਾ ਦਾਅਵਾ ਹੈ ਕਿ ਜੇਕਰ ਉਹ ਅਹੁਦੇ ਤੋਂ ਅਸਤੀਫ਼ਾ ਦੇ ਦਿੰਦੇ ਤਾਂ ਉਨ੍ਹਾਂ ਦੀ ਥਾਂ ’ਤੇ ਪਾਰਟੀ ਵੱਲੋਂ ਫਿੰਡਲੇ ਲਈ ਚੋਣ ਲੜਨ ਦਾ ਰਾਹ ਖੁੱਲ੍ਹ ਸਕਦਾ ਸੀ।

ਬਾਅਦ ਵਿੱਚ ਅਬੋਟਸਫੋਰਡ-ਮਿਸ਼ਨ ਤੋਂ ਵਿਧਾਇਕ ਰੀਐਨ ਗੈਸਪਰ ਨੇ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਕੈਰੀ ਲਿਨ ਫਿੰਡਲੇ ਦਾ ਡਿਪਟੀ ਚੀਫ਼ ਆਫ਼ ਸਟਾਫ਼ ਨਿਯੁਕਤ ਕਰ ਦਿੱਤਾ ਗਿਆ ਸੀ। ਇਸ ਘਟਨਾਕ੍ਰਮ ਨੂੰ ਵੀ ਮੌਜੂਦਾ ਵਿਵਾਦ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਇਆਨ ਪੈਟਨ ਦਾ ਮੰਨਣਾ ਹੈ ਕਿ ਪੁਲਿਸ ਇਸ ਮਾਮਲੇ ਵਿੱਚ ਹੋਰਨਾਂ ਵਿਧਾਇਕਾਂ ਤੋਂ ਵੀ ਪੁੱਛਗਿੱਛ ਕਰ ਰਹੀ ਹੈ ਅਤੇ ਮਾਮਲੇ ਨਾਲ ਜੁੜੇ ਹੋਰ ਤੱਥ ਇਕੱਠੇ ਕੀਤੇ ਜਾ ਰਹੇ ਹਨ। ਹਾਲਾਂਕਿ ਆਰ.ਸੀ.ਐੱਮ.ਪੀ. ਦੇ ਸਟਾਫ਼ ਸਾਰਜੈਂਟ ਕ੍ਰਿਸ ਕਲਾਰਕ ਨੇ ਕਿਹਾ ਹੈ ਕਿ ਪੁਲਿਸ ਨਿਯਮਾਂ ਅਨੁਸਾਰ ਦੋਸ਼ ਤੈਅ ਹੋਣ ਤੋਂ ਪਹਿਲਾਂ ਕਿਸੇ ਵੀ ਚੱਲ ਰਹੀ ਜਾਂਚ ਦੀ ਪੁਸ਼ਟੀ ਜਾਂ ਖੰਡਨ ਨਹੀਂ ਕਰਦੀ।

ਇਸ ਕਾਰਨ ਫਿੰਡਲੇ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਦੇ ਨਤੀਜੇ ’ਤੇ ਸਾਰਿਆਂ ਦੀ ਨਜ਼ਰ ਟਿਕੀ ਹੋਈ ਹੈ। ਮਾਮਲਾ ਸਿਰਫ਼ ਪਾਰਟੀ ਦੀ ਅੰਦਰੂਨੀ ਸਿਆਸਤ ਤੱਕ ਸੀਮਤ ਨਹੀਂ ਰਿਹਾ, ਸਗੋਂ ਚੁਣੇ ਹੋਏ ਨੁਮਾਇੰਦੇ ਨੂੰ ਅਹੁਦਾ ਛੱਡਣ ਦੇ ਬਦਲੇ ਕਿਸੇ ਤਰ੍ਹਾਂ ਦਾ ਲਾਭ ਦੇਣ ਸਬੰਧੀ ਕਾਨੂੰਨੀ ਪੱਖ ਵੀ ਇਸ ਵਿਵਾਦ ਨੂੰ ਹੋਰ ਗੰਭੀਰ ਬਣਾ ਰਿਹਾ ਹੈ।

# ਡਾਊਨਟਾਊਨ ਕਲੋਨਾ ਦੇ ਨਸ਼ਾ ਨਿਗਰਾਨੀ ਕੇਂਦਰ ਨੂੰ ਬੰਦ ਕਰਨ ਦੀ ਮੰਗ, ਸਿਟੀ ਕੌਂਸਲ ਨੇ ਫੈਡਰਲ ਸਰਕਾਰ ਨੂੰ ਲਿਖਿਆ ਪੱਤਰ

### ਮੇਅਰ ਟੌਮ ਡਾਇਸ ਨੇ 2027 ਵਿੱਚ ਕੇਂਦਰ ਦੇ ਨਵੀਨੀਕਰਨ ਨੂੰ ਮਨਜ਼ੂਰੀ ਨਾ ਦੇਣ ਦੀ ਕੀਤੀ ਅਪੀਲ

**ਵੈਨਕੂਵਰ :** ਕਲੋਨਾ ਸਿਟੀ ਕੌਂਸਲ ਨੇ ਸ਼ਹਿਰ ਦੇ ਡਾਊਨਟਾਊਨ ਇਲਾਕੇ ਵਿੱਚ ਸਥਿਤ ਨਸ਼ਾ ਨਿਗਰਾਨੀ ਕੇਂਦਰ ਨੂੰ ਪੱਕੇ ਤੌਰ ’ਤੇ ਬੰਦ ਕਰਨ ਦੀ ਮੰਗ ਕੀਤੀ ਹੈ। ਮੇਅਰ ਟੌਮ ਡਾਇਸ ਨੇ ਕੌਂਸਲ ਦੀ ਤਰਫ਼ੋਂ ਫੈਡਰਲ ਸਿਹਤ ਮੰਤਰਾਲੇ ਨੂੰ ਇੱਕ ਰਸਮੀ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਸਾਲ 2027 ਵਿੱਚ ਇਸ ਕੇਂਦਰ ਦੇ ਨਵੀਨੀਕਰਨ ਨੂੰ ਮਨਜ਼ੂਰੀ ਨਾ ਦਿੱਤੀ ਜਾਵੇ।

ਮੇਅਰ ਵੱਲੋਂ ਭੇਜੇ ਗਏ ਪੱਤਰ ਵਿੱਚ ਸਿਹਤ ਕੈਨੇਡਾ ਨੂੰ 1649 ਪੈਂਡੋਸੀ ਸਟ੍ਰੀਟ ’ਤੇ ਸਥਿਤ ਆਊਟਰੀਚ ਅਰਬਨ ਹੈਲਥ ਕੇਂਦਰ ਨੂੰ ਬੰਦ ਕਰਨ ਲਈ ਕਿਹਾ ਗਿਆ ਹੈ। ਇਹ ਕੇਂਦਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਡਾਕਟਰੀ ਨਿਗਰਾਨੀ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਦਾ ਹੈ। ਹਾਲਾਂਕਿ, ਕੌਂਸਲ ਵੱਲੋਂ ਭੇਜੇ ਪੱਤਰ ਵਿੱਚ ਦੋਸ਼ ਲਾਇਆ ਗਿਆ ਹੈ ਕਿ ਇਹ ਸਾਈਟ ਹੁਣ ਆਮ ਲੋਕਾਂ ਅਤੇ ਸਥਾਨਕ ਵਪਾਰੀਆਂ ਲਈ ਗੰਭੀਰ ਸੁਰੱਖਿਆ ਖ਼ਤਰਾ ਬਣ ਚੁੱਕੀ ਹੈ।

ਪੱਤਰ ਅਨੁਸਾਰ ਸਾਲ 2021 ਵਿੱਚ ਇਸ ਸਾਈਟ ਦੇ ਖੁੱਲ੍ਹਣ ਤੋਂ ਲੈ ਕੇ ਹੁਣ ਤੱਕ ਆਰ.ਸੀ.ਐੱਮ.ਪੀ. ਨੂੰ ਇਸ ਖੇਤਰ ਵਿੱਚੋਂ 3,466 ਐਮਰਜੈਂਸੀ ਸ਼ਿਕਾਇਤਾਂ ਮਿਲ ਚੁੱਕੀਆਂ ਹਨ। ਇਨ੍ਹਾਂ ਸ਼ਿਕਾਇਤਾਂ ਵਿੱਚ ਗੈਂਗ ਗਤੀਵਿਧੀਆਂ, ਹਥਿਆਰਾਂ ਨਾਲ ਹਮਲੇ, ਨਸ਼ਾ ਤਸਕਰੀ, ਚੋਰੀ ਦਾ ਸਮਾਨ ਵੇਚਣ, ਅੱਗਜ਼ਨੀ ਅਤੇ ਨਸ਼ੇ ਦੀ ਵੱਧ ਮਾਤਰਾ ਕਾਰਨ ਬੇਹੋਸ਼ੀ ਜਾਂ ਗੰਭੀਰ ਹਾਲਤ ਵਰਗੇ ਮਾਮਲੇ ਸ਼ਾਮਲ ਹਨ।

ਇਸ ਤੋਂ ਇਲਾਵਾ, ਫਾਇਰ ਵਿਭਾਗ ਵੱਲੋਂ 371 ਮੈਡੀਕਲ ਕਾਲਾਂ ’ਤੇ ਕਾਰਵਾਈ ਕੀਤੀ ਗਈ ਹੈ,




ਜਦਕਿ ਬਾਈਲਾਅ ਵਿਭਾਗ ਨੇ 420 ਤੋਂ ਵੱਧ ਘਟਨਾਵਾਂ ਵਿੱਚ ਦਖ਼ਲ ਦਿੱਤਾ ਹੈ। ਕੌਂਸਲ ਦਾ ਕਹਿਣਾ ਹੈ ਕਿ ਇਨ੍ਹਾਂ ਘਟਨਾਵਾਂ ਦੀ ਗਿਣਤੀ ਇਹ ਦਰਸਾਉਂਦੀ ਹੈ ਕਿ ਕੇਂਦਰ ਦੇ ਆਲੇ-ਦੁਆਲੇ ਦੀ ਸਥਿਤੀ ਸਥਾਨਕ ਭਾਈਚਾਰੇ ਅਤੇ ਕਾਰੋਬਾਰੀਆਂ ਲਈ ਚਿੰਤਾ ਦਾ ਵਿਸ਼ਾ ਬਣ ਗਈ ਹੈ।

ਡਾਊਨਟਾਊਨ ਕਲੋਨਾ ਐਸੋਸੀਏਸ਼ਨ ਵੱਲੋਂ ਸਾਲ 2023 ਵਿੱਚ ਕਰਵਾਏ ਗਏ ਇੱਕ ਸਰਵੇਖਣ ਵਿੱਚ ਵੀ 89 ਫ਼ੀਸਦੀ ਕਾਰੋਬਾਰੀਆਂ ਨੇ ਕਿਹਾ ਸੀ ਕਿ ਇਸ ਸਾਈਟ ਦਾ ਸ਼ਹਿਰ ਦੇ ਵਪਾਰਕ ਮਾਹੌਲ ’ਤੇ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਹੈ। ਕਾਰੋਬਾਰੀਆਂ ਵੱਲੋਂ ਇਲਾਕੇ ਵਿੱਚ ਸੁਰੱਖਿਆ, ਨਸ਼ੇ ਨਾਲ ਜੁੜੀਆਂ ਗਤੀਵਿਧੀਆਂ ਅਤੇ ਜਨਤਕ ਥਾਵਾਂ ’ਤੇ ਵਧ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਗਈ ਸੀ।

ਮੇਅਰ ਟੌਮ ਡਾਇਸ ਨੇ ਕਿਹਾ ਕਿ ਸਿਟੀ ਕੌਂਸਲ ਨਸ਼ੇ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਦੀਆਂ ਸਿਹਤ ਲੋੜਾਂ ਨੂੰ ਸਮਝਦੀ ਹੈ ਅਤੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਸ਼ੇ ਦੀ ਲਤ ਨਾਲ ਪੀੜਤ ਲੋਕਾਂ ਨੂੰ ਸਿਹਤ ਸੇਵਾਵਾਂ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ। ਪਰ ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਇਲਾਕੇ ਵਿੱਚ ਅਪਰਾਧ ਅਤੇ ਸੁਰੱਖਿਆ ਨਾਲ ਜੁੜੀਆਂ ਸਮੱਸਿਆਵਾਂ ਵਿੱਚ ਹੋ ਰਹੇ ਵਾਧੇ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਕੌਂਸਲ ਨੇ ਬੀ.ਸੀ. ਸਰਕਾਰ ਨੂੰ ਓਕਾਨਾਗਨ ਖੇਤਰ ਵਿੱਚ ਇੱਕ ਖੇਤਰੀ ਲਾਜ਼ਮੀ ਦੇਖਭਾਲ ਕੇਂਦਰ ਸਥਾਪਤ ਕਰਨ ਦੀ ਆਪਣੀ ਮੰਗ ਵੀ ਦੁਹਰਾਈ ਹੈ। ਕੌਂਸਲ ਦਾ ਮੰਨਣਾ ਹੈ ਕਿ ਨਸ਼ੇ ਦੀ ਲਤ ਨਾਲ ਜੂਝ ਰਹੇ ਲੋਕਾਂ ਲਈ ਸਿਹਤ ਸੇਵਾਵਾਂ ਅਤੇ ਲਾਜ਼ਮੀ ਦੇਖਭਾਲ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਇਲਾਜ ਅਤੇ ਸਹਾਇਤਾ ਦੇ ਨਾਲ-ਨਾਲ ਜਨਤਕ ਸੁਰੱਖਿਆ ਨੂੰ ਵੀ ਯਕੀਨੀ ਬਣਾਇਆ ਜਾ ਸਕੇ।

ਜ਼ਿਕਰਯੋਗ ਹੈ ਕਿ ਇਸ ਸਾਲ ਓਕਾਨਾਗਨ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਕਾਰਨ 70 ਮੌਤਾਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਇਕੱਲੇ ਕਲੋਨਾ ਸ਼ਹਿਰ ਵਿੱਚ 37 ਮੌਤਾਂ ਹੋਈਆਂ ਹਨ। ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਅਤੇ ਇਨ੍ਹਾਂ ਨਾਲ ਜੁੜੀਆਂ ਸਮਾਜਿਕ ਤੇ ਸੁਰੱਖਿਆ ਸਮੱਸਿਆਵਾਂ ਦੇ ਮੱਦੇਨਜ਼ਰ ਨਸ਼ਾ ਨਿਗਰਾਨੀ ਕੇਂਦਰ ਦੇ ਭਵਿੱਖ ਨੂੰ ਲੈ ਕੇ ਚਰਚਾ ਹੋਰ ਤੇਜ਼ ਹੋ ਗਈ ਹੈ।

ਹੁਣ ਕਲੋਨਾ ਸਿਟੀ ਕੌਂਸਲ ਵੱਲੋਂ ਫੈਡਰਲ ਸਿਹਤ ਮੰਤਰਾਲੇ ਨੂੰ ਕੀਤੀ ਗਈ ਅਪੀਲ ’ਤੇ ਅਗਲਾ ਫ਼ੈਸਲਾ ਕੇਂਦਰ ਸਰਕਾਰ ਵੱਲੋਂ ਲਿਆ ਜਾਣਾ ਹੈ। ਜੇਕਰ ਕੇਂਦਰ ਦੇ ਨਵੀਨੀਕਰਨ ਨੂੰ ਮਨਜ਼ੂਰੀ ਨਾ ਮਿਲੀ ਤਾਂ ਡਾਊਨਟਾਊਨ ਕਲੋਨਾ ਵਿੱਚ ਨਸ਼ਾ ਸਬੰਧੀ ਸੇਵਾਵਾਂ ਦੇ ਮੌਜੂਦਾ ਪ੍ਰਬੰਧ ਵਿੱਚ ਵੱਡਾ ਬਦਲਾਅ ਆ ਸਕਦਾ ਹੈ।

# ਸਪਰੈੱਡਸ਼ੀਟ ਦੀ ਇੱਕ ਗ਼ਲਤੀ ਨੇ ਬੀ.ਸੀ. ਸਰਕਾਰ ਦੇ ਖ਼ਜ਼ਾਨੇ ’ਤੇ ਪਾਇਆ 1.46 ਅਰਬ ਡਾਲਰ ਦਾ ਬੋਝ

### ਕੁਦਰਤੀ ਗੈਸ ਰਾਇਲਟੀ ਦੇ ਹਿਸਾਬ ਵਿੱਚ ਵੱਡੀ ਗੜਬੜ ਦਾ ਖੁਲਾਸਾ; ਵਿਰੋਧੀ ਧਿਰ ਨੇ ਸਰਕਾਰ ਦੀ ਕਾਰਗੁਜ਼ਾਰੀ ’ਤੇ ਚੁੱਕੇ ਸਵਾਲ




**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਸਰਕਾਰ ਨੂੰ ਕੁਦਰਤੀ ਗੈਸ ਦੀ ਰਾਇਲਟੀ ਦੇ ਹਿਸਾਬ-ਕਿਤਾਬ ਵਿੱਚ ਹੋਈ ਇੱਕ ਵੱਡੀ ਗ਼ਲਤੀ ਕਾਰਨ ਮੌਜੂਦਾ ਸਾਲ ਅਤੇ ਆਉਣ ਵਾਲੇ ਚਾਰ ਸਾਲਾਂ ਦੌਰਾਨ ਕੁੱਲ ਲਗਭਗ 1.462 ਅਰਬ ਡਾਲਰ ਦੇ ਅਨੁਮਾਨਿਤ ਮਾਲੀਏ ਦੀ ਕਟੌਤੀ ਕਰਨੀ ਪਵੇਗੀ। ਸਰਕਾਰ ਨੇ ਇਸ ਗੜਬੜ ਲਈ ਕੰਪਿਊਟਰ ਸਪਰੈੱਡਸ਼ੀਟ ਵਿੱਚ ਹੋਈ ਗ਼ਲਤੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਮੁੱਖ ਮੰਤਰੀ ਡੇਵਿਡ ਏਬੀ ਨੇ ਇਸ ਮਾਮਲੇ ’ਤੇ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ ਕਿ ਉਹ ਇਸ ਘਟਨਾਕ੍ਰਮ ਤੋਂ ਬਿਲਕੁਲ ਵੀ ਖ਼ੁਸ਼ ਨਹੀਂ ਹਨ। ਸਰਕਾਰ ਵੱਲੋਂ ਮਾਮਲੇ ਦੀ ਜਾਂਚ ਤੋਂ ਬਾਅਦ ਇਹ ਸਾਹਮਣੇ ਆਇਆ ਕਿ ਰਾਇਲਟੀ ਦੀ ਗਣਨਾ ਕਰਦੇ ਸਮੇਂ ਮੁਦਰਾ ਬਦਲਾਅ ਨਾਲ ਜੁੜੀ ਗ਼ਲਤੀ ਹੋਈ ਸੀ।

ਮੰਤਰਾਲੇ ਦੇ ਅਧਿਕਾਰੀਆਂ ਨੇ ਇੱਕ ਵਿਸ਼ੇਸ਼ ਪੱਤਰਕਾਰ ਮਿਲਣੀ ਦੌਰਾਨ ਦੱਸਿਆ ਕਿ ਸਪਰੈੱਡਸ਼ੀਟ ਵਿੱਚ ਕੈਨੇਡੀਅਨ ਡਾਲਰਾਂ ਨੂੰ ਗ਼ਲਤੀ ਨਾਲ ਅਮਰੀਕੀ ਡਾਲਰ ਸਮਝ ਲਿਆ ਗਿਆ। ਇਸ ਤੋਂ ਬਾਅਦ ਮੁਦਰਾ ਬਦਲਾਅ ਦੀ ਇੱਕ ਬੇਲੋੜੀ ਕਾਰਵਾਈ ਕਰ ਦਿੱਤੀ ਗਈ, ਜਿਸ ਕਾਰਨ ਸਰਕਾਰ ਵੱਲੋਂ ਕੁਦਰਤੀ ਗੈਸ ਤੋਂ ਹੋਣ ਵਾਲੀ ਰਾਇਲਟੀ ਅਤੇ ਮਾਲੀਏ ਦਾ ਅਨੁਮਾਨ ਅਸਲ ਨਾਲੋਂ ਕਾਫ਼ੀ ਵੱਧ ਦਿਖਾਈ ਦੇਣ ਲੱਗਾ।

ਊਰਜਾ ਅਤੇ ਜਲਵਾਯੂ ਹੱਲ ਮੰਤਰੀ ਐਡਰੀਅਨ ਡਿਕਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਇੱਕ ਮਨੁੱਖੀ ਭੁੱਲ ਸੀ। ਉਨ੍ਹਾਂ ਮੁਤਾਬਕ ਇਸ ਗ਼ਲਤੀ ਕਾਰਨ ਸਰਕਾਰ ਦੇ ਮਾਲੀਏ ਦਾ ਅਨੁਮਾਨ ਬਹੁਤ ਜ਼ਿਆਦਾ ਦਰਸਾਇਆ ਗਿਆ, ਜਿਸ ਨੂੰ ਹੁਣ ਸੋਧਣਾ ਪੈ ਰਿਹਾ ਹੈ।

ਇਸ ਮਨੁੱਖੀ ਗ਼ਲਤੀ ਦੇ ਨਤੀਜੇ ਵਜੋਂ ਸੂਬਾ ਸਰਕਾਰ ਨੂੰ ਮੌਜੂਦਾ ਸਾਲ ਅਤੇ ਅਗਲੇ ਚਾਰ ਸਾਲਾਂ ਦੌਰਾਨ ਆਪਣੇ ਸਾਲਾਨਾ ਮਾਲੀਏ ਦੇ ਅਨੁਮਾਨ ਵਿੱਚ ਲਗਭਗ 300 ਮਿਲੀਅਨ ਡਾਲਰ ਪ੍ਰਤੀ ਸਾਲ ਦੀ ਕਮੀ ਕਰਨੀ ਪਵੇਗੀ। ਇਸ ਤਰ੍ਹਾਂ ਕੁੱਲ ਮਿਲਾ ਕੇ ਸਰਕਾਰੀ ਖ਼ਜ਼ਾਨੇ ਦੇ ਅਨੁਮਾਨਾਂ ਵਿੱਚ ਲਗਭਗ 1.462 ਅਰਬ ਡਾਲਰ ਦੀ ਕਟੌਤੀ ਹੋਵੇਗੀ।

ਇਹ ਰਾਇਲਟੀ ਸੂਬੇ ਦੀਆਂ ਜਨਤਕ ਜ਼ਮੀਨਾਂ ਤੋਂ ਕੱਢੀ ਜਾਣ ਵਾਲੀ ਕੁਦਰਤੀ ਗੈਸ ਤੋਂ ਹੋਣ ਵਾਲੀ ਕਮਾਈ ਵਿੱਚੋਂ ਸਰਕਾਰ ਵੱਲੋਂ ਵਸੂਲ ਕੀਤੀ ਜਾਂਦੀ ਹੈ। ਇਸ ਲਈ ਰਾਇਲਟੀ ਦੇ ਸਹੀ ਹਿਸਾਬ-ਕਿਤਾਬ ਨੂੰ ਸੂਬੇ ਦੀ ਆਮਦਨ ਅਤੇ ਭਵਿੱਖੀ ਵਿੱਤੀ ਯੋਜਨਾਬੰਦੀ ਲਈ ਅਹਿਮ ਮੰਨਿਆ ਜਾਂਦਾ ਹੈ।

ਇਸ ਗ਼ਲਤੀ ਦਾ ਖੁਲਾਸਾ ਸਭ ਤੋਂ ਪਹਿਲਾਂ ਜੁਲਾਈ ਮਹੀਨੇ ਵਿੱਚ ਟਰੀਟੀ 8 ਫਸਟ ਨੇਸ਼ਨਜ਼ ਵੱਲੋਂ ਮੁੱਖ ਮੰਤਰੀ ਨੂੰ ਲਿਖੇ ਇੱਕ ਪੱਤਰ ਰਾਹੀਂ ਹੋਇਆ ਸੀ। ਫਸਟ ਨੇਸ਼ਨਜ਼ ਦੇ ਇਸ ਸਮੂਹ ਨੇ ਦੋਸ਼ ਲਾਇਆ ਸੀ ਕਿ ਸਰਕਾਰ ਰਾਇਲਟੀ ਦੀ ਗਣਨਾ ਕਰਦੇ ਸਮੇਂ ਆਵਾਜਾਈ ਨਾਲ ਜੁੜੇ ਖ਼ਰਚਿਆਂ ਨੂੰ ਸਹੀ ਢੰਗ ਨਾਲ ਸ਼ਾਮਲ ਕਰਨ ਵਿੱਚ ਨਾਕਾਮ ਰਹੀ ਹੈ।

ਟਰੀਟੀ 8 ਵੱਲੋਂ ਸਰਕਾਰ ਦੀ ਕਾਰਗੁਜ਼ਾਰੀ ’ਤੇ ਸਵਾਲ ਚੁੱਕਦਿਆਂ ਕਿਹਾ ਗਿਆ ਸੀ ਕਿ ਸਰਕਾਰ ਵੱਲੋਂ ਇੱਕ ਤੋਂ ਬਾਅਦ ਇੱਕ ਗ਼ਲਤੀਆਂ ਕੀਤੀਆਂ ਜਾ ਰਹੀਆਂ ਹਨ। ਸਮੂਹ ਨੇ ਇਹ ਚੇਤਾਵਨੀ ਵੀ ਦਿੱਤੀ ਸੀ ਕਿ 1 ਜਨਵਰੀ 2027 ਤੋਂ ਲਾਗੂ ਹੋਣ ਵਾਲਾ ਨਵਾਂ ਰਾਇਲਟੀ ਢਾਂਚਾ ਵੀ ਕਈ ਤਰੁੱਟੀਆਂ ਨਾਲ ਭਰਪੂਰ ਹੈ।

ਦੂਜੇ ਪਾਸੇ ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੁਤੰਤਰ ਮਾਹਿਰਾਂ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਮੌਜੂਦਾ ਵੱਡੀ ਗੜਬੜ ਦਾ ਮੁੱਖ ਕਾਰਨ ਮੁਦਰਾ ਬਦਲਾਅ ਨਾਲ ਸਬੰਧਤ ਗ਼ਲਤੀ ਸੀ।

ਹਾਲਾਂਕਿ, ਟਰੀਟੀ 8 ਦੇ ਵਕੀਲ ਜੇਮਜ਼ ਟੇਟ ਨੇ ਕਿਹਾ ਹੈ ਕਿ ਉਨ੍ਹਾਂ ਦੇ ਤਕਨੀਕੀ ਮਾਹਿਰ ਸਰਕਾਰ ਵੱਲੋਂ ਦਿੱਤੇ ਜਵਾਬ ਦੀ ਸਮੀਖਿਆ ਕਰ ਰਹੇ ਹਨ। ਇਸ ਕਾਰਨ ਰਾਇਲਟੀ ਦੀ ਗਣਨਾ ਅਤੇ ਨਵੇਂ ਢਾਂਚੇ ਨੂੰ ਲੈ ਕੇ ਵਿਵਾਦ ਅਜੇ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ ਅਤੇ ਮਾਮਲੇ ’ਤੇ ਅੱਗੇ ਵੀ ਚਰਚਾ ਜਾਰੀ ਰਹਿਣ ਦੀ ਸੰਭਾਵਨਾ ਹੈ।

# ਕੈਨੇਡੀਅਨ ਮਹਿਲਾ ਕੈਡੇਟਾਂ ਦਾ ਮਜ਼ਾਕ ਉਡਾਉਣ ’ਤੇ ਅਮਰੀਕੀ ਰੱਖਿਆ ਮੰਤਰੀ ਘਿਰੇ

### ਡੇਵਿਡ ਮੈਕਗਿੰਟੀ ਨੇ ਪੀਟ ਹੈਗਸੇਥ ਦੀ ਸੋਸ਼ਲ ਮੀਡੀਆ ਪੋਸਟ ਨੂੰ ਦੱਸਿਆ ਅਹੁਦੇ ਦੀ ਮਰਿਆਦਾ ਦੇ ਉਲਟ; ਮਾਰਕ ਕਾਰਨੀ ਨੇ ਵੀ ਕੀਤੀ ਸਖ਼ਤ ਨਿਖੇਧੀ

**ਵੈਨਕੂਵਰ :** ਕੈਨੇਡਾ ਦੇ ਰੱਖਿਆ ਮੰਤਰੀ ਡੇਵਿਡ ਮੈਕਗਿੰਟੀ ਨੇ ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਵੱਲੋਂ ਦੋ ਕੈਨੇਡੀਅਨ ਮਹਿਲਾ ਕੈਡੇਟਾਂ ਦਾ ਮਜ਼ਾਕ ਉਡਾਉਂਦੀ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ ਗਈ ਪੋਸਟ ’ਤੇ ਸਖ਼ਤ ਇਤਰਾਜ਼ ਜਤਾਇਆ ਹੈ। ਮੈਕਗਿੰਟੀ ਨੇ ਕਿਹਾ ਕਿ ਹੈਗਸੇਥ ਦੀ ਇਹ ਕਾਰਵਾਈ ਉਨ੍ਹਾਂ ਦੇ ਉੱਚ ਸੰਵਿਧਾਨਕ ਅਹੁਦੇ ਦੀ ਮਰਿਆਦਾ ਦੇ ਬਿਲਕੁਲ ਉਲਟ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਅਮਰੀਕੀ ਰੱਖਿਆ ਮੰਤਰੀ ਦੀ ਇਸ ਪੋਸਟ ਦੀ ਨਿਖੇਧੀ ਕਰਦਿਆਂ ਇਸ ਨੂੰ ਬੇਹੱਦ ਘਟੀਆ ਕਰਾਰ ਦਿੱਤਾ ਹੈ। ਇਸ ਮਾਮਲੇ ਨੂੰ ਲੈ ਕੇ ਕੈਨੇਡਾ ਵਿੱਚ ਅਮਰੀਕੀ ਰੱਖਿਆ ਮੰਤਰੀ ਦੇ ਵਤੀਰੇ ’ਤੇ ਸਵਾਲ ਉੱਠ ਰਹੇ ਹਨ।

ਇਹ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ ਸਾਬਕਾ ਟੈਲੀਵਿਜ਼ਨ ਐਂਕਰ ਅਤੇ ਮੌਜੂਦਾ ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਵਰਣਨ, ਬ੍ਰਿਟਿਸ਼ ਕੋਲੰਬੀਆ ਸਥਿਤ ਕੈਡੇਟ ਸਿਖਲਾਈ ਕੇਂਦਰ ਦੀ ਇੱਕ ਤਸਵੀਰ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ। ਤਸਵੀਰ ਵਿੱਚ ਦੋ ਮਹਿਲਾ ਕੈਡੇਟਾਂ ਵਰਦੀ ਵਿੱਚ ਨਜ਼ਰ ਆ ਰਹੀਆਂ ਸਨ।

ਹੈਗਸੇਥ ਨੇ ਇਸ ਤਸਵੀਰ ਨਾਲ ਇੱਕ ਛੋਟਾ ਜਿਹਾ ਸੁਨੇਹਾ ਲਿਖਿਆ, ਜਿਸ ਨੂੰ ਕੈਨੇਡਾ ਵਿੱਚ ਮਹਿਲਾ ਕੈਡੇਟਾਂ ਦੇ ਪਹਿਰਾਵੇ ਅਤੇ ਦਿੱਖ ਦਾ ਮਜ਼ਾਕ ਉਡਾਉਣ ਵਜੋਂ ਦੇਖਿਆ ਗਿਆ। ਪੋਸਟ ਸਾਹਮਣੇ



ਆਉਣ ਤੋਂ ਬਾਅਦ ਇਸ ਦਾ ਕੈਨੇਡਾ ਭਰ ਵਿੱਚ ਵਿਰੋਧ ਹੋਣ ਲੱਗਾ ਅਤੇ ਅਮਰੀਕੀ ਰੱਖਿਆ ਮੰਤਰੀ ਦੀ ਆਲੋਚਨਾ ਕੀਤੀ ਗਈ।

ਕੈਨੇਡਾ ਦੇ ਰੱਖਿਆ ਮੰਤਰੀ ਡੇਵਿਡ ਮੈਕਗਿੰਟੀ ਨੇ ਕਿਹਾ ਕਿ ਭਾਵੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨਾਲ ਜੁੜੇ ਕੁਝ ਮੰਤਰੀਆਂ ਦਾ ਰਵੱਈਆ ਦਿਖਾਵੇ ਵਾਲਾ ਜਾਂ ਉਕਸਾਉਣ ਵਾਲਾ ਹੋ ਸਕਦਾ ਹੈ, ਪਰ ਇਸ ਦੇ ਬਾਵਜੂਦ ਕੈਨੇਡਾ ਅਤੇ ਅਮਰੀਕਾ ਵਿਚਾਲੇ ਫ਼ੌਜੀ ਸਹਿਯੋਗ ਪਹਿਲਾਂ ਵਾਂਗ ਜਾਰੀ ਰਹੇਗਾ।

ਦੂਜੇ ਪਾਸੇ ਅਮਰੀਕੀ ਰੱਖਿਆ ਵਿਭਾਗ ਦੇ ਬੁਲਾਰੇ ਨੇ ਇਸ ਮਾਮਲੇ ’ਤੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਕੀਤੀ ਗਈ ਪੋਸਟ ਆਪਣੇ ਆਪ ਵਿੱਚ ਸਭ ਕੁਝ ਸਪੱਸ਼ਟ ਕਰਦੀ ਹੈ।

ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਏਬੀ ਨੇ ਵੀ ਪੀਟ ਹੈਗਸੇਥ ਦੇ ਵਤੀਰੇ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਅਮਰੀਕਾ ਈਰਾਨ ਨਾਲ ਜੰਗ ਵਿੱਚ ਉਲਝਿਆ ਹੋਇਆ ਹੈ, ਜਿਸ ਨੂੰ ਕੁਝ ਦਿਨਾਂ ਵਿੱਚ ਖ਼ਤਮ ਹੋ ਜਾਣਾ ਚਾਹੀਦਾ ਸੀ, ਜਦਕਿ ਦੂਜੇ ਪਾਸੇ ਅਮਰੀਕੀ ਫ਼ੌਜੀ ਅਗਵਾਈ ਉਨ੍ਹਾਂ ਵਾਲੰਟੀਅਰ ਕੈਡੇਟਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਜੋ ਨਿਰਸਵਾਰਥ ਭਾਵਨਾ ਨਾਲ ਸੇਵਾ ਕਰ ਰਹੇ ਹਨ।


ਏਬੀ ਨੇ ਇਸ ਗੱਲ ’ਤੇ ਵੀ ਨਾਰਾਜ਼ਗੀ ਜ਼ਾਹਰ ਕੀਤੀ ਕਿ ਕੈਨੇਡਾ ਦੇ ਨੌਜਵਾਨ ਕੈਡੇਟਾਂ ਦੀ ਹੌਸਲਾ-ਅਫ਼ਜ਼ਾਈ ਕਰਨ ਦੀ ਬਜਾਏ ਉਨ੍ਹਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਉਨ੍ਹਾਂ ਮੁਤਾਬਕ ਅਜਿਹਾ ਵਤੀਰਾ ਦੋਹਾਂ ਗੁਆਂਢੀ ਮੁਲਕਾਂ ਵਿਚਾਲੇ ਸਬੰਧਾਂ ਅਤੇ ਆਪਸੀ ਸਨਮਾਨ ਦੀ ਭਾਵਨਾ ਦੇ ਅਨੁਕੂਲ ਨਹੀਂ ਹੈ।

ਜ਼ਿਕਰਯੋਗ ਹੈ ਕਿ ਅਗਸਤ ਦੇ ਅਖੀਰ ਵਿੱਚ ਕੈਨੇਡਾ ਅਤੇ ਅਮਰੀਕਾ ਵਿਚਾਲੇ ਵਪਾਰਕ ਗੱਲਬਾਤ ਟੁੱਟਣ ਤੋਂ ਬਾਅਦ ਟਰੰਪ ਪ੍ਰਸ਼ਾਸਨ ਦੇ ਮੰਤਰੀਆਂ ਵੱਲੋਂ ਕੈਨੇਡੀਅਨ ਫ਼ੌਜ ਦਾ ਮਜ਼ਾਕ ਉਡਾਉਣ ਜਾਂ ਇਸ ਦੀ ਰੱਖਿਆ ਸਮਰੱਥਾ ’ਤੇ ਟਿੱਪਣੀ ਕਰਨ ਦਾ ਇਹ ਤੀਜਾ ਮਾਮਲਾ ਦੱਸਿਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਅਮਰੀਕੀ ਆਵਾਜਾਈ ਮੰਤਰੀ ਸੀਨ ਡਫੀ ਅਤੇ ਖ਼ਜ਼ਾਨਾ ਮੰਤਰੀ ਸਕੌਟ ਬੇਸੈਂਟ ਵੀ ਕੈਨੇਡਾ ਦੀ ਰੱਖਿਆ ਸਮਰੱਥਾ ਨੂੰ ਲੈ ਕੇ ਵਿਅੰਗਾਤਮਕ ਟਿੱਪਣੀਆਂ ਕਰ ਚੁੱਕੇ ਹਨ। ਇਨ੍ਹਾਂ ਲਗਾਤਾਰ ਘਟਨਾਵਾਂ ਕਾਰਨ ਕੈਨੇਡਾ ਅਤੇ ਅਮਰੀਕਾ ਵਿਚਾਲੇ ਪਹਿਲਾਂ ਤੋਂ ਤਣਾਅਪੂਰਨ ਮਾਹੌਲ ਵਿੱਚ ਹੋਰ ਕੜਵਾਹਟ ਪੈਦਾ ਹੋਣ ਦੇ ਖ਼ਦਸ਼ੇ ਜ਼ਾਹਰ ਕੀਤੇ ਜਾ ਰਹੇ ਹਨ।

# ਸਰਕਾਰੀ ਡਾਇਰੈਕਟਰੀ ਬੰਦ ਕਰਨ ਦਾ ਮੁੱਦਾ ਭਖਿਆ

## ਐਮ ਐਲ ਏ ਮਨਦੀਪ ਧਾਲੀਵਾਲ ਵੱਲੋਂ ਲੋਕਾਂ ਨੂੰ ਵਿਰੋਧ ਦਰਜ ਕਰਵਾਉਣ ਦੀ ਅਪੀਲ”



**ਸਰੀ, (ਹਰਦਮ ਮਾਨ)–** ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਸਰਕਾਰੀ ਮੁਲਾਜ਼ਮਾਂ ਦੀ ਆਨਲਾਈਨ ਡਾਇਰੈਕਟਰੀ ਤੱਕ ਜਨਤਕ ਪਹੁੰਚ ਖਤਮ ਕੀਤੇ ਜਾਣ ਦੇ ਫੈਸਲੇ ਨੂੰ ਲੈ ਕੇ ਸਿਆਸੀ ਅਤੇ ਜਨਤਕ ਪੱਧਰ ’ਤੇ ਚਰਚਾ ਤੇਜ਼ ਹੋ ਗਈ ਹੈ। ਸਰੀ ਨੌਰਥ ਤੋਂ ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਐਮਐਲਏ ਮਨਦੀਪ ਧਾਲੀਵਾਲ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਲੋਕਾਂ ਨੂੰ ਇਸ ਮੁੱਦੇ ’ਤੇ ਆਪਣਾ ਵਿਰੋਧ ਦਰਜ ਕਰਵਾਉਣ ਦੀ ਅਪੀਲ ਕੀਤੀ ਹੈ।

ਸ. ਧਾਲੀਵਾਲ ਵੱਲੋਂ ਨੇ ਕਿਹਾ ਹੈ ਕਿ ਸਰਕਾਰੀ ਡਾਇਰੈਕਟਰੀ ਦਹਾਕਿਆਂ ਤੋਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਸਰਕਾਰੀ ਵਿਭਾਗਾਂ ਅਤੇ ਅਧਿਕਾਰੀਆਂ ਤੱਕ ਪਹੁੰਚ ਬਣਾਉਣ ਦਾ ਇੱਕ ਮਹੱਤਵਪੂਰਨ ਸਾਧਨ ਰਹੀ ਹੈ। ਇਸ ਰਾਹੀਂ ਲੋਕ ਆਪਣੇ ਮਸਲਿਆਂ ਨਾਲ ਸਬੰਧਤ ਅਧਿਕਾਰੀ ਜਾਂ ਵਿਭਾਗ ਲੱਭ ਕੇ ਸਿੱਧਾ ਸੰਪਰਕ ਕਰ ਸਕਦੇ ਸਨ। ਪਰ 18 ਅਗਸਤ 2026 ਤੋਂ ਸਰਕਾਰ ਨੇ ਇਸ ਡਾਇਰੈਕਟਰੀ ਤੱਕ ਜਨਤਕ ਪਹੁੰਚ ਬੰਦ ਕਰ ਦਿੱਤੀ ਹੈ। ਇਹ ਡਾਇਰੈਕਟਰੀ 1930 ਦੇ ਦਹਾਕੇ ਤੋਂ ਮੌਜੂਦ ਰਹੀ ਹੈ ਅਤੇ ਇਸ ਵਿੱਚ ਸਰਕਾਰੀ ਕਰਮਚਾਰੀਆਂ ਦੇ ਨਾਮ, ਵਿਭਾਗ, ਕੰਮਕਾਜੀ ਫੋਨ ਨੰਬਰ ਅਤੇ ਈਮੇਲ ਪਤੇ ਵਰਗੀ ਜਾਣਕਾਰੀ ਉਪਲਬਧ ਹੁੰਦੀ ਸੀ।

ਬੀ.ਸੀ. ਸਰਕਾਰ ਨੇ ਇਹ ਕਦਮ ਸਾਈਬਰ ਸੁਰੱਖਿਆ ਅਤੇ ਸਰਕਾਰੀ ਕਰਮਚਾਰੀਆਂ ਦੀ ਨਿੱਜਤਾ ਨਾਲ ਜੁੜੇ ਖਤਰਿਆਂ ਦਾ ਹਵਾਲਾ ਦਿੰਦਿਆਂ ਚੁੱਕਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਸਾਈਬਰ ਹਮਲਿਆਂ ਦੀ ਗਿਣਤੀ ਵਧ ਰਹੀ ਹੈ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਵਧਦੇ ਇਸਤੇਮਾਲ ਨਾਲ ਜਨਤਕ ਤੌਰ ’ਤੇ ਉਪਲਬਧ ਜਾਣਕਾਰੀ ਨੂੰ ਇਕੱਠਾ ਕਰਕੇ ਨਿਸ਼ਾਨਾਬੱਧ ਹਮਲੇ ਕਰਨਾ ਹੋਰ ਆਸਾਨ ਹੋ ਗਿਆ ਹੈ। ਸਰਕਾਰ ਨੇ ਇਹ ਵੀ ਕਿਹਾ ਹੈ ਕਿ ਉਹ ਇੱਕ ਨਵਾਂ ਡਾਇਰੈਕਟਰੀ ਪੇਜ ਤਿਆਰ ਕਰੇਗੀ, ਜਿਸ ਵਿੱਚ ਸੀਨੀਅਰ ਅਧਿਕਾਰੀਆਂ ਅਤੇ ਸਰਕਾਰੀ ਮੰਤਰਾਲਿਆਂ ਦੇ ਸੰਪਰਕ ਵੇਰਵੇ ਉਪਲਬਧ ਕਰਵਾਏ ਜਾਣਗੇ।

ਦੂਜੇ ਪਾਸੇ ਐਮਐਲਏ ਮਨਦੀਪ ਧਾਲੀਵਾਲ ਦਾ ਮੰਨਣਾ ਹੈ ਕਿ ਸਰਕਾਰੀ ਕਰਮਚਾਰੀਆਂ ਦੀ ਨਿੱਜਤਾ ਦੀ ਰੱਖਿਆ ਅਤੇ ਲੋਕਾਂ ਦੀ ਸਰਕਾਰ ਤੱਕ ਸਿੱਧੀ ਪਹੁੰਚ, ਦੋਵੇਂ ਪੱਖਾਂ ਵਿਚਕਾਰ ਸੰਤੁਲਨ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਹੈ ਕਿ ਸਰਕਾਰੀ ਸੇਵਾਵਾਂ ਅਤੇ ਲੋਕਾਂ ਵਿਚਕਾਰ ਸਿੱਧੇ ਸੰਪਰਕ ਦੇ ਰਸਤੇ ਬੰਦ ਕਰਨਾ ਸਵੀਕਾਰਯੋਗ ਨਹੀਂ ਹੈ। ਧਾਲੀਵਾਲ ਨੇ ਲੋਕਾਂ ਨੂੰ ਇਸ ਮੁੱਦੇ ’ਤੇ ਇਕੱਠੇ ਹੋ ਕੇ ਸਰਕਾਰ ਨੂੰ ਆਪਣਾ ਇਤਰਾਜ਼ ਦੱਸਣ ਅਤੇ ਜਨਤਕ ਪਹੁੰਚ ਤੇ ਜਵਾਬਦੇਹੀ ਨੂੰ ਕਾਇਮ ਰੱਖਣ ਲਈ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

ਇਸੇ ਦੌਰਾਨ ਬੀ.ਸੀ. ਦੇ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਦੇ ਦਫ਼ਤਰ ਨੇ ਵੀ ਸਰਕਾਰ ਵੱਲੋਂ ਡਾਇਰੈਕਟਰੀ ਹਟਾਉਣ ਦੇ ਫੈਸਲੇ ਦੀ ਸਮੀਖਿਆ ਸ਼ੁਰੂ ਕਰ ਦਿੱਤੀ ਹੈ। ਕਮਿਸ਼ਨਰ ਮਾਈਕਲ ਹਾਰਵੇ ਨੇ ਕਿਹਾ ਹੈ ਕਿ ਸਾਈਬਰ ਸੁਰੱਖਿਆ ਦੇ ਖਤਰੇ ਗੰਭੀਰ ਹਨ ਪਰ ਜਨਤਾ ਲਈ ਕੋਈ ਕਾਰਗਰ ਬਦਲ ਮੁਹੱਈਆ ਕਰਵਾਏ ਬਿਨਾਂ ਡਾਇਰੈਕਟਰੀ ਹਟਾਉਣਾ ਪਾਰਦਰਸ਼ਤਾ ਸਬੰਧੀ ਮਹੱਤਵਪੂਰਨ ਸਵਾਲ ਖੜ੍ਹੇ ਕਰਦਾ ਹੈ।

# ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵਲੋਂ ਦੂਸਰਾ ਸਲਾਨਾ ਟੂਰਨਾਮੈਂਟ ਨਵੀਆਂ ਪੈੜਾਂ ਸਿਰਜਦਾ ਸਮਾਪਤ ਹੋਇਆ

## ਸੋਕਰ, ਹਾਕੀ, ਕੁਸ਼ਤੀ, ਬਾਸਕਿਟਬਾਲ, ਵਾਲੀਬਾਲ ਅਤੇ ਰੱਸਾਕਸ਼ੀ ਦੇ ਦਿਲਚਸਪ ਮੁਕਾਬਲੇ ਕਰਵਾਏ-









**ਵੈਨਕੂਵਰ (ਜੁਗਿੰਦਰ ਸਿੰਘ ਸੁੰਨੜ)–** ਸ਼ਹੀਦੋ ਕੀ ਚਿਤਾਉਂ ਪਰ ਲਗੇਂਗੇ ਹਰ ਬਰਸ ਮੇਲੇ ਦੇ ਕਥਨ ਅਨੁਸਾਰ ਗਦਰ ਪਾਰਟੀ ਦੇ ਯੋਧਿਆਂ ਅਤੇ ਬਬਰਾਂ ਦੀ ਯਾਦ ਨੂੰ ਸਮਰਪਿਤ ਸ਼ਹੀਦ ਕਰਮ ਸਿੰਘ (ਬਬਰ)) ਦੌਲਤਪੁਰ ਦੇ ਨਾਂ ਤੇ ਖਾਲਸਾ ਦੀਵਾਨ ਸੁਸਾਇਟ ਐਬਸਫੋਰਡ ਦੀ ਪ੍ਰਬੰਧਕ ਕਮੇਟੀ ਵੱਲੋਂ 28, 29, 30 ਅਗਸਤ ਨੂੰ ਡਬਲਿਊ ਜੀ ਮਾਊਂਟ ਸੈਕੰਡਰੀ ਸਕੂਲ ਵਿਚ ਟੂਰਨਾਮੈਂਟ ਦੇ ਖੇਡ ਮੈਦਾਨਾਂ ਵਿਚ ਕਰਵਾਇਆ ਗਿਆ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਜਿੰਦਰ ਸਿੰਘ ਰਾਜੂ ਢਿੱਲੋਂ, ਮੀਤ ਪ੍ਰਧਾਨ ਜਗਦੇਵ ਸਿੰਘ ਮੱਖਣ ਗਿੱਲ, ਜਨਰਲ ਸੈਕਟਰੀ ਲਖਵਿੰਦਰ ਸਿੰਘ ਬਰਾੜ ਤੇ ਹੋਰ ਅਹੁਦੇਦਾਰਾਂ ਵਿਚ ਸ਼ਾਮਿਲ ਗੁਰਵੀਰ ਸਿੰਘ ਬਰਾੜ, ਅਮਰ ਸਿੰਘ ਧਾਲੀਵਾਲ, ਬਲਹਾਰ ਸਿੰਘ ਤੱਖਰ, ਅਮਰਜੀਤ ਸਿੰਘ ਨਾਰੰਗ, ਮਨਜਿੰਦਰ ਸਿੰਘ ਔਜਲਾ, ਅਮਰੀਕ ਸਿੰਘ ਵਿਰਕ, ਸੁਰਜੀਤ ਸਿੰਘ ਸਿੱਧੂ, ਮਲਕੀਤ ਸਿੰਘ ਤੂਰ ਅਤੇ ਗੁਰਮੇਲ ਸਿੰਘ ਸੰਧੂ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਤੇ ਸੰਗਤਾਂ ਤੇ ਵਲੰਟੀਅਰਾਂ ਦੇ ਸਹਿਯੋਗ ਸਦਕਾ ਟੂਰਨਾਮੈਂਟ ਸਫਲਤਾ-ਪੂਰਨ ਸਮਾਪਤ ਹੋਇਆ। ਟੂਰਨਾਮੈਂਟ ਦੌਰਾਨ ਸੋਕਰ, ਹਾਕੀ, ਕੁਸ਼ਤੀ, ਬਾਸਕਿਟਬਾਲ, ਵਾਲੀਬਾਲ ਅਤੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਗਏ। ਐਬਸਫੋਰਡ ਦੀਆਂ ਖੁੱਲ੍ਹੀਆਂ ਗਰਾਂਉਡਾਂ ਅਤੇ ਮੌਸਮ ਨੂੰ ਮੁੱਖ ਰੱਖਦੇ ਹੋਏ ਵਾਲੀਬਾਲ ਤੇ ਬਾਸਕਿਟਬਾਲ ਦੇ ਮੁਕਾਬਲੇ ਵਾਸਤੇ ਸਕੂਲ ਦੇ ਹਾਲ ਦਾ ਪ੍ਰਬੰਧ ਕੀਤਾ ਗਿਆ। ਉਥੇ ਲੇਖਕ ਤੇ ਬੁਲਾਰੇ ਗੁਰਦੇਵ ਸਿੰਘ ਬਰਾੜ ਆਲਮਵਾਲਾ ਨੇ ਦੱਸਿਆ ਕਿ 1998 ਤੋਂ ਬਾਅਦ ਪ੍ਰਬੰਧਕ ਕਮੇਟੀ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ ਜਿਸ ਨਾਲ ਛੋਟੇ ਬੱਚੇ ਖੇਡਾਂ ਵਿਚ ਦਿਲਚਸਪੀ ਦਿਖਾ ਰਹੇ ਹਨ ਤੇ ਨਵੀਂ ਪੀੜੀ ਨੂੰ ਖੇਡਾਂ ਨਾਲ ਜੋੜਨ ਦਾ ਉੱਦਮ ਸ਼ਲਾਘਾਯੋਗ ਹੈ। ਖ਼ਾਲਸਾ ਦੀਵਾਨ ਸੁਸਾਇਟੀ ਦੇ ਵੈਨਕੂਵਰ ਦੇ ਪ੍ਰਧਾਨ ਰਣਜੀਤ ਸਿੰਘ ਹੇਅਰ, ਜੁਗਿੰਦਰ ਸਿੰਘ ਸੁੰਨੜ ਸੁਖਪਾਲ ਸਿੰਘ ਝੂਟੀ ਅਤੇ ਸੁਰਜੀਤ ਸਿੰਘ ਢਿੱਲੋਂ ਨੇ ਨਿੱਜੀ ਹਾਜ਼ਰੀ ਲੁਆਈ। ਵੈਨਕੂਵਰ ਸੁਸਾਇਟੀ ਵਲੋਂ ਟੂਰਨਾਮੈਂਟ ਲਈ ਮਾਇਕ ਸਹਾਇਤਾ ਲਈ ਚੈਕ ਵੀ ਭੇਟ ਕੀਤਾ ਗਿਆ। ਮਿਸ਼ਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੀ ਉਚੇਚੇ ਤੌਰ ਤੇ ਪਹੁੰਚੀ ਹੋਈ ਸੀ। ਕਰਮ ਸਿੰਘ (ਬਬਰ) ਦੌਲਤਪੁਰ ਨੇ ਭਾਰਤ ਦੀ ਆਜ਼ਾਦੀ ਵਾਸਤੇ ਕੈਨੇਡਾ ਦੇ ਸੁਖ ਤਿਆਗ ਕੇ ਭਾਰਤ ਵਿਚ ਸ਼ਹੀਦੀ ਦਿੱਤੀ ਤੇ ਗੁਰੂ ਘਰ ਨੂੰ 4 ਏਕੜ ਜ਼ਮੀਨ ਜਾਣ ਤੋਂ ਪਹਿਲਾਂ ਦਾਨ ਕਰ ਦਿੱਤੀ ਸੀ। ਉਨ੍ਹਾਂ ਦੀ ਯਾਦ ਵਿਚ ਦੂਸਰਾ ਖੇਡ ਮੇਲਾ ਸਫਲਤਾ ਪੂਰਵਕ ਸਮਾਪਤ ਹੋਇਆ।

ਇਸ ਮੌਕੇ ਕੰਸਰਵੇਟਿਵ ਐਮ.ਪੀ ਸੁਖਮਨ ਸਿੰਘ ਗਿੱਲ, ਐਮ ਪੀ ਬਰੈਡ ਵਿਸ, ਐਮ ਐਲ ਏ ਹਰਮਨ ਭੰਗੂ, ਐਮ ਐਲ ਏ ਬਰੂਸ ਬੈਨਮੈਨ, ਕੌਂਸਲਰ ਦੇਵ ਸਿੱਧੂ, ਕੌਂਸਲਰ ਉਮੀਦਵਾਰ ਜੈਗ ਸਿੱਧੂ, ਸਕੂਲ ਟਰੱਸਟੀ ਉਮੀਦਵਾਰ ਵਿਨੈਦੀਪ ਵੜੈਚ, ਸ ਅਵਤਾਰ ਸਿੰਘ ਰਾਜਾ ਗਿੱਲ, ਸ ਜਸਵੀਰ ਸਿੰਘ ਪੰਨੂ, ਸ ਕੁਲਦੀਪ ਸਿੰਘ ਸਿੱਧੂ ਸੀਨੀਅਰ ਮੈਨੇਜਰ ਖਾਲਸਾ ਕਰੈਡਿਟ ਯੂਨੀਅਨ, ਹਰਜੋਤ ਸੰਧੂ, ਸੁਰਿੰਦਰਪਾਲ ਗਰੇਵਾਲ ਤੋਂ ਇਲਾਵਾ ਹੋਰ ਸਥਾਨਕ ਨੇਤਾਵਾਂ ਨੇ ਹਾਜ਼ਰੀ ਲੁਆਈ। ਪ੍ਰਬੰਧਕਾਂ ਕਮੇਟੀ ਵਲੋਂ ਸਭ ਦਾ ਮਾਣ ਸਨਮਾਨ ਕੀਤਾ ਗਿਆ। ਸਾਰਿਆਂ ਪਤਵੰਤੇ ਸੱਜਣਾਂ ਨੇ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕੀਤੀ। ਲੰਗਰ ਪਾਣੀ ਦਾ ਬਹੁਤ ਵਧੀਆ ਇੰਤਜ਼ਾਮ ਕੀਤਾ ਗਿਆ ਸੀ। ਜੇਤੂ ਖਿਡਾਰੀਆਂ ਨੂੰ ਟਰਾਫ਼ੀਆਂ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਨਵੀਂ ਪੀੜੀ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਅਤੇ ਸਫਲਤਾਪੂਰਵਕ ਟੂਰਨਾਮੈਂਟ ਕਰਵਾਉਣ ਲਈ ਕਮੇਟੀ ਵਧਾਈ ਦੀ ਪਾਤਰ ਹੈ।

# ਹੌਨਵੀਰ ਰੰਧਾਵਾ ਵੱਲੋਂ ਸਿਟੀ ਹਾਲ ’ਚ ‘ਜ਼ੀਰੋ ਟੌਲਰੈਂਸ’ ਦਾ ਐਲਾਨ

**ਸਰੀ, ਬੀ.ਸੀ–** ਸਰੀ ਕੰਜ਼ਰਵੇਟਿਵ ਪਾਰਟੀ ਦੇ ਮੇਅਰ ਅਹੁਦੇ ਦੇ ਉਮੀਦਵਾਰ ਹੌਨਵੀਰ ਰੰਧਾਵਾ ਨੇ ਸਰੀ ਸਿਟੀ ਹਾਲ ਵਿੱਚ ਭ੍ਰਿਸ਼ਟਾਚਾਰ, ਧੋਖਾਧੜੀ, ਹਿੱਤਾਂ ਦੇ ਟਕਰਾਅ ਅਤੇ ਹੋਰ ਗੰਭੀਰ ਗਲਤ ਕੰਮਾਂ ਦੇ ਮਾਮਲਿਆਂ ਪ੍ਰਤੀ ‘ਜ਼ੀਰੋ ਟੌਲਰੈਂਸ ਪਾਲਿਸੀ’ ਅਪਣਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਮੇਅਰ ਬਣਨ ਦੀ ਸੂਰਤ ਵਿੱਚ ਜਨਤਕ ਭਰੋਸੇ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇਗੀ।

ਰੰਧਾਵਾ ਨੇ ਕਿਹਾ ਕਿ ਇਹ ਨੀਤੀ ਮੇਅਰ, ਕੌਂਸਲਰਾਂ, ਸਿਆਸੀ ਨਿਯੁਕਤੀਆਂ, ਸੀਨੀਅਰ ਅਧਿਕਾਰੀਆਂ, ਠੇਕੇਦਾਰਾਂ ਅਤੇ ਟੈਕਸਦਾਤਿਆਂ ਦੇ ਪੈਸੇ ਜਾਂ ਜਨਤਕ ਅਧਿਕਾਰ ਨਾਲ ਜੁੜੇ ਹਰ ਵਿਅਕਤੀ ’ਤੇ ਲਾਗੂ ਹੋਵੇਗੀ। ਉਨ੍ਹਾਂ ਅਨੁਸਾਰ ਭਰੋਸੇਯੋਗ ਦੋਸ਼ ਸਾਹਮਣੇ ਆਉਣ ’ਤੇ ਸਬੂਤ ਸੁਰੱਖਿਅਤ ਕਰਨ, ਸੁਤੰਤਰ ਜਾਂਚ ਕਰਵਾਉਣ ਅਤੇ ਲੋੜ ਪੈਣ ’ਤੇ ਮਾਮਲਾ ਪੁਲਿਸ ਜਾਂ ਹੋਰ ਸਬੰਧਤ ਸੰਸਥਾਵਾਂ ਨੂੰ ਭੇਜਣ ਦੀ ਵਿਵਸਥਾ ਕੀਤੀ ਜਾਵੇਗੀ।

ਰੰਧਾਵਾ ਨੇ ਸਿਟੀ ਹਾਲ ਵਿੱਚ ਇੱਕ ਸੁਤੰਤਰ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ ਬਣਾਉਣ ਦਾ ਵੀ ਪ੍ਰਸਤਾਵ ਰੱਖਿਆ। ਉਨ੍ਹਾਂ ਕਿਹਾ ਕਿ ਗਲਤ ਕੰਮ ਸਾਬਤ ਹੋਣ ’ਤੇ ਨੌਕਰੀ ਤੋਂ ਬਰਖ਼ਾਸਤਗੀ ਜਾਂ ਅਹੁਦੇ ਤੋਂ ਹਟਾਉਣ, ਜਨਤਕ ਪੈਸੇ ਦੀ ਵਸੂਲੀ ਅਤੇ ਕਾਨੂੰਨ ਅਨੁਸਾਰ ਅਪਰਾਧਿਕ ਜਾਂਚ ਲਈ ਮਾਮਲਾ ਭੇਜਣ ਵਰਗੇ ਕਦਮ ਚੁੱਕੇ ਜਾਣਗੇ। ਨਾਲ ਹੀ ਗਲਤ ਕੰਮ ਦੀ ਜਾਣਕਾਰੀ ਦੇਣ ਵਾਲੇ ਵਿਅਕਤੀਆਂ ਦੀ ਸੁਰੱਖਿਆ ਮਜ਼ਬੂਤ ਕਰਨ ਅਤੇ ਕਾਨੂੰਨ ਦੀ ਹੱਦ ਅੰਦਰ ਜਾਂਚ ਦੇ ਨਤੀਜੇ ਜਨਤਕ ਕਰਨ ਦੀ ਗੱਲ ਵੀ ਕਹੀ।

ਰੰਧਾਵਾ ਨੇ ਕਿਹਾ ਕਿ ਉਨ੍ਹਾਂ ਨੇ ਇਸੇ ਤਰ੍ਹਾਂ ਦੀ ‘ਜ਼ੀਰੋ ਟੌਲਰੈਂਸ’ ਵਾਲੀ ਪਹੁੰਚ ਇਸ ਹਫ਼ਤੇ ਕੈਲ ਦੋਸਾਂਝ ਨਾਲ ਜੁੜੇ ਮਾਮਲੇ ਵਿੱਚ ਦਿਖਾਈ ਹੈ ਅਤੇ ਸੈਂਡੀ ਦੋਸਾਂਝ ਦੀ ਉਮੀਦਵਾਰੀ ਖ਼ਤਮ ਕਰਨ ਲਈ ਤੁਰੰਤ ਕਦਮ ਚੁੱਕੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸੈਂਡੀ ਦੋਸਾਂਝ ’ਤੇ ਕਿਸੇ ਗਲਤ ਕੰਮ ਦਾ ਦੋਸ਼ ਨਹੀਂ ਹੈ ਅਤੇ ਕੈਲ ਦੋਸਾਂਝ ਖ਼ਿਲਾਫ਼ ਲੱਗੇ ਅਪਰਾਧਿਕ ਦੋਸ਼ ਅਜੇ ਅਦਾਲਤ ਵਿੱਚ ਸਾਬਤ ਨਹੀਂ ਹੋਏ ਹਨ।

ਰੰਧਾਵਾ ਨੇ ਮੇਅਰ ਬ੍ਰੈਂਡਾ ਲੌਕ ਅਤੇ ਸਾਬਕਾ ਮੇਅਰ ਡੱਗ ਮੈਕਕੈਲਮ ਦੀ ਕਾਰਗੁਜ਼ਾਰੀ ’ਤੇ ਵੀ ਸਵਾਲ ਚੁੱਕੇ। ਉਨ੍ਹਾਂ ਖ਼ਾਸ ਤੌਰ ’ਤੇ 7580-152 ਸਟ੍ਰੀਟ ’ਤੇ 13.07 ਏਕੜ ਜ਼ਮੀਨ ਦੀ 6.8 ਮਿਲੀਅਨ ਡਾਲਰ ਵਿੱਚ ਹੋਈ ਖਰੀਦ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਸੌਦੇ ਸਬੰਧੀ ਉੱਠੇ ਸਵਾਲਾਂ ਦੇ ਪੂਰੇ ਜਵਾਬ ਲੋਕਾਂ ਸਾਹਮਣੇ ਆਉਣੇ ਚਾਹੀਦੇ ਹਨ।

ਰੰਧਾਵਾ ਨੇ ਕਿਹਾ ਕਿ ਸਰੀ ਨੂੰ ਪੁਰਾਣੀ ਸਿਆਸਤ ਤੋਂ ਬਾਹਰ ਕੱਢ ਕੇ ਨਵੀਂ ਅਤੇ ਜਵਾਬਦੇਹ ਲੀਡਰਸ਼ਿਪ ਦੀ ਲੋੜ ਹੈ। ਉਨ੍ਹਾਂ ਕਿਹਾ, “ਮੇਅਰ ਵਜੋਂ ਮੈਂ ਸਿਟੀ ਹਾਲ ਨੂੰ ਸਾਫ਼ ਕਰਾਂਗਾ, ਲੋਕਾਂ ਦਾ ਭਰੋਸਾ ਮੁੜ ਜਿੱਤਾਂਗਾ ਅਤੇ ਸਰੀ ਦੇ ਲੋਕਾਂ ਨੂੰ ਸਭ ਤੋਂ ਪਹਿਲਾਂ ਰੱਖਾਂਗਾ। ਜ਼ੀਰੋ ਟੌਲਰੈਂਸ, ਕੋਈ ਬਹਾਨਾ ਨਹੀਂ ਅਤੇ ਨਵੀਂ ਲੀਡਰਸ਼ਿਪ।”



# ਪਰਦੇਸ ਦੀ ਧਰਤੀ ’ਤੇ ਪੰਜਾਬੀ ਅਦਬ ਦਾ ਵਿਲੱਖਣ ਉਪਰਾਲਾ, ਹਰਕੀਰਤ ਕੌਰ ਚਹਿਲ ਦਾ ਅੱਠਵਾਂ ਨਾਵਲ ‘ਨਦੀ ਨਾਵ ਸੰਜੋਗੀ ਮੇਲੇ’ ਲੋਕ ਅਰਪਣ

## ਹਰਕੀਰਤ ਚਹਿਲ ਦੇ ਨਾਵਲ ਨੇ ਪੰਜਾਬੀ ਸਾਂਝ ਦੀਆਂ ਤੰਦਾਂ ਹੋਰ ਪੀਡੀਆਂ ਕੀਤੀਆਂ









**ਸਰੀ – (ਮਹੇਸ਼ਇੰਦਰ ਸਿੰਘ ਮਾਂਗਟ) –** ਕੈਨੇਡਾ ਵੱਸਦੀ ਨਾਮਵਰ ਨਾਵਲਕਾਰ ਹਰਕੀਰਤ ਕੌਰ ਚਹਿਲ ਦੇ ਅੱਠਵੇਂ ਨਾਵਲ ‘ਨਦੀ ਨਾਵ ਸੰਜੋਗੀ ਮੇਲੇ’ ਦਾ ਲੋਕ ਅਰਪਣ ਸਰੀ ਦੇ ਗ੍ਰੈਂਡ ਐਮਪਾਇਰ ਬੈਂਕੁਏਟ ਹਾਲ ਵਿਖੇ ਕੀਤਾ ਗਿਆ। ਵੈਨਕੂਵਰ ਇਲਾਕੇ ਦੀਆਂ ਸਾਹਿਤਕ ਅਤੇ ਅਦਬੀ ਸ਼ਖ਼ਸੀਅਤਾਂ ਦੀ ਭਰਵੀਂ ਸ਼ਮੂਲੀਅਤ ਵਾਲੇ ਇਸ ਸਮਾਗਮ ਦੌਰਾਨ ਨਾਵਲ ਦੀ ਵਿਸ਼ੇ-ਵਸਤੂ, ਕਲਾਤਮਿਕਤਾ, ਭਾਸ਼ਾ ਅਤੇ ਇਸ ਦੇ ਸੱਭਿਆਚਾਰਕ ਸਰੋਕਾਰਾਂ ਬਾਰੇ ਗੰਭੀਰ ਵਿਚਾਰ-ਚਰਚਾ ਹੋਈ।

ਡਾ. ਰਘਬੀਰ ਸਿੰਘ ਸਿਰਜਣਾ ਨੇ ਨਾਵਲ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਪਰਦੇਸੀ ਧਰਤੀ ’ਤੇ ਬੈਠ ਕੇ ਪੰਜਾਬ ਦੇ ਦੋਹਾਂ ਪਾਸਿਆਂ ਦੀ ਬੋਲੀ, ਸੱਭਿਆਚਾਰ ਅਤੇ ਲੋਕ-ਜੀਵਨ ਨੂੰ ਆਪਣੇ ਹੀ ਅੰਦਾਜ਼-ਏ-ਬਿਆਨ ਵਿੱਚ ਪੇਸ਼ ਕਰਨਾ ਹਰਕੀਰਤ ਕੌਰ ਚਹਿਲ ਦੀ ਵਿਲੱਖਣ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਇਹ ਨਾਵਲ ਇੱਕ ਵਿਲੱਖਣ ਕਿਰਤ ਵਜੋਂ ਜਾਣਿਆ ਜਾਵੇਗਾ।

ਨਾਵਲ ਦੇ ਵਿਸ਼ੇ-ਵਸਤੂ, ਕਲਾਤਮਿਕ ਅਤੇ ਭਾਸ਼ਾਈ ਪੱਖਾਂ ਨੂੰ ਉਜਾਗਰ ਕਰਦੇ ਵਿਸਥਾਰਪੂਰਵਕ ਪਰਚੇ ਡਾ. ਕਮਲਜੀਤ ਕੌਰ, ਡਾ. ਦਵਿੰਦਰਪਾਲ ਕੌਰ, ਡਾ. ਸਾਧੂ ਸਿੰਘ, ਡਾ. ਅਪਮਿੰਦਰਪਾਲ ਬਰਾੜ ਅਤੇ ਡਾ. ਸਰਬਜੀਤ ਕੌਰ ਰੰਧਾਵਾ ਵੱਲੋਂ ਪੜ੍ਹੇ ਗਏ। ਸਮਾਗਮ ਦਾ ਸੰਚਾਲਨ ਉੱਘੇ ਰੇਡੀਓ ਹੋਸਟ ਡਾ. ਰਮਿੰਦਰਪਾਲ ਕੰਗ ਨੇ ਬਾਖੂਬੀ ਕੀਤਾ।

ਡਾ. ਸਾਧੂ ਸਿੰਘ ਨੇ ਨਾਵਲ ਦੇ ਵਿਸ਼ੇ-ਵਸਤੂ ਦੇ ਨਿਭਾਅ ਦੀ ਪ੍ਰਸ਼ੰਸਾ ਕਰਦਿਆਂ ਇਸ ਨੂੰ ਨਿਵੇਕਲਾ ਕਾਰਜ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਦੇਸ ਦੀ ਧਰਤੀ ’ਤੇ ਬੈਠ ਕੇ ਲਹਿੰਦੇ ਪੰਜਾਬ ਦੇ ਜੀਵਨ, ਬੋਲੀ ਅਤੇ ਸੱਭਿਆਚਾਰ ਨੂੰ ਇਸ ਤਰ੍ਹਾਂ ਸਾਹਿਤਕ ਰੂਪ ਦੇਣ ਵਾਲੀ ਇਹ ਇੱਕ ਮਹੱਤਵਪੂਰਨ ਕਿਰਤ ਹੈ।

‘ਨਦੀ ਨਾਵ ਸੰਜੋਗੀ ਮੇਲੇ’ ਵਿੱਚ ਸਰਹੱਦੋਂ ਪਾਰ ਵੱਸਦੇ ਪੰਜਾਬ ਦੇ ਲਾਹੌਰੀ ਰੰਗ ਵਾਲੇ ਜੀਵਨ, ਬੋਲੀ ਅਤੇ ਸੱਭਿਆਚਾਰ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਨਾਵਲ ਮਨੁੱਖੀ ਰਿਸ਼ਤਿਆਂ ਦੀਆਂ ਬਾਰੀਕ ਅਤੇ ਗੁੰਝਲਦਾਰ ਤੰਦਾਂ ਨੂੰ ਛੂੰਹਦਾ ਹੋਇਆ ਪਾਣੀਆਂ ਪ੍ਰਤੀ ਮੁਹੱਬਤ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਦਾ ਸੁਨੇਹਾ ਵੀ ਦਿੰਦਾ ਹੈ। ਵਾਤਾਵਰਣ ਪ੍ਰਤੀ ਮਨੁੱਖ ਦੇ ਅਣਗੌਲੇ ਰਵੱਈਏ ਦੇ ਭਵਿੱਖ ਵਿੱਚ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਵੀ ਲੇਖਕਾ ਨੇ ਭਾਵਨਾਤਮਿਕ ਢੰਗ ਨਾਲ ਪੇਸ਼ ਕੀਤਾ ਹੈ।

ਸਮਾਗਮ ਵਿੱਚ ਭਾਰਤ ਤੋਂ ਵਿਸ਼ੇਸ਼ ਤੌਰ ’ਤੇ ਪਹੁੰਚੀ ਮਹਿਮਾਨ ਗੁਰਪ੍ਰੀਤ ਕੌਰ ਧਾਲੀਵਾਲ ਨੇ ਕਿਹਾ ਕਿ ਨਾਵਲ ਪੜ੍ਹਦਿਆਂ ਉਨ੍ਹਾਂ ਨੂੰ ਗੁਆਂਢੀ ਮੁਲਕ ਦੀ ਸੈਰ ਕਰਨ ਵਰਗਾ ਅਹਿਸਾਸ ਹੋਇਆ। ਉਨ੍ਹਾਂ ਕਿਹਾ ਕਿ ਹਰਕੀਰਤ ਕੌਰ ਚਹਿਲ ਨੇ ਮਨੁੱਖੀ ਰਿਸ਼ਤਿਆਂ ਦੀਆਂ ਮਹੀਨ ਤੰਦਾਂ ਨੂੰ ਬਹੁਤ ਹੀ ਜਟਿਲਤਾ ਅਤੇ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ ਹੈ।

ਨਾਵਲ ਦੀ ਇੱਕ ਹੋਰ ਅਹਿਮ ਵਿਸ਼ੇਸ਼ਤਾ ਇਸ ਦਾ ਸ਼ਾਹਮੁਖੀ ਵਿੱਚ ਉਲੱਥਾ ਹੈ। ਹਰਕੀਰਤ ਕੌਰ ਚਹਿਲ ਨੇ ਦੱਸਿਆ ਕਿ ਲਹਿੰਦੇ ਪੰਜਾਬ ਵਿੱਚ ਇਸ ਕਿਰਤ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਉੱਥੋਂ ਇਸ ਨੂੰ ਸ਼ਾਹਮੁਖੀ ਵਿੱਚ ਛਾਪਣ ਦਾ ਉੱਦਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਾਹਿਤਕ ਉਪਰਾਲੇ ਪੰਜਾਬ ਦੇ ਦੋਹਾਂ ਪਾਸਿਆਂ ਵੱਸਦੇ ਲੋਕਾਂ ਵਿਚਕਾਰ ਸਾਂਝ ਦੇ ਪੁਲ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉੱਘੇ ਲੇਖਕਾਂ ਅਤੇ ਕਵੀਆਂ ਨੇ ਵੀ ਹਰਕੀਰਤ ਕੌਰ ਚਹਿਲ ਦੇ ਸਾਹਿਤਕ ਸਫ਼ਰ ਦੀ ਗੱਲ ਕਰਦਿਆਂ ਉਨ੍ਹਾਂ ਦੀਆਂ ਲਿਖਤਾਂ ਦੇ ਵਿਸ਼ਿਆਂ ਅਤੇ ਸ਼ੈਲੀ ਦੀ ਭਰਵੀਂ ਸ਼ਲਾਘਾ ਕੀਤੀ। ਸਮਾਗਮ ਦੌਰਾਨ ਅੰਕੇਸ਼ਵਰ ਸਿੰਘ ਨੇ ਲੇਖਕਾ ਦਾ ਲਿਖਿਆ ਗੀਤ ਗਾ ਕੇ ਹਾਜ਼ਰੀ ਲਵਾਈ, ਜਦਕਿ ਡਾ. ਜੈਸਮੀਨ ਚਹਿਲ ਨੇ ਸਰਾਇਕੀ ਰੰਗ ਵਾਲਾ ਪਾਕਿਸਤਾਨੀ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਸਰਸ਼ਾਰ ਕੀਤਾ।

ਜਵਾਨ ਪੀੜ੍ਹੀ ਦੀ ਨੁਮਾਇੰਦਗੀ ਜਸ਼ਨਪ੍ਰੀਤ ਰੰਧਾਵਾ ਨੇ ਕੀਤੀ। ਹਾਰਵਰਡ ਯੂਨੀਵਰਸਿਟੀ ਤੋਂ ਪੜ੍ਹੇ ਜਸ਼ਨ ਨੇ ਬੋਲੀ, ਧਰਮ ਅਤੇ ਸੱਭਿਆਚਾਰ ਪ੍ਰਤੀ ਨੌਜਵਾਨ ਪੀੜ੍ਹੀ ਨੂੰ ਸੁਚੇਤ ਹੋਣ ਦੀ ਲੋੜ ’ਤੇ ਜ਼ੋਰ ਦਿੱਤਾ ਅਤੇ ਇੱਕ ਸੁੰਦਰ ਗੀਤ ਪੇਸ਼ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ।

ਸਮਾਗਮ ਵਿੱਚ ਮੀਡੀਆ ਅਤੇ ਸਾਹਿਤਕ ਖੇਤਰ ਨਾਲ ਜੁੜੀਆਂ ਕਈ ਉੱਘੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਡਾ. ਪ੍ਰਗਟ ਸਿੰਘ ਭੁਰਜੀ, ਡਾ. ਜਸਬੀਰ ਰੋਮਾਣਾ, ਰਾਣਾ ਰਣਬੀਰ, ਡਾ. ਸੁਖਬੀਰ ਕੌਰ, ਮੀਰਾ ਗਿੱਲ, ਇਕਬਾਲ ਸਹੋਤਾ, ਸੁੱਖੀ ਢਿੱਲੋਂ, ਨਿੰਮੀ ਡੌਲਾ, ਜਗਰੂਪ ਬਰਾੜ, ਸੁੱਖ ਧਾਲੀਵਾਲ, ਡਾ. ਜਰਨੈਲ ਸੇਖਾ, ਅਜਮੇਰ ਰੋਡੇ, ਸੁਰਜੀਤ ਕਲਸੀ, ਡਾ. ਹਾਕਮ ਭੁੱਲਰ, ਹਰਜੋਤ ਭੁੱਲਰ, ਮੋਹਨ ਗਿੱਲ, ਅੰਗਰੇਜ਼ ਬਰਾੜ, ਪ੍ਰੀਤਪਾਲ ਪੂਨੀ, ਨਿਰਮਲ ਗਿੱਲ, ਸੁਖਜੀਤ ਕੌਰ, ਨਗਿੰਦਰ ਕੌਰ, ਡਾ. ਗੁਲਜ਼ਾਰ ਬਲਿੰਗ, ਗੁਰਬਾਜ਼ ਬਰਾੜ, ਅਮਰੀਕ ਪਲਾਹੀ, ਕਵਿੰਦਰ ਚਾਂਦ, ਗੁਰਪ੍ਰੀਤ ਸਿੰਘ, ਸੁਰਿੰਦਰ ਚਹਿਲ, ਡਾ. ਪਰਮਜੀਤ ਸਿੱਧੂ, ਦਲਜੀਤ ਸਿੱਧੂ, ਡਾ. ਓਮ ਪ੍ਰਕਾਸ਼, ਦਵਿੰਦਰ ਗੌਤਮ, ਰਾਜਵੰਤ ਰਾਜ, ਡਾ. ਕਮਲਜੀਤ ਕੌਰ, ਡਾ. ਦਵਿੰਦਰਪਾਲ ਕੌਰ, ਹਰਬੰਸ ਬਰਾੜ, ਜਗੇਸ਼ ਕੱਲ੍ਹਾ, ਸ਼ਰਨਜੀਤ ਬਲ, ਸਰਬਜੀਤ ਚਾਂਦੀ, ਅਨੂਪਿੰਦਰ ਗਰੇਵਾਲ, ਪ੍ਰੀਤ ਮਨਪ੍ਰੀਤ, ਇੰਦਰਜੀਤ ਧਾਮੀ, ਡਾ. ਜੈਸਮੀਨ ਚਹਿਲ, ਅੰਕੇਸ਼ਵਰ ਸਿੰਘ, ਗੁਰਮੀਤ ਡਡਵਾਲ, ਕਮਲਜੀਤ ਡਡਵਾਲ, ਜੈਸਮੀਨ ਡਡਵਾਲ, ਗੋਬਿੰਦਰ ਪੰਧੇਰ, ਹਰਪ੍ਰੀਤ ਕੌਰ, ਸ਼ਾਇਨਾ, ਜਸ਼ਨਪ੍ਰੀਤ ਰੰਧਾਵਾ, ਜਸਬੀਰ ਮਾਨ, ਨਵਰਾਜ ਗਿੱਲ, ਜੀਤੀ ਗਿੱਲ ਅਤੇ ਸੁਖਪ੍ਰੀਤ ਬੱਡੋਂ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ।

ਤਿੰਨ ਘੰਟੇ ਚੱਲੇ ਇਸ ਸਮਾਗਮ ਦੌਰਾਨ ਸਾਹਿਤਕ ਮਾਹੌਲ ਪੂਰੀ ਤਰ੍ਹਾਂ ਭਖਿਆ ਰਿਹਾ। ਪਾਠਕਾਂ ਨੇ ਲੇਖਕਾ ਦੀਆਂ ਪੁਸਤਕਾਂ ਦੇ ਲੱਗੇ ਸਟਾਲ ਤੋਂ ਕਿਤਾਬਾਂ ਖਰੀਦੀਆਂ। ਸਮਾਗਮ ਦੇ ਅੰਤ ਵਿੱਚ ਹਰਕੀਰਤ ਕੌਰ ਚਹਿਲ ਦੀ ਇਸ ਨਵੀਂ ਕਿਰਤ ਨੇ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਨਾਲ ਜੁੜੇ ਸਰੋਤਿਆਂ ਲਈ ਇੱਕ ਯਾਦਗਾਰ ਸਾਹਿਤਕ ਸ਼ਾਮ ਦੀਆਂ ਯਾਦਾਂ ਛੱਡੀਆਂ।

# ਉੱਘੇ ਪੱਤਰਕਾਰ ਪਵਨ ਗਰੋਵਰ ਦੇ ਪਿਤਾ ਬਸ਼ੰਬਰ ਨਾਥ ਗਰੋਵਰ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਭਾਵ-ਭਿਨੀ ਸ਼ਰਧਾਂਜਲੀ

## ਡਾ.ਦਲਜੀਤ ਚੀਮਾ, ਵਿਧਾਇਕ ਬਿਲਾਸਪੁਰ, ਵਿਧਾਇਕ ਢੋਸ, ਵਿਧਾਇਕ ਗਿਆਸਪੁਰਾ ਸਮੇਤ ਵੱਖ-ਵੱਖ ਪਾਰਟੀਆਂ ਦੇ ਨੁਮਾਇੰਦਿਆਂ ਨੇ ਭਰੀ ਹਾਜ਼ਰੀ

**ਅਜੀਤਵਾਲ, (ਕਰਨ ਗਰੋਵਰ)** ਜਗ ਬਾਣੀ ਪੰਜਾਬ ਕੇਸਰੀ ਅਖਬਾਰ ਦੇ ਜਿਲਾ ਮੋਗਾ ਤੋਂ ਸਾਬਕਾ ਜ਼ਿਲਾ ਇੰਚਾਰਜ ਸੀਨੀਅਰ ਪੱਤਰਕਾਰ, ਉੱਘੇ ਸਮਾਜ ਸੇਵੀ, ਪੰਜਾਬ ਗਲਾਸ ਲਿਮਿਟਡ ਸਰੀ ਦੇ ਮਾਲਕ ਪਵਨ ਗਰੋਵਰ ਕੈਨੇਡਾ ਅਤੇ ਰੋਜ਼ਾਨਾ ਸਪੋਕਸਮੈਨ ਜਿਲਾ ਮੋਗਾ ਦੇ ਇੰਚਾਰਜ ਪੱਤਰਕਾਰ ਕੇਵਲ ਕ੍ਰਿਸ਼ਨ ਬਿੱਟੂ ਗਰੋਵਰ ਦੇ ਸਤਿਕਾਰਯੋਗ ਪਿਤਾ ਬਸ਼ੰਬਰ ਨਾਥ ਗਰੋਵਰ ਜੋ ਸੰਖੇਪ ਬਿਮਾਰੀ ਪਿੱਛੋਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨਙ ਉਨ੍ਹਾਂ ਨਮਿਤ ਅੱਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏਙ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਨਮਿਤ ਹੋਈ ਅੰਤਿਮ ਅਰਦਾਸ ਵਿਚ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰ ਕੇ ਜਿੱਥੇ ਗਰੋਵਰ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਉੱਥੇ ਬਸ਼ੰਬਰ ਨਾਥ ਗਰੋਵਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇਙ ਇਸ ਮੌਕੇ ਗਿਆਨੀ ਨਿਰਭੈ ਸਿੰਘ ਹਜ਼ੂਰੀ ਰਾਗੀ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਕੀਰਤਨੀ ਜਥੇ ਨੇ ਗੁਰਬਾਣੀ ਦੇ ਵੈਰਾਗਮਈ ਕੀਰਤਨ ਰਾਹੀਂ ਸੰਗਤਾਂ ਨੂੰ ਕੀਰਤਨ ਨਾਲ ਜੋੜਿਆ ਉੱਥੇ ਉਨ੍ਹਾਂ ਜਨਮ ਤੇ ਮੌਤ ਦੇ ਫ਼ਲਸਫ਼ੇ ’ਤੇ ਵੀ ਚਾਨਣਾ ਪਾਇਆਙ ਸਟੇਜ ਦਾ ਸੰਚਾਲਨ ਕਰਦਿਆਂ ਸੁਖਦਰਸ਼ਨ ਸਿੰਘ ਨੇ ਬਸ਼ੰਬਰ ਨਾਥ ਗਰੋਵਰ ਦੇ ਜੀਵਨ ਤੇ ਉਨ੍ਹਾਂ ਦੇ ਪਰਿਵਾਰ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆਙ ਗੁਰਮਤਿ ਪ੍ਰਚਾਰ ਸੇਵਾ ਸੰਮਤੀ ਦੇ ਮੁੱਖ ਸੇਵਾਦਾਰ ਸੁਰਿੰਦਰਪਾਲ ਸਿੰਘ ਨੇ ਸਟੇਜ ਦਾ ਸੰਚਾਲਨ ਕਰਦਿਆਂ ਕਿਹਾ ਕਿ ਬਸ਼ੰਬਰ ਨਾਥ ਗਰੋਵਰ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ ਤੇ ਅੱਜ ਦਾ ਇਕੱਠ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗਰੋਵਰ ਪਰਿਵਾਰ ਦਾ ਸਮਾਜ ਵਿਚ ਵਿਲੱਖਣ ਸਥਾਨ ਹੈਙ ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਤੇ ਸਾਬਕਾ ਮੰਤਰੀ ਪੰਜਾਬ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੇਰੀ ਇਸ ਪਰਿਵਾਰ ਨਾਲ ਨਿੱਜੀ ਸਾਂਝ ਹੈਙ ਜਦੋਂ ਬਸ਼ੰਬਰ ਨਾਥ ਗਰੋਵਰ ਲੁਧਿਆਣਾ ਦੇ ਡੀ.ਐਮ.ਸੀ. ਹਸਪਤਾਲ ਵਿਚ ਦਾਖ਼ਲ ਸਨ ਤਾਂ ਉਸ ਵੇਲੇ ਵੀ



ਮੇਰੀ ਉਨ੍ਹਾਂ ਦੇ ਸਪੁੱਤਰ ਪਵਨ ਗਰੋਵਰ ਨਾਲ ਅਕਸਰ ਗੱਲਬਾਤ ਹੁੰਦੀ ਰਹਿੰਦੀ ਸੀ ਤੇ ਉਹ ਇਕ ਵਿਅਕਤੀ ਨਾ ਹੋ ਕੇ ਆਪਣੇ ਆਪ ਵਿਚ ਇਕ ਸੰਸਥਾ ਸਨ ਤੇ ਉਨ੍ਹਾਂ ਦੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਸਮਾਜ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਹੈਙ ਸ਼ਰਧਾਂਜਲੀ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਆਪ ਪਾਰਟੀ ਦੇ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲੇ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਹਰੀ ਸਿੰਘ ਖਾਈ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਬਰਜਿੰਦਰ ਸਿੰਘ ਮੱਖਣ ਬਰਾੜ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਧਰਮਕੋਟ ਨੇ ਵੀ ਬਸ਼ੰਬਰ ਨਾਥ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਹ ਉੱਘੇ ਸਮਾਜ ਸੇਵੀ ਤੇ ਗੁਰਮਤਿ ਦੇ ਧਾਰਨੀ ਸਨ ਤੇ ਉਨ੍ਹਾਂ ਨੇ ਅਕਾਲੀ ਦਲ ਵਲੋਂ ਲਗਾਏ ਗਏ ਧਰਨੇ ਦੌਰਾਨ ਜੇਲ੍ਹ ਵੀ ਕੱਟੀ ਤੇ ਉਨ੍ਹਾਂ ਨੇ ਆਪਣੇ ਦੋ ਸਪੁੱਤਰਾਂ ਤੇ ਦੋ ਧੀਆਂ ਨੂੰ ਆਪੋ ਆਪਣੇ ਪਰਿਵਾਰਾਂ ਵਿਚ ਸੈਟ ਕਰ ਕੇ ਸਮਾਜ ਸੇਵਾ ਦੇ ਨਾਲ ਗ੍ਰਹਿਸਤੀ ਜੀਵਨ ਨੂੰ ਵੀ ਸਫਲਤਾ ਪੂਰਵਕ ਨੇਪਰੇ ਚਾੜ੍ਹਿਆਙ





ਬੁਲਾਰਿਆਂ ਨੇ ਉਨ੍ਹਾਂ ਦੇ ਸਪੁੱਤਰ ਪਵਨ ਗਰੋਵਰ ਕੈਨੇਡਾ ਤੇ ਬਿੱਟੂ ਗਰੋਵਰ ਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਸਵ: ਬਸ਼ੰਬਰ ਨਾਥ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇਙ ਇਸ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਤੇ ਸੰਸਥਾਵਾਂ ਵਲੋਂ ਭੇਜੇ ਸ਼ੋਕ ਸੰਦੇਸ਼ ਵੀ ਪੜ੍ਹੇ ਗਏਙ ਹੋਰਨਾਂ ਤੋਂ ਇਲਾਵਾ ਇਸ ਮੌਕੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਮਨਵਿੰਦਰ ਸਿੰਘ ਦਿਆਸਪੁਰਾ ਵਿਧਾਇਕ ਪਾਇਲ, ਬਰਿੰਦਰ ਸ਼ਰਮਾ ਮਧੇਕੇ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਪਲੈਨਿੰਗ ਬੋਰਡ, ਸਾਬਕਾ ਵਿਧਾਇਕ ਐਸ.ਆਰ. ਕਲੇਰ ਜਗਰਾਉਂ, ਨਿਧੜਕ ਸਿੰਘ ਬਰਾੜ ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ, ਰਾਜ ਕਮਲ ਸਿੰਘ ਹਲਕਾ ਇੰਚਾਰਜ ਨਕੋਦਰ ਸ਼੍ਰੋਮਣੀ ਅਕਾਲੀ ਦਲ, ਸੰਜੀਤ ਸਿੰਘ ਸਨੀ ਗਿੱਲ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਮੋਗਾ, ਨਿਹਾਲ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਡਾ. ਅਮਨ ਅਰੋੜਾਵਿਧਾਇਕ ਹਲਕਾ ਮੋਗਾ, ਸਰਦਾਰ ਸੁਖਬੀਰ ਸਿੰਘ ਬਾਦਲ ਦੇ ਮੀਡੀਆ ਇੰਚਾਰਜ ਰਜੇਦੀਪ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਬੁਲਾਰੇ ਗੁਰਪ੍ਰੀਤ ਸਿੰਘ ਝੱਬਰ, ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਨਿਧੜਕ ਸਿੰਘ ਬਰਾੜ ਅੰਸ਼ੂਮਨ ਸਿਆਲ ਸਰਕਾਰੀ ਵਕੀਲ, ਵਿਨੋਦ ਬਾਂਸਲ ਸਾਬਕਾ ਚੇਅਰਮੈਨ, ਪਰਮਿੰਦਰ ਸਿੰਘ ਡਿੰਪਲ ਸੀਨੀਅਰ ਕਾਂਗਰਸੀ ਆਗੂ ਤੇ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਐਡਵੋਕੇਟ ਅਮਨਦੀਪ ਸਿੰਘ ਆਦੀਵਾਲ, ਪ੍ਰਵੀਨ ਗਰਗ ਚੇਅਰਮੈਨ ਆਈ.ਐਸ.ਐਫ. ਕਾਲਜ, ਗੌਤਮ ਸੱਚਰ ਪਤੀ ਮਾਲਵਿਕਾ ਸੂਦ ਸੱਚਰ, ਭਰਤ ਗੁਪਤਾ ਕੌਂਸਲਰ, ਕਮਲਜੀਤ ਸਿੰਘ ਬਰਾੜ ਉੱਘੇ ਕਾਂਗਰਸੀ ਆਗੂ ਸਪੁੱਤਰ ਦਰਸ਼ਨ ਸਿੰਘ ਬਰਾੜ ਸਾਬਕਾ ਮੰਤਰੀ, ਸਰਪੰਚ ਗੁਰਮੀਤ ਸਿੰਘ ਗਗੜਾ, ਗੁਰਮੀਤ ਸਿੰਘ ਦਾਤੇਵਾਲ, ਸਵਰਨ ਸਿੰਘ ਆਦੀਵਾਲ ਸੂਬਾ ਸਕੱਤਰ ਕਾਂਗਰਸ, ਰਣਵਿੰਦਰ ਸਿੰਘ ਪੱਪੂ ਰਾਮੂੰਵਾਲਾ ਪੀ.ਏ.ਸੀ. ਮੈਂਬਰ ਸ਼੍ਰੋਮਣੀ ਅਕਾਲੀ ਦਲ, ਰਾਜਵਿੰਦਰ ਸਿੰਘ ਧਰਮਕੋਟ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਰਾਜਵੰਤ ਸਿੰਘ ਮਾਹਲਾ ਸਾਬਕਾ ਡਾਇਰੈਕਟਰ, ਪ੍ਰਸ਼ੋਤਮ ਖਲੀਫਾ ਜਗਰਾਉਂ, ਕੇਵਲ ਸਿੰਘ ਸਾਬਕਾ ਐਮ.ਪੀ., ਐਡਵੋਕੇਟ ਵਿਜੇ ਧੀਰ ਚੇਅਰਮੈਨ, ਚਰਨਜੀਤ ਸਿੰਘ ਝੰਡੇਆਣਾ ਜ਼ਿਲ੍ਹਾ ਪ੍ਰਧਾਨ ਬੀ.ਸੀ. ਸੈੱਲ, ਰਣਜੀਤ ਸਿੰਘ ਢਿੱਲੋਂ ਸਾਬਕਾ ਵਿਧਾਇਕ ਲੁਧਿਆਣਾ, ਇੰਦਰਪਾਲ ਸਿੰਘ ਬੱਬੀ ਵਾਈਨ ਕੰਟਰੈਕਟਰ ਤੇ ਸਮਾਜ ਸੇਵੀ, ਰਣਧੀਰ ਸਿੰਘ ਢਿੱਲੋਂ ਸਾਬਕਾ ਚੇਅਰਮੈਨ, ਮਨਜੀਤ ਸਿੰਘ ਧੰਮੂ, ਗਵਰਧਨ ਪੋਪਲੀ ਦੋਵੇਂ ਕੌਂਸਲਰ, ਸੁਖਰਾਜ ਸਿੰਘ ਧੰਮੂ, ਜਗਦੀਸ਼ ਛਾਬੜਾ ਸਾਬਕਾ ਚੇਅਰਮੈਨ, ਸੁਭਾਸ਼ ਪਲਤਾ ਚੇਅਰਮੈਨ ਹੋਲੀ ਹਾਰਟ ਸਕੂਲ, ਅਮਿਤ ਪਲਤਾ ਡਾਇਰੈਕਟਰ ਗੋਲਡਨ ਐਜੂਕੇਸ਼ਨ, ਰਮਨ ਅਰੋੜਾ ਡਾਇਰੈਕਟਰ ਗੋਲਡਨ ਐਜੂਕੇਸ਼ਨ, ਰਾਜਵੀਰ ਸਿੰਘ ਬਰਾੜ, ਮੁਖ਼ਤਿਆਰ ਸਿੰਘ ਸਾਬਕਾ ਐਸ.ਪੀ. ਤੇ ਭਾਜਪਾ ਆਗੂ, ਬੂਟਾ ਸਿੰਘ ਦੌਲਤਪੁਰਾ ਸਮਾਜ ਸੇਵੀ, ਰਵਦੀਪ ਸਿੰਘ ਸੰਘਾ ਸਾਬਕਾ ਸਰਪੰਚ ਤੇ ਸੀਨੀਅਰ ਆਗੂ, ਦਲਜੀਤ ਸਿੰਘ ਗੋਲਡੀ ਸੀਨੀਅਰ ਅਕਾਲੀ ਆਗੂ, ਬਲਬੀਰ ਸਿੰਘ ਗਰੋਵਰ, ਪਰਮਿੰਦਰ ਸਿੰਘ ਗਰੋਵਰ ਐਮ.ਡੀ. ਕਰੀਅਰ ਜੋਨ, ਗੁਰਮੀਤ ਸਿੰਘ ਸਾਫੂਵਾਲਾ ਉੱਘੇ ਸਮਾਜ ਸੇਵੀ, ਗੁਰਪ੍ਰੀਤ ਸਿੰਘ ਝੱਬਰ ਮੁੱਖ ਬੁਲਾਰਾ ਸ਼੍ਰੋਮਣੀ ਕਮੇਟੀ, ਚਿਮਨ ਲਾਲ ਸਚਦੇਵਾ ਡਾਇਰੈਕਟਰ ਐਲ.ਆਰ.ਐਮ. ਸੰਸਥਾਵਾਂ, ਤਰਲੋਕੀ ਨਾਥ ਗਰੋਵਰ, ਗੁਰਮੀਤ ਸਿੰਘ ਗਗੜਾ ਸਾਬਕਾ ਸਰਪੰਚ, ਗੈਰੀ ਢੁੱਡੀਕੇ ਉਪ ਚੇਅਰਮੈਨ, ਸੁਖਦੇਵ ਸਿੰਘ ਮਿਆਣਾ, ਜਗਤਾਰ ਸਿੰਘ ਸਰਪੰਚ, ਇਕਬਾਲ ਸਿੰਘ ਖਹਿਰਾ ਪੱਤਰਕਾਰ, ਜਸਪਾਲ ਸਿੰਘ ਸੱਗੂ ਪੱਤਰਕਾਰ ਤੋਂ ਇਲਾਵਾ ਇਲਾਕੇ ਭਰ ਤੋਂ ਪੰਚ ਸਰਪੰਚ ਤੇ ਜ਼ਿਲ੍ਹਾ ਮੋਗਾ ਤੋਂ ਸਮੁੱਚਾ ਪੱਤਰਕਾਰ ਭਾਈਚਾਰਾ ਹਾਜ਼ਰ ਸੀ।







# ਐੱਫ ਆਈ ਐਚ ਹਾਕੀ ਵਰਲਡ ਕੱਪ 2026

# ਇਸਤਰੀਆਂ ‘ਚ ਅਰਜਨਟੀਨਾ 16 ਸਾਲ ਬਾਅਦ ਬਣਿਆ ਵਿਸ਼ਵ ਚੈਂਪੀਅਨ

## ਮਰਦਾਂ ‘ਚ ਜਰਮਨੀ ਨੇ ਚੌਥੀ ਵਾਰ ਖਿਤਾਬ ਜਿੱਤ ਕੇ ਪਾਕਿਸਤਾਨ ਦੇ ਰਿਕਾਰਡ ਦੀ ਬਰਾਬਰੀ ਕੀਤੀ

**ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ -** ਇੰਟਰਨੈਸ਼ਨਲ ਹਾਕੀ ਫੈਡਰੇਸ਼ਨ (FIH) ਵੱਲੋਂ ਪਹਿਲੀ ਵਾਰ ਇੱਕੋ ਥਾਂ ਤੇ ਕਰਵਾਏ ਗਏ ਸਾਂਝੇ ਮਰਦ ਤੇ ਇਸਤਰੀ ਹਾਕੀ ਵਰਲਡ ਕੱਪ 2026 ਦਾ ਅੱਜ ਬੈਲਜੀਅਮ ਦੇ ਸ਼ਹਿਰ ਵਾਵਰੇ ਅਤੇ ਹਾਲੈਂਡ ਦੇ ਸ਼ਹਿਰ ਐਮਸਟਲਵੀਨ ਵਿੱਖੇ ਸਮਾਪਤ ਹੋ ਗਿਆ ਹੈ। ਮਰਦਾਂ ਵਿੱਚ ਵਰਤਮਾਨ ਚੈਂਪੀਅਨ *ਜਰਮਨੀ* ਅਤੇ ਇਸਤਰੀਆਂ ਵਿੱਚ *ਅਰਜਨਟੀਨਾ* ਨੇ ਵਿਸ਼ਵ ਖਿਤਾਬ ਆਪਣੇ ਨਾਮ ਕੀਤੇ ਹਨ।

ਮਰਦ ਵਰਲਡ ਕੱਪ ਫਾਈਨਲ – ਜਰਮਨੀ ਸਪੇਨ ਨੂੰ ਹਰਾਕੇ ਚੈਂਪੀਅਨ ਬਣਿਆ।

ਅੱਜ ਵਾਵਰੇ, ਬੈਲਜੀਅਮ ਦੇ ਬੈਲਫੀਅਸ ਸਟੇਡੀਅਮ ਵਿੱਚ ਖੇਡੇ ਗਏ ਫਾਈਨਲ ਵਿੱਚ ਜਰਮਨੀ ਨੇ ਸਪੇਨ ਨੂੰ 1-0 ਨਾਲ ਹਰਾਇਆ।

– *ਜੇਤੂ ਗੋਲ:* ਤੀਜੇ ਕੁਆਰਟਰ ਦੇ ਆਖਰੀ ਮਿੰਟ (44ਵੇਂ ਮਿੰਟ) ਵਿੱਚ *ਮਿਸ਼ੇਲ ਸਟਰੂਥੌਫ (Michel Struthoff)* ਨੇ ਸਪੇਨ ਦੇ ਗੋਲਕੀਪਰ ਨੂੰ ਛਕਾ ਕੇ ਗੋਲ ਕੀਤਾ।

– *ਹੀਰੋ:* ਜਰਮਨ ਗੋਲਕੀਪਰ *ਜੀਨ-ਪੌਲ ਡੈਨੇਬਰਗ (Jean-Paul Danneberg)* ਨੇ ਸਪੇਨ ਦੇ 4 ਪੈਨਲਟੀ ਕਾਰਨਰ ਬਚਾ ਕੇ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ।

– *ਰਿਕਾਰਡ:* ਇਹ ਜਰਮਨੀ ਦਾ ਚੌਥਾ ਵਰਲਡ ਕੱਪ ਖਿਤਾਬ ਹੈ (2002, 2006, 2023, 2026), ਜਿਸ ਨਾਲ ਉਹ ਸਭ ਤੋਂ ਵੱਧ ਖਿਤਾਬ ਜਿੱਤਣ ਵਾਲੇ ਪਾਕਿਸਤਾਨ (4 ਖਿਤਾਬ 1971-1978,1982,1994) ਦੇ ਬਰਾਬਰ ਆ ਗਏ ਹਨ।




*ਤੀਜਾ ਸਥਾਨ:* ਅਰਜਨਟੀਨਾ ਨੇ ਕਾਂਸੀ ਤਮਗੇ ਲਈ ਮੇਜ਼ਬਾਨ ਨੀਦਰਲੈਂਡ ਨੂੰ 2-1 ਨਾਲ ਹਰਾਇਆ।

*ਭਾਰਤ ਦਾ ਸਥਾਨ:* ਭਾਰਤ 8ਵੇਂ ਸਥਾਨ ‘ਤੇ ਰਿਹਾ, ਕਲਾਸੀਫਿਕੇਸ਼ਨ ਮੈਚ ਵਿੱਚ ਬੈਲਜੀਅਮ ਤੋਂ 3-3 ਡਰਾਅ ਤੋਂ ਬਾਅਦ ਸ਼ੂਟਆਊਟ ਵਿੱਚ 4-3 ਨਾਲ ਹਾਰ ਗਿਆ। 8ed7

*ਮਰਦ ਵਰਗ ਦੇ ਬੈਸਟ ਅਵਾਰਡ:*

– *ਟੌਪ ਸਕੋਰਰ:* *ਟੋਮਸ ਡੋਮੇਨੇ (Tomas Domene – ਅਰਜਨਟੀਨਾ) – 10 ਗੋਲ*

– *ਫਾਈਨਲ ਦਾ ਹੀਰੋ:* ਮਿਸ਼ੇਲ ਸਟਰੂਥੌਫ 772d

2. ਇਸਤਰੀ ਵਰਲਡ ਕੱਪ ਫਾਈਨਲ – ਅਰਜਨਟੀਨਾ 1(3)-(1)1 ਨੀਦਰਲੈਂਡ*

ਬੀਤੀ ਰਾਤ ਐਮਸਟਲਵੀਨ ਵਿੱਚ ਖੇਡੇ ਗਏ ਫਾਈਨਲ ਵਿੱਚ ਅਰਜਨਟੀਨਾ ਨੇ ਮੇਜ਼ਬਾਨ ਅਤੇ 12 ਸਾਲਾਂ ਤੋਂ ਅਜੇਤੂ ਰਹੀ ਨੀਦਰਲੈਂਡ ਨੂੰ ਸ਼ੂਟਆਊਟ ਵਿੱਚ 3-1 ਨਾਲ ਹਰਾਇਆ। ਮੈਚ ਦਾ ਸਮਾਂ 1-1 ਨਾਲ ਬਰਾਬਰ ਰਿਹਾ ਸੀ।

ਨੀਦਰਲੈਂਡ ਲਈ *ਯਿੱਬੀ ਜੈਨਸਨ (Yibbi Jansen)* ਨੇ 30ਵੇਂ ਮਿੰਟ ‘ਚ ਗੋਲ ਕੀਤਾ, ਅਰਜਨਟੀਨਾ ਲਈ *ਮਾਰੀਆ ਗਰਾਨਾਟੋ (Maria Granatto)* ਨੇ ਬਰਾਬਰੀ ਕੀਤੀ।

– ਸ਼ੂਟਆਊਟ ਵਿੱਚ ਅਰਜਨਟੀਨਾ ਦੀ ਗੋਲਕੀਪਰ *ਕ੍ਰਿਸਟੀਨਾ ਕੋਸੈਂਟੀਨੋ (Cristina Cosentino)* ਹੀਰੋ ਬਣੀ, ਉਸਨੇ 3 ਸ਼ੂਟ ਬਚਾਏ। ਉਸਨੂੰ ਪਲੇਅਰ ਆਫ ਦ ਮੈਚ ਚੁਣਿਆ ਗਿਆ। ਇਸ ਜਿੱਤ ਨਾਲ ਨੀਦਰਲੈਂਡ ਦੀ 5831 ਦਿਨਾਂ ਤੋਂ ਚੱਲ ਰਹੀ ਅਜੇਤੂ ਲੜੀ ਟੁੱਟੀ ਹੈ, ਜੋ 2010 ਦੇ ਫਾਈਨਲ ਵਿੱਚ ਵੀ ਅਰਜਨਟੀਨਾ ਤੋਂ ਹੀ ਹਾਰੇ ਸਨ। ਅਰਜਨਟੀਨਾ ਦਾ ਇਹ ਤੀਜਾ ਵਰਲਡ ਕੱਪ ਹੈ (2002, 2010, 2026)।

ਇਸਤਰੀ ਵਰਗ ਦੇ ਬੈਸਟ ਖਿਡਾਰੀ:*

ਪਲੇਅਰ ਆਫ ਦ ਫਾਈਨਲ:* ਕ੍ਰਿਸਟੀਨਾ ਕੋਸੈਂਟੀਨੋ (ਅਰਜਨਟੀਨਾ)

ਟੂਰਨਾਮੈਂਟ ਦੀ ਟੌਪ ਸਕੋਰਰ:* ਯਿੱਬੀ ਜੈਨਸਨ (ਨੀਦਰਲੈਂਡ)

ਉੱਭਰਦਾ ਸਿਤਾਰਾ:* ਜ਼ੋਏ ਡਿਆਜ਼ (Zoe Diaz – ਅਰਜਨਟੀਨਾ) ਨੂੰ ਸਨਮਾਨਤ ਕੀਤਾ ਗਿਆ।




# ਸੰਪਾਦਕੀ

## ਜੀ ਡੀ ਪੀ 'ਚ ਵਾਧਾ

ਭਾਰਤੀ ਅਰਥਚਾਰੇ ਨੇ ਸਾਲ 2026-27 ਦੀ ਸ਼ੁਰੂਆਤ ਬਹੁਤ ਮਜ਼ਬੂਤ ਢੰਗ ਨਾਲ ਕੀਤੀ ਹੈ, ਜਿਸ ਵਿੱਚ ਅਪਰੈਲ-ਜੂਨ ਤਿਮਾਹੀ ਦੌਰਾਨ ਅਸਲ ਜੀ ਡੀ ਪੀ (ਮਹਿੰਗਾਈ ਨੂੰ ਹਟਾ ਕੇ) 7.8 ਫ਼ੀਸਦੀ ਵਧੀ ਹੈ। ਇਹ ਪ੍ਰਦਰਸ਼ਨ ਰਿਜ਼ਰਵ ਬੈਂਕ ਦੇ 7 ਫ਼ੀਸਦੀ ਦੇ ਅੰਦਾਜ਼ੇ ਤੋਂ ਕਿਤੇ ਵੱਧ ਰਿਹਾ ਅਤੇ ਬਾਜ਼ਾਰ ਦੀਆਂ ਉਮੀਦਾਂ 'ਤੇ ਵੀ ਖ਼ਰਾ ਉਤਰਿਆ। ਇਸ ਨਾਲ ਪੱਛਮੀ ਏਸ਼ੀਆ ਦੇ ਸੰਕਟ, ਤੇਜ਼ੀ ਨਾਲ ਬਦਲਦੇ ਊਰਜਾ ਬਾਜ਼ਾਰ ਅਤੇ ਆਲਮੀ ਅਨਿਸ਼ਚਿਤਤਾਵਾਂ ਦੇ ਬਾਵਜੂਦ ਭਾਰਤ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚ ਬਣਿਆ ਹੋਇਆ ਹੈ। ਇਹ ਵਾਧਾ ਕਈ ਖੇਤਰਾਂ ਦੀ ਬਿਹਤਰ ਕਾਰਗੁਜ਼ਾਰੀ ਸਦਕਾ ਹੈ। ਉਤਪਾਦਨ ਖੇਤਰ 9.2 ਫ਼ੀਸਦੀ ਵਧਿਆ ਜਦੋਂਕਿ ਸੇਵਾ ਖੇਤਰ ਵਿੱਚ ਵੀ ਮਜ਼ਬੂਤ ਤੇਜ਼ੀ ਦੇਖੀ ਗਈ।

ਲੋਕਾਂ ਵੱਲੋਂ ਖਪਤ ਵੀ ਵਧੀਆ ਰਹੀ ਅਤੇ ਮਸ਼ੀਨਰੀ ਉਤਪਾਦਨ ਤੇ ਸਰਕਾਰੀ ਖਰਚੇ ਵਧਣ ਨਾਲ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਜਾਰੀ ਹੈ। ਹਾਲਾਂਕਿ, ਖੇਤੀਬਾੜੀ ਖੇਤਰ ਅਜੇ ਵੀ ਮੌਸਮ ਦੇ ਉਤਰਾਅ-ਚੜ੍ਹਾਅ ਪ੍ਰਤੀ ਸੰਵੇਦਨਸ਼ੀਲ ਹੈ। ਇਹ ਅੰਕੜੇ ਪੂਰੇ ਸਾਲ ਦੇ ਵਿਕਾਸ 'ਚ ਵਾਧੇ ਦੀ ਸੰਭਾਵਨਾ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ। ਜੇਕਰ ਘਰੇਲੂ ਮੰਗ ਅਤੇ ਨਿਵੇਸ਼ ਮਜ਼ਬੂਤ ਰਹਿੰਦੇ ਹਨ ਤਾਂ ਆਰ ਬੀ ਆਈ ਦਾ ਮੌਜੂਦਾ 6.7 ਫ਼ੀਸਦੀ ਦਾ ਅਨੁਮਾਨ ਘੱਟ ਸਾਬਿਤ ਹੋ ਸਕਦਾ ਹੈ। ਫਿਰ ਵੀ ਕਿਸੇ ਇੱਕ ਚੰਗੀ ਤਿਮਾਹੀ ਨੂੰ ਜੋਖ਼ਮਾਂ ਤੋਂ ਸੁਰੱਖਿਆ ਨਹੀਂ ਸਮਝਣਾ ਚਾਹੀਦਾ। 7.8 ਫ਼ੀਸਦੀ ਵਿਕਾਸ ਦਰ ਪਿਛਲੀ ਤਿਮਾਹੀ ਦੇ 8.6 ਫ਼ੀਸਦੀ ਦੇ ਵਾਧੇ ਨਾਲੋਂ ਗਿਰਾਵਟ ਨੂੰ ਦਰਸਾਉਂਦੀ ਹੈ। ਬਾਹਰੀ ਅਨਿਸ਼ਚਿਤਤਾਵਾਂ ਅਜੇ ਵੀ ਗੰਭੀਰ ਹਨ। ਵਪਾਰਕ ਤਣਾਅ, ਭੂ-ਸਿਆਸੀ ਵਿਵਾਦ ਅਤੇ ਊਰਜਾ ਸਪਲਾਈ ਵਿੱਚ ਸੰਭਾਵੀ ਰੁਕਾਵਟਾਂ ਕੱਚੇ ਮਾਲ ਦੀਆਂ ਲਾਗਤਾਂ ਨੂੰ ਵਧਾ ਅਤੇ ਨਿਰਯਾਤ ਦੀਆਂ ਸੰਭਾਵਨਾਵਾਂ ਨੂੰ ਕਮਜ਼ੋਰ ਕਰ ਸਕਦੀਆਂ ਹਨ। ਕੱਚੇ ਤੇਲ ਦੀਆਂ ਉੱਚੀਆਂ ਕੀਮਤਾਂ ਭਾਰਤ ਵਰਗੇ ਤੇਲ ਦਰਾਮਦ ਕਰਨ ਵਾਲੇ ਦੇਸ਼ ਲਈ ਖ਼ਾਸ ਤੌਰ 'ਤੇ ਨੁਕਸਾਨਦੇਹ ਹੋ ਸਕਦੀਆਂ ਹਨ। ਘਰੇਲੂ ਕਾਰਕਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਮਹਿੰਗਾਈ ਅਤੇ ਬੇਰੁਜ਼ਗਾਰੀ ਬਾਰੇ ਸਵਾਲਾਂ ਨੂੰ ਸਿਰਫ਼ ਇਸ ਲਈ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਜੀ ਡੀ ਪੀ ਦਾ ਵਾਧਾ ਉਮੀਦਾਂ ਤੋਂ ਵੱਧ ਰਿਹਾ ਹੈ। ਸਿਆਸੀ ਪ੍ਰਤੀਕਰਮ ਅਨੁਮਾਨਿਤ ਤੌਰ 'ਤੇ ਵੱਖੋ-ਵੱਖਰੇ ਰਹੇ ਹਨ। ਸਰਕਾਰ ਨੇ ਦੇਸ਼ ਦੀ ਮਜ਼ਬੂਤੀ ਅਤੇ ਸੁਧਾਰਾਂ ਨੂੰ ਉਜਾਗਰ ਕੀਤਾ ਹੈ ਜਦੋਂਕਿ ਵਿਰੋਧੀ ਧਿਰ ਨੇ ਜੀ ਡੀ ਪੀ ਦੇ ਅੰਕੜਿਆਂ ਨੂੰ ਤਿਆਰ ਕਰਨ ਦੇ ਤਰੀਕੇ 'ਤੇ ਸਵਾਲ ਉਠਾਏ ਹਨ। ਅਜਿਹੀ ਘੋਖ-ਪੜਤਾਲ ਸਿਹਤਮੰਦ ਜਮਹੂਰੀਅਤ ਲਈ ਚੰਗੀ ਹੈ, ਬਸ਼ਰਤੇ ਬਹਿਸ ਤੱਥਾਂ 'ਤੇ ਆਧਾਰਿਤ ਰਹੇ। ਤਾਜ਼ਾ ਅੰਕੜਿਆਂ ਦੀ ਸ਼ਲਾਘਾ ਹੋਣੀ ਚਾਹੀਦੀ ਹੈ ਪਰ ਇਸ ਨਾਲ ਹੰਕਾਰ ਜਾਂ ਲਾਪਰਵਾਹੀ ਨਹੀਂ ਆਉਣੀ ਚਾਹੀਦੀ। ਅਸਲ ਪ੍ਰੀਖਿਆ ਇਹ ਹੋਵੇਗੀ ਕਿ ਕੀ ਭਾਰਤ ਇਸ ਤਿਮਾਹੀ ਦੀ ਗਤੀ ਨੂੰ ਲਗਾਤਾਰ ਅਤੇ ਵਿਆਪਕ ਵਿਕਾਸ ਵਿੱਚ ਬਦਲ ਸਕਦਾ ਹੈ, ਜਿਸ ਨਾਲ ਰੁਜ਼ਗਾਰ ਪੈਦਾ ਹੋਣ, ਆਮਦਨ ਵਧੇ ਅਤੇ ਆਉਣ ਵਾਲੇ ਸਮੇਂ ਵਿੱਚ ਆਲਮੀ ਝਟਕਿਆਂ ਦਾ ਮੁਕਾਬਲਾ ਕੀਤਾ ਜਾ ਸਕੇ?

# ਜੰਮੂ ਕਸ਼ਮੀਰ ਨੂੰ ਮੁੜ ਮਿਲੇ ਪੂਰਨ ਰਾਜ ਦਾ ਦਰਜਾ, ਕੇਂਦਰ ਆਪਣਾ ਵਾਅਦਾ ਤੁਰੰਤ ਪੂਰਾ ਕਰੇ

ਧਾਰਾ 370 ਹਟਾਏ ਜਾਣ ਤੋਂ ਬਾਅਦ ਦਿੱਤੇ ਗਏ ਭਰੋਸਿਆਂ ਦੇ ਬਾਵਜੂਦ ਰਾਜ ਦਾ ਦਰਜਾ ਬਹਾਲ ਨਾ ਹੋਣ 'ਤੇ ਸਵਾਲ; ਚੁਣੀ ਹੋਈ ਸਰਕਾਰ ਦੀਆਂ ਸ਼ਕਤੀਆਂ ਅਤੇ ਲੋਕਤੰਤਰਕ ਪ੍ਰਬੰਧ ਨੂੰ ਲੈ ਕੇ ਵੀ ਚਿੰਤਾ




5 ਅਗਸਤ 2019 ਨੂੰ ਸੰਵਿਧਾਨ ਦੀ ਧਾਰਾ 370 ਅਤੇ 35ਏ ਨੂੰ ਰੱਦ ਕਰਨ ਤੋਂ ਬਾਅਦ ਜੰਮੂ ਕਸ਼ਮੀਰ ਦੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ—ਜੰਮੂ ਕਸ਼ਮੀਰ ਅਤੇ ਲੱਦਾਖ—ਵਿੱਚ ਵੰਡ ਦਿੱਤਾ ਗਿਆ ਸੀ। ਇਹ ਕਦਮ ਇਸ ਭਰੋਸੇ ਨਾਲ ਚੁੱਕਿਆ ਗਿਆ ਸੀ ਕਿ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਜਲਦੀ ਹੀ ਬਹਾਲ ਕਰ ਦਿੱਤਾ ਜਾਵੇਗਾ।

ਧਾਰਾ 370 ਨੂੰ ਮਨਸੂਖ ਕੀਤੇ ਜਾਣ ਤੋਂ ਬਾਅਦ ਇਸ ਸਬੰਧੀ ਕਈ ਵਾਰ ਭਰੋਸੇ ਵੀ ਦਿੱਤੇ ਗਏ। ਇਨ੍ਹਾਂ ਵਿੱਚ ਭਾਰਤ ਦੀ ਸੁਪਰੀਮ ਕੋਰਟ ਸਾਹਮਣੇ ਦਿੱਤੇ ਗਏ ਵਚਨ, ਜੰਮੂ ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ ਦੀ ਤਿਆਰੀ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਵਾਅਦੇ ਅਤੇ ਸੰਸਦ ਵਿੱਚ ਗ੍ਰਹਿ ਮੰਤਰੀ ਵੱਲੋਂ ਦਿੱਤੇ ਬਿਆਨ ਸ਼ਾਮਲ ਹਨ। ਇਨ੍ਹਾਂ ਬਿਆਨਾਂ ਵਿੱਚ ਢੁਕਵੇਂ ਸਮੇਂ 'ਤੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਦਾ ਭਰੋਸਾ ਦਿੱਤਾ ਗਿਆ ਸੀ।

ਪਰ ਇਨ੍ਹਾਂ ਭਰੋਸਿਆਂ ਦੇ ਬਾਵਜੂਦ ਅਜੇ ਤੱਕ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਨਹੀਂ ਕੀਤਾ ਗਿਆ। ਇਸ ਕਾਰਨ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਨੇ 20 ਜੁਲਾਈ ਨੂੰ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ, ਤਾਂ ਜੋ ਸੰਸਦ ਦੇ ਸਾਹਮਣੇ ਪ੍ਰਦਰਸ਼ਨ ਕਰਕੇ ਰਾਜ ਦਾ ਦਰਜਾ ਬਹਾਲ ਕਰਨ ਦੀ ਇਸ ਜਾਇਜ਼ ਮੰਗ ਦਾ ਸਮਰਥਨ ਕੀਤਾ ਜਾ ਸਕੇ।

ਧਾਰਾ 370 ਹਟਾਏ ਜਾਣ ਨੂੰ ਕਾਫ਼ੀ ਸਮਾਂ ਬੀਤ ਚੁੱਕਾ ਹੈ। ਇਸ ਪੂਰੇ ਦੌਰਾਨ ਜੋ ਕੁਝ ਵਾਪਰਿਆ, ਉਹ ਸਿਰਫ਼ ਕਿਸੇ ਰਾਜ ਦੇ ਵਿਸ਼ੇਸ਼ ਦਰਜੇ ਨੂੰ ਖ਼ਤਮ ਕਰਨ ਤੱਕ ਸੀਮਤ ਨਹੀਂ ਰਿਹਾ, ਸਗੋਂ ਇਸ ਨੂੰ ਲੋਕਤੰਤਰਕ ਪ੍ਰਬੰਧ ਨਾਲ ਜੁੜੇ ਗੰਭੀਰ ਸਵਾਲਾਂ ਵਜੋਂ ਵੀ ਦੇਖਿਆ ਜਾ ਰਿਹਾ ਹੈ। ਇਸ ਨੂੰ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਧੋਖੇ ਦੇ ਨਾਲ-ਨਾਲ ਦੇਸ਼ ਦੀਆਂ ਧਰਮ ਨਿਰਪੱਖ ਅਤੇ ਲੋਕਤੰਤਰਕ ਕਦਰਾਂ-ਕੀਮਤਾਂ ਲਈ ਵੀ ਚੁਣੌਤੀ ਮੰਨਿਆ ਜਾ ਰਿਹਾ ਹੈ।

ਧਾਰਾ 370 ਹਟਾਏ ਜਾਣ ਤੋਂ ਬਾਅਦ ਕ੍ਰਾਂਤੀਕਾਰੀ ਜ਼ਮੀਨੀ ਸੁਧਾਰਾਂ ਦੇ ਦੌਰ ਵਿੱਚ ਲਾਗੂ ਕੀਤੇ ਗਏ ਕਈ ਪ੍ਰਗਤੀਸ਼ੀਲ ਜ਼ਮੀਨੀ ਕਾਨੂੰਨ ਵੀ ਖ਼ਤਮ ਕਰ ਦਿੱਤੇ ਗਏ। ਇਹ ਕਾਨੂੰਨ ਜੰਮੂ ਕਸ਼ਮੀਰ ਲਈ ਵਿਸ਼ੇਸ਼ ਮਹੱਤਵ ਰੱਖਦੇ ਸਨ। ਇਸ ਦੇ ਨਾਲ ਹੀ ਰਾਜ ਦੇ ਪੁਰਾਣੇ ਵਸਨੀਕੀ ਕਾਨੂੰਨ ਨੂੰ ਵੀ ਰੱਦ ਕਰ ਦਿੱਤਾ ਗਿਆ।

ਸੋਧੇ ਹੋਏ ਨਿਯਮਾਂ ਤਹਿਤ ਹੁਣ ਸੂਬੇ ਤੋਂ ਬਾਹਰ ਦੇ ਲੋਕਾਂ ਨੂੰ ਵੀ ਵਸਨੀਕੀ ਪ੍ਰਮਾਣ ਪੱਤਰ ਜਾਰੀ ਕੀਤੇ ਜਾ ਰਹੇ ਹਨ। ਇਸ ਤਬਦੀਲੀ ਨੇ ਸਥਾਨਕ ਆਬਾਦੀ ਦੇ ਹਿੱਤਾਂ ਅਤੇ ਭਵਿੱਖ ਨੂੰ ਲੈ ਕੇ ਚਿੰਤਾਵਾਂ ਨੂੰ ਹੋਰ ਗੰਭੀਰ ਕੀਤਾ ਹੈ।

ਜੰਮੂ ਕਸ਼ਮੀਰ ਵਿੱਚ ਬੇਰੁਜ਼ਗਾਰੀ ਅਤੇ ਆਰਥਿਕ ਮੰਦੀ ਦੀ ਸਥਿਤੀ ਵੀ ਚਿੰਤਾਜਨਕ ਬਣੀ ਹੋਈ ਹੈ। ਸਾਂਖਿਅਕੀ ਅਤੇ ਕਾਰਜਕ੍ਰਮ ਲਾਗੂਕਰਨ ਮੰਤਰਾਲੇ ਵੱਲੋਂ 2024 ਵਿੱਚ ਜਾਰੀ ਕੀਤੇ ਗਏ ਆਵਧੀਕ ਕਿਰਤ ਸ਼ਕਤੀ ਸਰਵੇਖਣ ਦੇ ਅੰਕੜਿਆਂ ਅਨੁਸਾਰ ਜੰਮੂ ਕਸ਼ਮੀਰ ਵਿੱਚ ਬੇਰੁਜ਼ਗਾਰੀ ਦੀ ਦਰ 11.8 ਫ਼ੀਸਦੀ ਸੀ, ਜਦਕਿ ਦੇਸ਼ ਦੀ ਕੌਮੀ ਬੇਰੁਜ਼ਗਾਰੀ ਦਰ 6.4 ਫ਼ੀਸਦੀ ਸੀ। ਇਸ ਤਰ੍ਹਾਂ ਜੰਮੂ ਕਸ਼ਮੀਰ ਵਿੱਚ ਬੇਰੁਜ਼ਗਾਰੀ ਦੀ ਦਰ ਕੌਮੀ ਦਰ ਨਾਲੋਂ ਲਗਪਗ ਦੁੱਗਣੀ ਰਹੀ।

ਇਸ ਤੋਂ ਇਲਾਵਾ ਨਸ਼ਿਆਂ ਦੀ ਸਮੱਸਿਆ ਨੇ ਵੀ ਜੰਮੂ ਕਸ਼ਮੀਰ ਵਿੱਚ ਚਿੰਤਾਜਨਕ ਰੂਪ ਧਾਰਨ ਕਰ ਲਿਆ ਹੈ। ਨੌਜਵਾਨਾਂ ਵਿੱਚ ਨਸ਼ਿਆਂ ਦੀ ਵਧ ਰਹੀ ਸਮੱਸਿਆ ਸਮਾਜਿਕ ਅਤੇ ਆਰਥਿਕ ਚਿੰਤਾਵਾਂ ਨੂੰ ਹੋਰ ਗਹਿਰਾ ਕਰ ਰਹੀ ਹੈ।

ਰਾਜਨੀਤਕ ਪੱਧਰ 'ਤੇ ਵੀ ਜੰਮੂ ਕਸ਼ਮੀਰ ਦੇ ਪੁਨਰਗਠਨ ਅਤੇ ਰਾਜ ਦਾ ਦਰਜਾ ਘਟਾਏ ਜਾਣ ਤੋਂ ਬਾਅਦ ਹੋਈਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਥਾਨਕ ਲੋਕਾਂ ਨੇ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਨੂੰ ਨਕਾਰ ਦਿੱਤਾ। ਵਿਧਾਨ ਸਭਾ ਚੋਣਾਂ ਵਿੱਚ ਮਿਲੇ ਇਸ ਝਟਕੇ ਦੇ ਬਾਵਜੂਦ ਭਾਜਪਾ ਵੱਲੋਂ ਇਸ ਤੋਂ ਕੋਈ ਸਬਕ ਨਾ ਸਿੱਖਣ ਦੇ ਦੋਸ਼ ਲਗਾਏ ਜਾ ਰਹੇ ਹਨ।

ਇਸ ਸਮੇਂ ਜੰਮੂ ਕਸ਼ਮੀਰ ਪ੍ਰਸ਼ਾਸਨਿਕ ਖੜੋਤ ਦਾ ਸਾਹਮਣਾ ਕਰ ਰਿਹਾ ਹੈ। ਦੋਸ਼ ਹੈ ਕਿ ਉਪ ਰਾਜਪਾਲ ਵੱਲੋਂ ਚੁਣੀ ਹੋਈ ਸਰਕਾਰ ਅਤੇ ਮੁੱਖ ਮੰਤਰੀ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਸਥਾਨਕ ਲੋਕਾਂ ਦਾ ਦਰਦ ਉਸ ਵੇਲੇ ਹੋਰ ਵਧ ਜਾਂਦਾ ਹੈ ਜਦੋਂ ਉਨ੍ਹਾਂ ਦੇ ਚੁਣੇ ਹੋਏ ਮੁੱਖ ਮੰਤਰੀ ਨੂੰ ਜੰਮੂ ਕਸ਼ਮੀਰ ਨਾਲ ਸਬੰਧਤ ਸੁਰੱਖਿਆ ਸਮੀਖਿਆ ਬੈਠਕਾਂ ਦੀ ਜਾਣਕਾਰੀ ਤੱਕ ਨਹੀਂ ਦਿੱਤੀ ਜਾਂਦੀ।

ਅਜਿਹੀਆਂ ਸੁਰੱਖਿਆ ਸਮੀਖਿਆ ਬੈਠਕਾਂ ਦੀ ਅਗਵਾਈ ਆਦਰਸ਼ਕ ਤੌਰ 'ਤੇ ਚੁਣੀ ਹੋਈ ਸਰਕਾਰ ਦੇ ਮੁੱਖ ਮੰਤਰੀ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਉਲਟ ਉਪ ਰਾਜਪਾਲ ਵੱਲੋਂ ਚੁਣੀ ਹੋਈ ਸਰਕਾਰ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਜੰਮੂ ਕਸ਼ਮੀਰ ਪ੍ਰਸ਼ਾਸਨਿਕ ਸੇਵਾ ਦੇ ਅਧਿਕਾਰੀਆਂ ਦੇ ਤਬਾਦਲੇ ਕੀਤੇ ਜਾਣ ਦੇ ਦੋਸ਼ ਵੀ ਲੱਗ ਰਹੇ ਹਨ।

ਇਸ ਤੋਂ ਇਲਾਵਾ ਪੁਲੀਸ ਅਤੇ ਕਾਨੂੰਨ ਵਿਵਸਥਾ 'ਤੇ ਉਪ ਰਾਜਪਾਲ ਦਾ ਵਿਸ਼ੇਸ਼ ਕੰਟਰੋਲ ਹੋਣ ਦੇ ਬਾਵਜੂਦ ਪਹਿਲਗਾਮ ਵਿੱਚ ਸੁਰੱਖਿਆ ਪ੍ਰਬੰਧਾਂ ਵਿੱਚ ਖਾਮੀਆਂ ਸਾਹਮਣੇ ਆਈਆਂ। ਕਸ਼ਮੀਰ ਵਿੱਚ ਵਿਆਪਕ ਪ੍ਰਸ਼ਾਸਨਿਕ ਸ਼ਕਤੀਆਂ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਭਾਰਤ ਦੀ ਧਰਤੀ 'ਤੇ ਹੋਏ ਅਤਿਵਾਦੀ ਹਮਲੇ ਨੂੰ ਰੋਕਣ ਵਿੱਚ ਅਸਮਰੱਥ ਰਹੀ।

ਹੁਣ ਉਪ ਰਾਜਪਾਲ ਵੱਲੋਂ ਮੁੱਖ ਮੰਤਰੀ ਦਫ਼ਤਰ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਿਆਂ ਸੁਰੱਖਿਆ ਜਾਂਚ, ਨਿਗਰਾਨੀ ਕੇਂਦਰਾਂ, ਰਾਤ ਦੀ ਗਸ਼ਤ ਅਤੇ ਹਥਿਆਰਬੰਦ ਬਲਾਂ ਵਿਚਕਾਰ ਤਾਲਮੇਲ ਸਬੰਧੀ ਸਿੱਧੇ ਹੁਕਮ ਜਾਰੀ ਕੀਤੇ ਜਾਣ ਦਾ ਮੁੱਦਾ ਵੀ ਚਰਚਾ ਵਿੱਚ ਹੈ। ਅਜਿਹੇ ਹਾਲਾਤ ਵਿੱਚ ਇਹ ਸਵਾਲ ਉੱਠਦਾ ਹੈ ਕਿ ਕਸ਼ਮੀਰ ਵਿੱਚ ਕਾਨੂੰਨ ਅਤੇ ਭਾਰਤੀ ਸੰਵਿਧਾਨ ਦੀ ਰੱਖਿਆ ਕਿਵੇਂ ਯਕੀਨੀ ਬਣਾਈ ਜਾ ਸਕਦੀ ਹੈ।

ਇਹ ਪਹੁੰਚ ਸਿਆਸੀ ਅਸਥਿਰਤਾ ਨੂੰ ਵਧਾ ਸਕਦੀ ਹੈ ਅਤੇ ਆਮ ਹਾਲਾਤ ਬਹਾਲ ਕਰਨ ਅਤੇ ਲੋਕਾਂ ਵਿਚਕਾਰ ਮੇਲ-ਮਿਲਾਪ ਦੀ ਪ੍ਰਕਿਰਿਆ ਵਿੱਚ ਦੇਰੀ ਦਾ ਕਾਰਨ ਬਣ ਸਕਦੀ ਹੈ। ਇਸ ਨਾਲ ਅਮਨ ਅਤੇ ਵਿਕਾਸ ਦੀਆਂ ਕੋਸ਼ਿਸ਼ਾਂ ਨੂੰ ਵੀ ਨੁਕਸਾਨ ਪਹੁੰਚਣ ਦਾ ਖ਼ਦਸ਼ਾ ਹੈ।

ਇਕਜੁੱਟਤਾ ਕਦੇ ਵੀ ਧੱਕੇਸ਼ਾਹੀ ਜਾਂ ਦਮਨ ਰਾਹੀਂ ਹਾਸਲ ਨਹੀਂ ਕੀਤੀ ਜਾ ਸਕਦੀ। ਇਹ ਸਿਰਫ਼ ਸਾਰੇ ਹਿੱਸੇਦਾਰਾਂ ਨਾਲ ਗੱਲਬਾਤ, ਬਹਿਸ ਅਤੇ ਵਿਚਾਰ-ਵਟਾਂਦਰੇ ਰਾਹੀਂ ਹੀ ਸੰਭਵ ਹੈ। ਇਸ ਦੇ ਬਾਵਜੂਦ ਵਾਰ-ਵਾਰ ਦਿੱਤੇ ਗਏ ਭਰੋਸਿਆਂ ਤੋਂ ਬਾਅਦ ਵੀ ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਦੇ ਲੋਕਾਂ ਜਾਂ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਕੋਈ ਸਾਰਥਿਕ ਸਿਆਸੀ ਗੱਲਬਾਤ ਨਹੀਂ ਕੀਤੀ ਗਈ।

ਇਸ ਦੇ ਬਾਵਜੂਦ ਕਸ਼ਮੀਰੀ ਲੋਕਾਂ ਨੇ ਵੰਡਪਾਊ ਤਾਕਤਾਂ ਵਿਰੁੱਧ ਇਕਜੁੱਟ ਰਹਿਣ ਦੀ ਆਪਣੀ ਰਵਾਇਤ ਨੂੰ ਕਾਇਮ ਰੱਖਿਆ ਹੈ। ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਵੀ ਕਸ਼ਮੀਰੀਆਂ ਨੇ ਸਮੂਹਿਕ ਤੌਰ 'ਤੇ ਦੇਸ਼ ਨਾਲ ਆਪਣੀ ਇਕਜੁੱਟਤਾ ਦਾ ਪ੍ਰਦਰਸ਼ਨ ਕੀਤਾ।

ਸਾਲ 2019 ਤੋਂ ਕਸ਼ਮੀਰੀ ਲੋਕ ਅਸਾਧਾਰਨ ਸੁਰੱਖਿਆ ਅਤੇ ਪ੍ਰਸ਼ਾਸਨਿਕ ਦਬਾਅ ਹੇਠ ਜ਼ਿੰਦਗੀ ਬਤੀਤ ਕਰ ਰਹੇ ਹਨ। ਅਤਿਵਾਦ ਜਾਂ ਅਤਿਵਾਦੀ ਹਮਦਰਦਾਂ ਨਾਲ ਕਥਿਤ ਸਬੰਧਾਂ ਦੇ ਦੋਸ਼ ਹੇਠ ਸਰਕਾਰੀ ਕਰਮਚਾਰੀਆਂ ਨੂੰ ਮੁਅੱਤਲ ਕੀਤੇ ਜਾਣ ਦੇ ਮਾਮਲੇ ਵੀ ਸਾਹਮਣੇ ਆਏ ਹਨ। ਦੂਜੇ ਪਾਸੇ ਸਰਕਾਰ ਵੱਲੋਂ ਦੁਨੀਆ ਦੇ ਸਾਹਮਣੇ ਵਾਰ-ਵਾਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਕਸ਼ਮੀਰ ਸ਼ਾਂਤੀ ਅਤੇ ਆਮ ਹਾਲਾਤ ਦੇ ਨਵੇਂ ਦੌਰ ਵਿੱਚ ਦਾਖ਼ਲ ਹੋ ਚੁੱਕਾ ਹੈ।

ਪਰ ਅਸਾਧਾਰਨ ਸੁਰੱਖਿਆ ਉਪਾਅ, ਛਾਪੇਮਾਰੀ, ਹਿਰਾਸਤ, ਬਰਖ਼ਾਸਤਗੀ ਅਤੇ ਵੱਖ-ਵੱਖ ਕਿਸਮ ਦੀਆਂ ਰੋਕਾਂ ਅਜੇ ਵੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣੀਆਂ ਹੋਈਆਂ ਹਨ। ਨਿਸ਼ਾਨਾ ਬਣਾ ਕੇ ਕੀਤੇ ਜਾਣ ਵਾਲੇ ਹਮਲੇ ਇਸ ਗੱਲ ਦੀ ਦਰਦਨਾਕ ਚਿਤਾਵਨੀ ਹਨ ਕਿ ਕਸ਼ਮੀਰ ਦਾ ਮੁੱਦਾ ਅਜੇ ਸੁਲਝਣ ਤੋਂ ਬਹੁਤ ਦੂਰ ਹੈ।

ਸਾਲ 2019 ਤੋਂ ਹੁਣ ਤੱਕ ਘੱਟ ਗਿਣਤੀ ਭਾਈਚਾਰੇ ਦੇ 25 ਮੈਂਬਰਾਂ ਨੂੰ ਨਿਸ਼ਾਨਾ ਬਣਾ ਕੇ ਮਾਰੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਜਦੋਂ ਇੱਕ ਹੋਰ ਅਤਿਵਾਦੀ ਹਮਲੇ ਵਿੱਚ ਦੋ ਪਰਵਾਸੀ ਮਜ਼ਦੂਰਾਂ ਦੀ ਮੌਤ ਹੋਈ ਤਾਂ ਛਾਪੇਮਾਰੀ, ਹਿਰਾਸਤ ਅਤੇ ਸ਼ੱਕ ਦਾ ਉਹੀ ਪੁਰਾਣਾ ਦੌਰ ਮੁੜ ਸ਼ੁਰੂ ਹੋ ਗਿਆ।

ਬਾਹਰੋਂ ਦੇਖਣ 'ਤੇ ਸਭ ਕੁਝ ਆਮ ਜਾਪ ਸਕਦਾ ਹੈ, ਪਰ ਵਾਦੀ ਵਿੱਚ ਕੁਝ ਦਿਨ ਬਿਤਾਉਣ ਵਾਲੇ ਸੈਲਾਨੀ ਦੇ ਤਜਰਬੇ ਦੇ ਆਧਾਰ 'ਤੇ ਆਮ ਸਥਿਤੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਅਸਲੀ ਆਮ ਸਥਿਤੀ ਉਸ ਵੇਲੇ ਹੀ ਮੰਨੀ ਜਾ ਸਕਦੀ ਹੈ ਜਦੋਂ ਆਮ ਨਾਗਰਿਕ ਖੁੱਲ੍ਹ ਕੇ ਆਪਣੀ ਗੱਲ ਕਹਿਣ ਵਿੱਚ ਸੁਰੱਖਿਅਤ ਮਹਿਸੂਸ ਕਰਨ ਅਤੇ ਪਰਿਵਾਰਾਂ ਨੂੰ ਇਹ ਭਰੋਸਾ ਹੋਵੇ ਕਿ ਕਾਨੂੰਨ ਉਨ੍ਹਾਂ ਦੀ ਰੱਖਿਆ ਕਰੇਗਾ।

1990 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਹੋਈ ਹਿੰਸਾ ਤੋਂ ਬਾਅਦ ਪੈਦਾ ਹੋਈਆਂ ਕਸ਼ਮੀਰ ਦੀਆਂ ਪੀੜ੍ਹੀਆਂ, ਜਿਨ੍ਹਾਂ ਵਿੱਚ ਨਵੀਂ ਪੀੜ੍ਹੀ ਦੇ ਬੱਚੇ ਵੀ ਸ਼ਾਮਲ ਹਨ, ਆਪਣੇ ਮਾਪਿਆਂ, ਰਿਸ਼ਤੇਦਾਰਾਂ ਅਤੇ ਗੁਆਂਢੀਆਂ ਨੂੰ ਤਲਬ ਕੀਤੇ ਜਾਂਦੇ, ਹਿਰਾਸਤ ਵਿੱਚ ਲਏ ਜਾਂਦੇ ਅਤੇ ਪੁੱਛ-ਪੜਤਾਲ ਦਾ ਸਾਹਮਣਾ ਕਰਦੇ ਦੇਖ ਕੇ ਵੱਡੀਆਂ ਹੋ ਰਹੀਆਂ ਹਨ।

ਉਹ ਇੱਕ ਅਜਿਹੀ ਪ੍ਰਣਾਲੀ ਦੇਖ ਰਹੇ ਹਨ ਜਿਸ ਵਿੱਚ ਸਮਾਜ ਦੇ ਇੱਕ ਹਿੱਸੇ ਨੂੰ ਵਾਰ-ਵਾਰ ਇਹ ਭਰੋਸਾ ਦਿੱਤਾ ਜਾਂਦਾ ਹੈ ਕਿ ਸਭ ਕੁਝ ਆਮ ਹੈ, ਜਦਕਿ ਦੂਜੇ ਹਿੱਸੇ ਨੂੰ ਲਗਾਤਾਰ ਇਹ ਸਾਬਿਤ ਕਰਨ ਲਈ ਕਿਹਾ ਜਾਂਦਾ ਹੈ ਕਿ ਉਹ ਕਿਸੇ ਖ਼ਤਰੇ ਦਾ ਹਿੱਸਾ ਨਹੀਂ ਹਨ। ਅਜਿਹੀ ਸਥਿਤੀ ਵਿੱਚ ਅਸਲ ਆਮ ਮਾਹੌਲ ਪੈਦਾ ਨਹੀਂ ਹੋ ਸਕਦਾ।

ਕਸ਼ਮੀਰੀ ਪੰਡਿਤਾਂ ਦੀ ਵਾਪਸੀ ਲਈ ਸੱਚਮੁੱਚ ਯਤਨਸ਼ੀਲ ਸਰਕਾਰ ਨੂੰ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਹੈ, ਜਿਸ ਵਿੱਚ ਉਹ ਕੁਦਰਤੀ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਨ। ਉਨ੍ਹਾਂ ਨੂੰ ਆਮ ਸਥਿਤੀ ਦਾ ਭੁਲੇਖਾ ਪੈਦਾ ਕਰਨ ਲਈ ਸਰਕਾਰੀ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਮਜਬੂਰ ਕਰਨ ਦੀ ਬਜਾਏ ਉਨ੍ਹਾਂ ਲਈ ਅਜਿਹੇ ਹਾਲਾਤ ਬਣਾਉਣੇ ਚਾਹੀਦੇ ਹਨ ਜਿੱਥੇ ਸੁਰੱਖਿਆ ਅਤੇ ਭਰੋਸਾ ਉਨ੍ਹਾਂ ਦੀ ਜ਼ਿੰਦਗੀ ਦਾ ਕੁਦਰਤੀ ਹਿੱਸਾ ਬਣ ਸਕੇ।

ਰਾਜ ਨੂੰ ਆਮ ਨਾਗਰਿਕਾਂ ਅਤੇ ਅਤਿਵਾਦੀਆਂ ਵਿਚਕਾਰ ਸਪੱਸ਼ਟ ਫ਼ਰਕ ਕਰਨਾ ਚਾਹੀਦਾ ਹੈ। ਇਹ ਫ਼ਰਕ ਸਿਰਫ਼ ਇੱਜ਼ਤ, ਨਿਆਂ, ਸੁਰੱਖਿਆ, ਗੱਲਬਾਤ ਅਤੇ ਸੱਚਮੁੱਚ ਮਨੁੱਖੀ ਪਹੁੰਚ ਰਾਹੀਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਹੋਰ ਉਲਝਣਾਂ ਅਤੇ ਬੇਭਰੋਸਗੀ ਤੋਂ ਬਚਣ ਲਈ ਅਦਾਲਤਾਂ, ਸੰਸਦ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਕੀਤਾ ਗਿਆ ਰਾਜ ਦਾ ਦਰਜਾ ਬਹਾਲ ਕਰਨ ਦਾ ਵਾਅਦਾ ਬਿਨਾਂ ਕਿਸੇ ਹੋਰ ਦੇਰੀ ਦੇ ਪੂਰਾ ਕੀਤਾ ਜਾਣਾ ਚਾਹੀਦਾ ਹੈ। ਚੁਣੀ ਹੋਈ ਸਰਕਾਰ ਨੂੰ ਉਸ ਦੀਆਂ ਸੰਵਿਧਾਨਕ ਸ਼ਕਤੀਆਂ ਦੇ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦਾ ਮੌਕਾ ਦੇਣਾ ਅਤੇ ਲੋਕਾਂ ਨਾਲ ਸਾਰਥਿਕ ਸਿਆਸੀ ਗੱਲਬਾਤ ਸ਼ੁਰੂ ਕਰਨਾ ਹੀ ਜੰਮੂ ਕਸ਼ਮੀਰ ਵਿੱਚ ਭਰੋਸਾ, ਅਮਨ ਅਤੇ ਵਿਕਾਸ ਦੀ ਮਜ਼ਬੂਤ ਨੀਂਹ ਬਣ ਸਕਦਾ ਹੈ।

# ਪੰਜਾਬ ਦੀ ਮਾਲੀ ਹਾਲਤ 'ਤੇ ਤਿੰਨਾਂ ਸਰਕਾਰਾਂ ਦੇ ਦੌਰ ਦਾ ਲੇਖਾ-ਜੋਖਾ, ਕਰਜ਼ੇ ਅਤੇ ਵਚਨਬੱਧ ਖ਼ਰਚਿਆਂ ਨੇ ਵਧਾਇਆ ਸੰਕਟ

ਪੰਜਾਬ ਦਾ ਵਿੱਤੀ ਸੰਕਟ ਕਿਸੇ ਇੱਕ ਸਰਕਾਰ ਦੀ ਦੇਣ ਨਹੀਂ; ਸੀਮਿਤ ਮਾਲੀਆ ਵਾਧਾ, ਵਧਦਾ ਵਿਆਜ ਬੋਝ ਅਤੇ ਪੂੰਜੀਗਤ ਨਿਵੇਸ਼ ਦੀ ਅਣਦੇਖੀ ਨੇ ਸੂਬੇ ਨੂੰ ਗੰਭੀਰ ਦੁਸ਼ਚੱਕਰ ਵਿੱਚ ਧੱਕਿਆ

ਕਿਸੇ ਵੀ ਸੂਬੇ ਦੇ ਟਿਕਾਊ ਵਿਕਾਸ ਦਾ ਮੁੱਖ ਆਧਾਰ ਉਸ ਦਾ ਮਜ਼ਬੂਤ, ਸੰਤੁਲਿਤ ਅਤੇ ਦੂਰਅੰਦੇਸ਼ ਵਿੱਤੀ ਪ੍ਰਬੰਧਨ ਹੁੰਦਾ ਹੈ। ਪਰ ਪੰਜਾਬ ਦੀ ਆਰਥਿਕਤਾ ਪਿਛਲੇ ਕਈ ਦਹਾਕਿਆਂ ਤੋਂ ਅਜਿਹੇ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਹੈ, ਜਿਸ ਵਿੱਚ ਵਿਕਾਸਮੁਖੀ ਨੀਤੀਆਂ ਦੀ ਥਾਂ ਚੋਣੀ ਤਰਜੀਹਾਂ ਅਕਸਰ ਭਾਰੂ ਰਹੀਆਂ ਹਨ। ਜਦੋਂ ਵੀ ਸੂਬੇ ਦੀ ਮਾਲੀ ਹਾਲਤ ਦੇ ਨਿਘਾਰ 'ਤੇ ਚਰਚਾ ਹੁੰਦੀ ਹੈ ਤਾਂ ਸਿਆਸੀ ਧਿਰਾਂ ਆਪਣੀ ਜਵਾਬਦੇਹੀ ਤੋਂ ਪੱਲਾ ਝਾੜਦਿਆਂ ਸਾਰਾ ਦੋਸ਼ ਪਿਛਲੀਆਂ ਸਰਕਾਰਾਂ ਸਿਰ ਮੜ੍ਹਨ ਦਾ ਰਵਾਇਤੀ ਰਾਹ ਅਪਣਾਉਂਦੀਆਂ ਰਹੀਆਂ ਹਨ।

ਲੰਮੇ ਸਮੇਂ ਤੱਕ ਇਹ ਬਹਿਸ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਸਰਕਾਰਾਂ ਦੇ ਵਿੱਤੀ ਪ੍ਰਬੰਧਨ ਤੱਕ ਹੀ ਸੀਮਿਤ ਰਹੀ। ਪਰ 2022 ਵਿੱਚ ਸੂਬੇ ਵਿੱਚ ਹੋਏ ਸਿਆਸੀ ਬਦਲਾਅ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਕਾਰਜਕਾਲ ਵੀ ਆਪਣੇ ਅੰਤਲੇ ਪੜਾਅ ਵੱਲ ਵਧ ਰਿਹਾ ਹੈ। ਇਸ ਲਈ ਹੁਣ ਸਮਾਂ ਕਿਸੇ ਇੱਕ ਸਿਆਸੀ ਧਿਰ ਨੂੰ ਦੋਸ਼ੀ ਠਹਿਰਾਉਣ ਦੀ ਬਜਾਏ ਤਿੰਨਾਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਵਿੱਤੀ ਢਾਂਚੇ ਵਿੱਚ ਆਏ ਬਦਲਾਅ ਦੀ ਨਿਰਪੱਖ ਪੜਚੋਲ ਕਰਨ ਦਾ ਹੈ।

ਅਸਲ ਸਵਾਲ ਇਹ ਹੈ ਕਿ ਤਿੰਨਾਂ ਸਰਕਾਰਾਂ ਨੇ ਆਪਣੇ-ਆਪਣੇ ਕਾਰਜਕਾਲ ਦੌਰਾਨ ਪੰਜਾਬ ਦੀ ਮਾਲੀ ਹਾਲਤ ਸੁਧਾਰਨ ਲਈ ਕੋਈ ਢਾਂਚਾਗਤ ਯਤਨ ਕੀਤੇ ਜਾਂ ਫਿਰ ਵਿੱਤੀ ਸੰਕਟ ਨੂੰ ਹੋਰ ਡੂੰਘਾ ਕੀਤਾ। ਪੰਜਾਬ ਦੀ ਮੌਜੂਦਾ ਬਦਹਾਲੀ ਕਿਸੇ ਇੱਕ ਦੌਰ ਦੀ ਪੈਦਾਵਾਰ ਨਹੀਂ ਹੈ, ਸਗੋਂ ਸੀਮਿਤ ਮਾਲੀਆ ਵਾਧੇ, ਅਸੰਤੁਲਿਤ ਵਚਨਬੱਧ ਖ਼ਰਚਿਆਂ, ਵਧਦੇ ਵਿਆਜ ਦੇ ਬੋਝ ਅਤੇ ਪੂੰਜੀਗਤ ਨਿਵੇਸ਼ ਦੀ ਲਗਾਤਾਰ ਅਣਦੇਖੀ ਕਾਰਨ ਬਣੇ ਇੱਕ ਗੁੰਝਲਦਾਰ ਵਿੱਤੀ ਦੁਸ਼ਚੱਕਰ ਦਾ ਨਤੀਜਾ ਹੈ। ਇਸ ਗੰਭੀਰ ਸੰਕਟ ਦੀਆਂ ਵੱਖ-ਵੱਖ ਪਰਤਾਂ ਅਤੇ ਪੰਜਾਬ ਦੀ ਅਸਲ ਵਿੱਤੀ ਤਸਵੀਰ ਨੂੰ ਸਮਝਣ ਲਈ ਇਸ ਦੇ ਕਈ ਪੱਖਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ।

### ਮਾਲੀਏ ਦੀ ਸਥਿਤੀ

ਪੰਜਾਬ ਦੀ ਵਿੱਤੀ ਸਮੱਸਿਆ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਸੂਬੇ ਦੀ ਆਪਣੀ ਆਮਦਨ ਵਧਾਉਣ ਦੀ ਸਮਰੱਥਾ ਨੂੰ ਦੇਖਣਾ ਪਵੇਗਾ। ਪਿਛਲੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕੁੱਲ ਮਾਲੀਏ ਵਿੱਚ ਕਰਾਂ ਅਤੇ ਗੈਰ-ਕਰਾਂ ਤੋਂ ਹੋਣ ਵਾਲੀ ਆਮਦਨ ਦਾ ਹਿੱਸਾ ਲਗਾਤਾਰ ਬਦਲਦਾ ਰਿਹਾ ਹੈ। ਸਾਲ 2010-11 ਵਿੱਚ ਕਰਾਂ ਤੋਂ ਆਮਦਨ ਦਾ ਹਿੱਸਾ 76 ਫ਼ੀਸਦੀ ਅਤੇ ਗੈਰ-ਕਰਾਂ ਤੋਂ ਆਮਦਨ ਦਾ ਹਿੱਸਾ 24 ਫ਼ੀਸਦੀ ਸੀ। ਸਾਲ 2016-17 ਵਿੱਚ ਇਹ ਅਨੁਪਾਤ ਕ੍ਰਮਵਾਰ 83 ਫ਼ੀਸਦੀ ਅਤੇ 17 ਫ਼ੀਸਦੀ ਹੋ ਗਿਆ, ਜਦਕਿ 2020-21 ਤੱਕ ਕਰਾਂ ਤੋਂ ਆਮਦਨ ਦਾ ਹਿੱਸਾ 87 ਫ਼ੀਸਦੀ ਅਤੇ ਗੈਰ-ਕਰ ਆਮਦਨ ਦਾ ਹਿੱਸਾ ਸਿਰਫ਼ 13 ਫ਼ੀਸਦੀ ਰਹਿ ਗਿਆ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੈਰ-ਕਰ ਸਰੋਤਾਂ ਤੋਂ ਹੋਣ ਵਾਲੀ ਆਮਦਨ ਦਾ ਹਿੱਸਾ ਲਗਾਤਾਰ ਘਟਦਾ ਗਿਆ। ਸਾਲ 2026-27 ਦੇ ਬਜਟ ਅਨੁਸਾਰ ਪੰਜਾਬ ਦੇ ਕੁੱਲ ਮਾਲੀਏ ਵਿੱਚ ਕਰਾਂ ਅਤੇ ਗੈਰ-ਕਰਾਂ ਤੋਂ ਹੋਣ ਵਾਲੀ ਆਮਦਨ ਕ੍ਰਮਵਾਰ 81 ਫ਼ੀਸਦੀ ਅਤੇ 19 ਫ਼ੀਸਦੀ ਰਹਿਣ ਦਾ ਅਨੁਮਾਨ ਹੈ।

ਇਹ ਤਸਵੀਰ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਤਿੰਨਾਂ ਸਰਕਾਰਾਂ ਦਾ ਧਿਆਨ ਲੋਕਾਂ ਦੀ ਆਮਦਨ ਅਤੇ ਆਰਥਿਕ ਗਤੀਵਿਧੀਆਂ ਵਧਾ ਕੇ ਕਰ ਆਧਾਰ ਨੂੰ ਮਜ਼ਬੂਤ ਕਰਨ ਦੀ ਬਜਾਏ ਮੌਜੂਦਾ ਕਰਦਾਤਾਵਾਂ ਤੋਂ ਵੱਧ ਤੋਂ ਵੱਧ ਮਾਲੀਆ ਇਕੱਠਾ ਕਰਨ ਵੱਲ ਵਧੇਰੇ ਰਿਹਾ ਹੈ।

ਇੱਥੇ ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸਾਲ 2022 ਵਿੱਚ ਸੂਬਿਆਂ ਲਈ ਜੀਐੱਸਟੀ ਮੁਆਵਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਪੰਜਾਬ ਦੀ ਵਿੱਤੀ ਯੋਜਨਾਬੰਦੀ ਵਿੱਚ ਕੇਂਦਰ ਤੋਂ ਮਿਲਣ ਵਾਲੇ ਸਰੋਤਾਂ ਦੀ ਮਹੱਤਤਾ ਪਹਿਲਾਂ ਨਾਲੋਂ ਹੋਰ ਵਧ ਗਈ ਹੈ। ਪਰ ਪੰਜਾਬ ਦੀ ਮੌਜੂਦਾ ਵਿੱਤੀ ਸਮੱਸਿਆ ਦਾ ਸਾਰਾ ਦੋਸ਼ ਸਿਰਫ਼ ਜੀਐੱਸਟੀ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ।

ਅਸਲ ਸਮੱਸਿਆ ਇਹ ਹੈ ਕਿ ਵੱਖ-ਵੱਖ ਸਰਕਾਰਾਂ ਨੇ ਪੰਜਾਬ ਵਿੱਚ ਨਿਵੇਸ਼, ਉਦਯੋਗੀਕਰਨ, ਰੁਜ਼ਗਾਰ ਪੈਦਾ ਕਰਨ ਅਤੇ ਲੋਕਾਂ ਦੀ ਆਮਦਨ ਵਧਾਉਣ ਵਾਲੇ ਵਿਕਾਸ ਮਾਡਲ ਨੂੰ ਲੰਮੇ ਸਮੇਂ ਤੱਕ ਲੋੜੀਂਦੀ ਤਰਜੀਹ ਨਹੀਂ ਦਿੱਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸੂਬੇ ਦੀ ਆਰਥਿਕਤਾ ਅਤੇ ਕਰ ਆਧਾਰ ਉਸ ਰਫ਼ਤਾਰ ਨਾਲ ਨਹੀਂ ਫੈਲ ਸਕੇ ਜਿਸ ਦੀ ਲੋੜ ਸੀ। ਇਸ ਕਾਰਨ ਸਰਕਾਰ ਲਈ ਕਰ ਆਮਦਨ ਵਿੱਚ ਟਿਕਾਊ ਅਤੇ ਲੰਮੇ ਸਮੇਂ ਦਾ ਵਾਧਾ ਕਰਨਾ ਮੁਸ਼ਕਲ ਬਣਿਆ ਰਿਹਾ।

ਸਾਲ 2026-27 ਵਿੱਚ ਪੰਜਾਬ ਨੂੰ ਜੀਐੱਸਟੀ ਤੋਂ ਲਗਪਗ 32,000 ਕਰੋੜ ਰੁਪਏ ਦੀ ਪ੍ਰਾਪਤੀ ਹੋਣ ਦਾ ਅਨੁਮਾਨ ਹੈ, ਜੋ ਪੰਜਾਬ ਦੀ ਆਪਣੀ ਕਰ ਆਮਦਨ ਦਾ ਲਗਪਗ 45 ਫ਼ੀਸਦੀ ਬਣਦੀ ਹੈ। ਇਸ ਲਈ ਅਸਲ ਸਵਾਲ ਇਹ ਹੈ ਕਿ ਜੀਐੱਸਟੀ ਲਾਗੂ ਹੋਣ ਤੋਂ ਬਾਅਦ ਪੰਜਾਬ ਨੇ ਆਪਣੀ ਆਰਥਿਕਤਾ ਅਤੇ ਕਰ ਆਧਾਰ ਨੂੰ ਕਿੰਨਾ ਵਿਸ਼ਾਲ ਕੀਤਾ ਹੈ।

ਜੇਕਰ ਨੀਤੀਆਂ ਦਾ ਕੇਂਦਰ ਲੋਕਾਂ ਦੀ ਆਮਦਨ, ਉਦਯੋਗ ਅਤੇ ਰੁਜ਼ਗਾਰ ਵਧਾ ਕੇ ਕਰ ਆਧਾਰ ਦਾ ਵਿਸਥਾਰ ਕਰਨ 'ਤੇ ਹੁੰਦਾ ਤਾਂ ਪੰਜਾਬ ਦੀ ਆਰਥਿਕਤਾ ਅੱਜ ਕਿਤੇ ਵਧੇਰੇ ਮਜ਼ਬੂਤ ਹੋ ਸਕਦੀ ਸੀ।

### ਖ਼ਰਚਿਆਂ ਦੀ ਸਥਿਤੀ

ਪੰਜਾਬ ਦੇ ਖ਼ਰਚਿਆਂ ਦੀ ਸਥਿਤੀ ਦਾ ਵਿਸ਼ਲੇਸ਼ਣ ਕਰਦਿਆਂ ਸਭ ਤੋਂ ਪਹਿਲਾਂ ਸਰਕਾਰ ਵੱਲੋਂ ਕੀਤੇ ਜਾ ਰਹੇ ਵਧਦੇ ਵਿਆਜ ਭੁਗਤਾਨ ਧਿਆਨ ਖਿੱਚਦੇ ਹਨ। ਅੰਕੜਿਆਂ ਅਨੁਸਾਰ ਸਾਲ 2010-11 ਵਿੱਚ ਪ੍ਰਤੀ 100 ਰੁਪਏ ਸਰਕਾਰੀ ਖ਼ਰਚ ਵਿੱਚੋਂ 16.75 ਰੁਪਏ ਵਿਆਜ ਦੀ ਅਦਾਇਗੀ ਵੱਲ ਜਾਂਦੇ ਸਨ। ਸਾਲ 2016-17 ਵਿੱਚ ਇਹ ਰਕਮ ਵਧ ਕੇ 21 ਰੁਪਏ ਹੋ ਗਈ, ਜਦਕਿ 2020-21 ਵਿੱਚ ਪ੍ਰਤੀ 100 ਰੁਪਏ ਖ਼ਰਚ ਵਿੱਚੋਂ 20.20 ਰੁਪਏ ਵਿਆਜ ਦੇ ਭੁਗਤਾਨ ਲਈ ਜਾਂਦੇ ਰਹੇ।

ਸਾਲ 2026-27 ਦੌਰਾਨ ਪੰਜਾਬ ਸਰਕਾਰ ਵੱਲੋਂ ਪ੍ਰਤੀ 100 ਰੁਪਏ ਸਰਕਾਰੀ ਖ਼ਰਚ ਵਿੱਚੋਂ 19.40 ਰੁਪਏ ਵਿਆਜ ਦੀ ਅਦਾਇਗੀ 'ਤੇ ਖ਼ਰਚ ਹੋਣ ਦੀ ਪੇਸ਼ੀਨਗੋਈ ਕੀਤੀ ਗਈ ਹੈ।

ਜੇਕਰ ਇਸ ਦੇ ਨਾਲ ਤਨਖ਼ਾਹਾਂ ਅਤੇ ਪੈਨਸ਼ਨਾਂ ਦੇ ਖ਼ਰਚ ਨੂੰ ਵੀ ਜੋੜ ਲਿਆ ਜਾਵੇ ਤਾਂ ਇਹ ਰਕਮ ਪੰਜਾਬ ਦੀਆਂ ਕੁੱਲ ਮਾਲੀਆ ਪ੍ਰਾਪਤੀਆਂ ਦਾ ਲਗਪਗ 72 ਫ਼ੀਸਦੀ ਬਣਦੀ ਹੈ। ਸਾਲ 2024-25 ਵਿੱਚ ਤਾਂ ਹਾਲਾਤ ਹੋਰ ਵੀ ਗੰਭੀਰ ਸਨ, ਜਦੋਂ ਵਚਨਬੱਧ ਖ਼ਰਚੇ ਮਾਲੀਆ ਪ੍ਰਾਪਤੀਆਂ ਦੇ ਲਗਪਗ 85 ਫ਼ੀਸਦੀ ਤੱਕ ਪਹੁੰਚ ਗਏ ਸਨ। ਸਾਲ 2026-27 ਵਿੱਚ ਇਹ ਅਨੁਪਾਤ 72 ਫ਼ੀਸਦੀ ਰਹਿਣ ਦਾ ਅਨੁਮਾਨ ਹੈ, ਪਰ ਇਹ ਵੀ ਪੰਜਾਬ ਦੇ ਵਿੱਤੀ ਸੰਕਟ ਦੇ ਹੱਲ ਲਈ ਕਾਫ਼ੀ ਨਹੀਂ ਮੰਨਿਆ ਜਾ ਸਕਦਾ।

ਇਹ ਵੀ ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਸਮੇਂ ਪੰਜਾਬ ਉੱਤੇ ਵੱਡੇ ਕਰਜ਼ਿਆਂ ਅਤੇ ਅਨਾਜ ਖ਼ਰੀਦ ਨਾਲ ਜੁੜੀਆਂ ਦੇਣਦਾਰੀਆਂ ਦਾ ਬੋਝ ਵਧਿਆ। ਕਾਂਗਰਸ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਪਿਛਲੀ ਸਰਕਾਰ ਦੇ ਵਿੱਤੀ ਪ੍ਰਬੰਧਨ 'ਤੇ ਗੰਭੀਰ ਸਵਾਲ ਉਠਾਏ, ਪਰ ਉਹ ਵੀ ਆਪਣੇ ਕਾਰਜਕਾਲ ਦੌਰਾਨ ਕਰਜ਼ੇ ਅਤੇ ਮਾਲੀਆ ਘਾਟੇ ਦੇ ਮੂਲ ਢਾਂਚੇ ਨੂੰ ਬਦਲਣ ਵਿੱਚ ਸਫ਼ਲ ਨਹੀਂ ਹੋ ਸਕੀ।

ਇਹ ਵੀ ਸੱਚ ਹੈ ਕਿ ਆਮ ਆਦਮੀ ਪਾਰਟੀ ਨੂੰ ਸੱਤਾ ਸੰਭਾਲਣ ਸਮੇਂ ਭਾਰੀ ਕਰਜ਼ਾ ਅਤੇ ਵਿੱਤੀ ਜ਼ਿੰਮੇਵਾਰੀਆਂ ਵਿਰਾਸਤ ਵਿੱਚ ਮਿਲੀਆਂ ਸਨ। ਪਰ 2026 ਤੱਕ ਸਰਕਾਰ ਕੋਲ ਪੰਜਾਬ ਦੀ ਵਿੱਤੀ ਦਿਸ਼ਾ ਨੂੰ ਬਦਲਣ ਲਈ ਕਾਫ਼ੀ ਸਮਾਂ ਵੀ ਰਿਹਾ ਹੈ। ਇਸ ਦੇ ਬਾਵਜੂਦ ਸਰਕਾਰ ਵੱਲੋਂ ਅਜਿਹੇ ਢਾਂਚਾਗਤ ਬਦਲਾਅ ਨਹੀਂ ਕੀਤੇ ਜਾ ਸਕੇ, ਜਿਨ੍ਹਾਂ ਨਾਲ ਸੂਬੇ ਦੀ ਮਾਲੀ ਹਾਲਤ ਨੂੰ ਲੰਮੇ ਸਮੇਂ ਲਈ ਮਜ਼ਬੂਤ ਕੀਤਾ ਜਾ ਸਕੇ।

### ਕਰਜ਼ੇ ਦਾ ਵਧਦਾ ਚੱਕਰ

ਪੰਜਾਬ ਦੀ ਸਭ ਤੋਂ ਵੱਡੀ ਵਿੱਤੀ ਚਿੰਤਾ ਸਿਰਫ਼ ਕਰਜ਼ੇ ਦੀ ਕੁੱਲ ਰਕਮ ਨਹੀਂ ਹੈ। ਅਸਲ ਚਿੰਤਾ ਇਹ ਹੈ ਕਿ ਕਰਜ਼ਾ ਲੈਣ ਦੀ ਪ੍ਰਕਿਰਿਆ ਅਤੇ ਸਰਕਾਰ ਦੇ ਮੌਜੂਦਾ ਖ਼ਰਚੇ ਆਪਸ ਵਿੱਚ ਅਜਿਹਾ ਚੱਕਰ ਬਣਾ ਰਹੇ ਹਨ, ਜਿਸ ਵਿੱਚੋਂ ਬਾਹਰ ਨਿਕਲਣਾ ਦਿਨੋਂ-ਦਿਨ ਮੁਸ਼ਕਲ ਹੁੰਦਾ ਜਾ ਰਿਹਾ ਹੈ। ਸਾਲ 2024-25 ਵਿੱਚ ਪੰਜਾਬ ਦਾ ਵਿੱਤੀ ਘਾਟਾ ਕੁੱਲ ਘਰੇਲੂ ਸੂਬਾਈ ਉਤਪਾਦ ਦਾ 4.7 ਫ਼ੀਸਦੀ ਸੀ। ਸਾਲ 2025-26 ਦੇ ਸੋਧੇ ਅਨੁਮਾਨ ਵਿੱਚ ਇਹ 4.2 ਫ਼ੀਸਦੀ ਅਤੇ ਸਾਲ 2026-27 ਵਿੱਚ 4.1 ਫ਼ੀਸਦੀ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ। ਭਾਵੇਂ ਇਸ ਵਿੱਚ ਕੁਝ ਸੁਧਾਰ ਦਿਖਾਈ ਦਿੰਦਾ ਹੈ, ਪਰ ਉੱਚਾ ਵਿੱਤੀ ਘਾਟਾ ਅਜੇ ਵੀ ਇਹ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਆਪਣੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਕਰਜ਼ੇ 'ਤੇ ਕਾਫ਼ੀ ਹੱਦ ਤੱਕ ਨਿਰਭਰ ਹੈ।

ਮਾਲੀਆ ਘਾਟੇ ਦਾ ਸਿੱਧਾ ਅਰਥ ਇਹ ਹੈ ਕਿ ਸਰਕਾਰ ਦੀ ਮੌਜੂਦਾ ਆਮਦਨ ਉਸ ਦੇ ਰੋਜ਼ਾਨਾ ਦੇ ਮੌਜੂਦਾ ਖ਼ਰਚਿਆਂ ਨੂੰ ਪੂਰਾ ਕਰਨ ਲਈ ਵੀ ਕਾਫ਼ੀ ਨਹੀਂ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਨੂੰ ਆਪਣੇ ਖ਼ਰਚੇ ਚਲਾਉਣ ਲਈ ਕਰਜ਼ਾ ਲੈਣਾ ਪੈਂਦਾ ਹੈ।

ਕਰਜ਼ਾ ਆਪਣੇ ਆਪ ਵਿੱਚ ਹਮੇਸ਼ਾ ਨੁਕਸਾਨਦੇਹ ਨਹੀਂ ਹੁੰਦਾ। ਜੇਕਰ ਕਰਜ਼ੇ ਨਾਲ ਸੜਕਾਂ, ਸਿੰਜਾਈ ਪ੍ਰਬੰਧ, ਉਦਯੋਗਿਕ ਢਾਂਚਾ ਅਤੇ ਹੋਰ ਉਤਪਾਦਕ ਸੰਪਤੀਆਂ ਤਿਆਰ ਕੀਤੀਆਂ ਜਾਣ ਤਾਂ ਇਹ ਭਵਿੱਖ ਵਿੱਚ ਆਮਦਨ ਅਤੇ ਆਰਥਿਕ ਗਤੀਵਿਧੀਆਂ ਵਧਾਉਣ ਦਾ ਸਾਧਨ ਬਣ ਸਕਦਾ ਹੈ। ਪਰ ਜੇਕਰ ਕਰਜ਼ਾ ਲੈ ਕੇ ਮੁੱਖ ਤੌਰ 'ਤੇ ਸਬਸਿਡੀਆਂ ਅਤੇ ਲੋਕ-ਲੁਭਾਊ ਖ਼ਰਚੇ ਚਲਾਏ ਜਾਣ ਤਾਂ ਇਹ ਵਿੱਤੀ ਸੰਕਟ ਨੂੰ ਹੋਰ ਡੂੰਘਾ ਕਰਦਾ ਹੈ।

ਪੰਜਾਬ ਇਸ ਵੇਲੇ ਵੱਡੇ ਪੱਧਰ 'ਤੇ ਇਸੇ ਚੱਕਰ ਵਿੱਚ ਫਸਿਆ ਹੋਇਆ ਹੈ। ਅੰਕੜਿਆਂ ਅਨੁਸਾਰ ਵਿੱਤੀ ਸਾਲ 2026-27 ਦੇ ਖ਼ਤਮ ਹੋਣ ਤੱਕ ਪੰਜਾਬ ਦਾ ਕੁੱਲ ਕਰਜ਼ਾ ਲਗਪਗ 4.47 ਲੱਖ ਕਰੋੜ ਰੁਪਏ ਤੱਕ ਪਹੁੰਚਣ ਦਾ ਅੰਦਾਜ਼ਾ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਵੱਖ-ਵੱਖ ਬੋਰਡਾਂ ਅਤੇ ਅਦਾਰਿਆਂ ਲਈ ਲਗਪਗ 23,654 ਕਰੋੜ ਰੁਪਏ ਦੀਆਂ ਜ਼ਿੰਮੇਵਾਰੀਆਂ ਜਾਂ ਗਾਰੰਟੀਆਂ ਵੀ ਵੱਖਰੀਆਂ ਹਨ।

ਇਸ ਲਈ ਪੰਜਾਬ ਦੀ ਅਸਲ ਵਿੱਤੀ ਹਾਲਤ ਨੂੰ ਸਿਰਫ਼ ਸਰਕਾਰੀ ਕਰਜ਼ੇ ਦੀ ਕੁੱਲ ਰਕਮ ਦੇ ਆਧਾਰ 'ਤੇ ਨਹੀਂ ਸਮਝਿਆ ਜਾ ਸਕਦਾ। ਸਾਰੀਆਂ ਸਿੱਧੀਆਂ ਅਤੇ ਅਸਿੱਧੀਆਂ ਦੇਣਦਾਰੀਆਂ ਨੂੰ ਇਕੱਠਿਆਂ ਦੇਖਣਾ ਹੀ ਸੂਬੇ ਦੀ ਅਸਲ ਵਿੱਤੀ ਤਸਵੀਰ ਸਾਹਮਣੇ ਲਿਆ ਸਕਦਾ ਹੈ।

### ਪੂੰਜੀਗਤ ਨਿਵੇਸ਼ ਹੀ ਉਮੀਦ ਦੀ ਕਿਰਨ

ਪੰਜਾਬ ਦੀ ਵਿੱਤੀ ਸਥਿਤੀ ਵਿੱਚ ਪੂੰਜੀਗਤ ਨਿਵੇਸ਼ ਇੱਕ ਅਜਿਹੀ ਕੜੀ ਹੈ, ਜੋ ਸੂਬੇ ਨੂੰ ਇਸ ਦੁਸ਼ਚੱਕਰ ਵਿੱਚੋਂ ਬਾਹਰ ਕੱਢਣ ਦੀ ਸਮਰੱਥਾ ਰੱਖਦੀ ਹੈ। ਪਰ ਪੰਜਾਬ ਦੀਆਂ ਪਿਛਲੀਆਂ ਵਿੱਤੀ ਨੀਤੀਆਂ ਦੀ ਸਭ ਤੋਂ ਵੱਡੀ ਕਮਜ਼ੋਰੀ ਜਨਤਕ ਅਤੇ ਪੂੰਜੀਗਤ ਨਿਵੇਸ਼ ਦੀ ਲਗਾਤਾਰ ਅਣਦੇਖੀ ਰਹੀ ਹੈ। ਅੰਤਰ-ਰਾਜੀ ਤੁਲਨਾਤਮਕ ਅਧਿਐਨਾਂ ਵਿੱਚ ਪੰਜਾਬ ਲੰਮੇ ਸਮੇਂ ਤੋਂ ਵਿਕਾਸਮੁਖੀ, ਸਮਾਜਿਕ ਅਤੇ ਪੂੰਜੀਗਤ ਖ਼ਰਚਿਆਂ ਦੇ ਮਾਮਲੇ ਵਿੱਚ ਦੇਸ਼ ਦੇ ਪੱਛੜੇ ਸੂਬਿਆਂ ਦੀ ਕਤਾਰ ਵਿੱਚ ਖੜ੍ਹਾ ਦਿਖਾਈ ਦਿੰਦਾ ਰਿਹਾ ਹੈ।

ਹਾਲਾਂਕਿ ਸਾਲ 2026-27 ਦੇ ਬਜਟ ਵਿੱਚ ਪੂੰਜੀਗਤ ਖ਼ਰਚ ਲਈ 18,381 ਕਰੋੜ ਰੁਪਏ ਰੱਖੇ ਗਏ ਹਨ। ਇਹ ਰਕਮ ਸਾਲ 2025-26 ਦੇ ਸੋਧੇ ਅਨੁਮਾਨ 10,434 ਕਰੋੜ ਰੁਪਏ ਨਾਲੋਂ ਲਗਪਗ 76 ਫ਼ੀਸਦੀ ਵੱਧ ਹੈ। ਇਹ ਨਿਸ਼ਚਿਤ ਤੌਰ 'ਤੇ ਇੱਕ ਸਕਾਰਾਤਮਕ ਕਦਮ ਹੈ, ਪਰ ਪੰਜਾਬ ਦੇ ਕਮਜ਼ੋਰ ਬੁਨਿਆਦੀ ਢਾਂਚੇ ਅਤੇ ਉਦਯੋਗਿਕ ਪਛੜੇਵੇਂ ਨੂੰ ਦੂਰ ਕਰਨ ਲਈ ਕੀ ਇਹ ਨਿਵੇਸ਼ ਕਾਫ਼ੀ ਹੈ, ਇਹ ਸਵਾਲ ਅਜੇ ਵੀ ਕਾਇਮ ਹੈ।

ਇਸ ਵਾਧੇ ਨੂੰ ਪੰਜਾਬ ਦੀ ਵਿੱਤੀ ਦਿਸ਼ਾ ਵਿੱਚ ਇੱਕ ਸ਼ੁਰੂਆਤੀ ਮੋੜ ਤਾਂ ਮੰਨਿਆ ਜਾ ਸਕਦਾ ਹੈ, ਪਰ ਸੂਬੇ ਦੇ ਡੂੰਘੇ ਆਰਥਿਕ ਸੰਕਟ ਦਾ ਇਹ ਮੁਕੰਮਲ ਹੱਲ ਨਹੀਂ ਹੈ। ਜੇਕਰ ਮੁਫ਼ਤ ਸਹੂਲਤਾਂ ਅਤੇ ਚੋਣੀ ਗਾਰੰਟੀਆਂ 'ਤੇ ਖ਼ਰਚੀ ਜਾਣ ਵਾਲੀ ਵੱਡੀ ਰਕਮ ਦਾ ਕੋਈ ਹਿੱਸਾ ਵੀ ਪੂੰਜੀਗਤ ਨਿਵੇਸ਼ ਵੱਲ ਮੋੜਿਆ ਜਾਂਦਾ ਤਾਂ ਇਹ ਅੰਕੜਾ ਹੋਰ ਵੱਡਾ ਹੋ ਸਕਦਾ ਸੀ ਅਤੇ ਸੂਬੇ ਦੇ ਵਿਕਾਸ ਨੂੰ ਅਸਲ ਰਫ਼ਤਾਰ ਮਿਲ ਸਕਦੀ ਸੀ।

### ਪੰਜਾਬ ਦਾ ਵਿੱਤੀ ਦੁਸ਼ਚੱਕਰ ਕਿਵੇਂ ਬਣਿਆ?

ਦਰਅਸਲ, ਪੰਜਾਬ ਇਸ ਵੇਲੇ ਇੱਕ ਅਜਿਹੇ ਢਾਂਚਾਗਤ ਦੁਸ਼ਚੱਕਰ ਵਿੱਚ ਘਿਰਿਆ ਹੋਇਆ ਹੈ, ਜਿਸ ਵਿੱਚ ਪੁਰਾਣੇ ਕਰਜ਼ਿਆਂ ਨੇ ਵਿਆਜ ਦੀਆਂ ਦੇਣਦਾਰੀਆਂ ਵਧਾਈਆਂ ਅਤੇ ਵਧਦੇ ਵਿਆਜ ਨੇ ਵਿਕਾਸ ਕਾਰਜਾਂ ਲਈ ਉਪਲਬਧ ਸਰੋਤਾਂ ਨੂੰ ਘਟਾ ਦਿੱਤਾ। ਜਦੋਂ ਵਿਕਾਸ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਘਟਿਆ ਤਾਂ ਨਵੇਂ ਉਦਯੋਗ ਅਤੇ ਰੁਜ਼ਗਾਰ ਦੇ ਮੌਕੇ ਵੀ ਸੁੰਗੜਦੇ ਗਏ।

ਉਦਯੋਗ ਅਤੇ ਰੁਜ਼ਗਾਰ ਦੇ ਮੌਕੇ ਘਟਣ ਨਾਲ ਸੂਬੇ ਦਾ ਕਰ ਆਧਾਰ ਵੀ ਲੋੜ ਅਨੁਸਾਰ ਮਜ਼ਬੂਤ ਨਹੀਂ ਹੋ ਸਕਿਆ। ਆਮਦਨ ਵਧਣ ਦੀ ਰਫ਼ਤਾਰ ਘੱਟ ਰਹਿਣ ਕਾਰਨ ਸਰਕਾਰਾਂ ਨੂੰ ਆਪਣੇ ਰੋਜ਼ਾਨਾ ਦੇ ਵਚਨਬੱਧ ਖ਼ਰਚੇ ਪੂਰੇ ਕਰਨ ਲਈ ਮੁੜ ਕਰਜ਼ੇ ਦਾ ਸਹਾਰਾ ਲੈਣਾ ਪਿਆ। ਇਸ ਤਰ੍ਹਾਂ ਕਰਜ਼ਾ, ਵਿਆਜ, ਘੱਟ ਨਿਵੇਸ਼, ਘੱਟ ਉਦਯੋਗ ਅਤੇ ਕਮਜ਼ੋਰ ਕਰ ਆਧਾਰ ਇੱਕ-ਦੂਜੇ ਨਾਲ ਜੁੜਦੇ ਗਏ ਅਤੇ ਪੰਜਾਬ ਦੀ ਵਿੱਤੀ ਸਮੱਸਿਆ ਹੋਰ ਗੰਭੀਰ ਹੁੰਦੀ ਗਈ।

ਇਸ ਗੈਰ-ਉਤਪਾਦਕ ਖ਼ਰਚਿਆਂ ਅਤੇ ਕਰਜ਼ੇ ਦੇ ਚੱਕਰਵਿਊਹ ਦਾ ਸਿੱਧਾ ਨੁਕਸਾਨ ਸੂਬੇ ਦੇ ਸਕੂਲਾਂ, ਹਸਪਤਾਲਾਂ, ਨਹਿਰੀ ਸਿੰਜਾਈ ਪ੍ਰਬੰਧ, ਸਰਕਾਰੀ ਅਤੇ ਨਿੱਜੀ ਖੇਤਰ ਦੇ ਮੁਲਾਜ਼ਮਾਂ ਅਤੇ ਨੌਜਵਾਨਾਂ ਦੇ ਰੁਜ਼ਗਾਰ ਨੂੰ ਝੱਲਣਾ ਪੈ ਰਿਹਾ ਹੈ।

ਇਸ ਵਿੱਤੀ ਦਬਾਅ ਕਾਰਨ ਬੱਚੇ, ਕਿਸਾਨ, ਮੁਲਾਜ਼ਮ ਅਤੇ ਹੋਰ ਵਰਗ ਵੀ ਆਪਣੀਆਂ ਜਾਇਜ਼ ਮੰਗਾਂ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹੁੰਦੇ ਰਹੇ ਹਨ। ਜਦੋਂ ਸਰਕਾਰ ਕੋਲ ਨਵੀਆਂ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਲਈ ਲੋੜੀਂਦੇ ਸਰੋਤ ਨਹੀਂ ਰਹਿੰਦੇ ਤਾਂ ਇਸ ਦਾ ਅਸਰ ਆਮ ਲੋਕਾਂ ਦੀ ਜ਼ਿੰਦਗੀ 'ਤੇ ਸਿੱਧਾ ਪੈਂਦਾ ਹੈ।

### ਤਿੰਨਾਂ ਸਰਕਾਰਾਂ ਦੀ ਜਵਾਬਦੇਹੀ ਤੈਅ ਹੋਵੇ

ਸਪੱਸ਼ਟ ਹੈ ਕਿ ਪੰਜਾਬ ਦਾ ਮੌਜੂਦਾ ਵਿੱਤੀ ਸੰਕਟ ਕਿਸੇ ਇੱਕ ਪਾਰਟੀ ਜਾਂ ਇਕੱਲੀ ਸਰਕਾਰ ਦੀ ਦੇਣ ਨਹੀਂ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਸਮੇਂ ਲਏ ਗਏ ਭਾਰੀ ਕਰਜ਼ਿਆਂ ਅਤੇ ਅਨਾਜ ਖ਼ਰੀਦ ਨਾਲ ਜੁੜੀਆਂ ਦੇਣਦਾਰੀਆਂ ਦੇ ਉਤਪਾਦਕ ਲਾਭਾਂ ਦਾ ਲੇਖਾ-ਜੋਖਾ ਹੋਣਾ ਚਾਹੀਦਾ ਹੈ।

ਇਸੇ ਤਰ੍ਹਾਂ ਕਾਂਗਰਸ ਸਰਕਾਰ ਨੂੰ ਵੀ ਆਪਣੀ ਪੰਜ ਸਾਲਾ ਮਿਆਦ ਦੌਰਾਨ ਵਿੱਤੀ ਢਾਂਚੇ ਨੂੰ ਨਵੀਂ ਦਿਸ਼ਾ ਦੇਣ ਵਿੱਚ ਰਹੀ ਨਾਕਾਮੀ ਦਾ ਜਵਾਬ ਦੇਣਾ ਪਵੇਗਾ।

ਦੂਜੇ ਪਾਸੇ 2022 ਤੋਂ ਸੱਤਾ ਸੰਭਾਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੀ ਇਹ ਸਪੱਸ਼ਟ ਕਰਨਾ ਪਵੇਗਾ ਕਿ ਕਰਜ਼ੇ ਦੇ ਭਾਰੀ ਬੋਝ ਹੇਠ ਦੱਬੇ ਪੰਜਾਬ ਵਿੱਚ ਮੁਫ਼ਤ ਸਹੂਲਤਾਂ ਦੀ ਸਿਆਸਤ ਦੇ ਨਾਲ-ਨਾਲ ਸੂਬੇ ਦੀ ਆਮਦਨ ਵਧਾਉਣ ਲਈ ਠੋਸ ਅਤੇ ਲੰਮੇ ਸਮੇਂ ਦੀਆਂ ਨੀਤੀਆਂ ਕਿਉਂ ਨਹੀਂ ਅਪਣਾਈਆਂ ਗਈਆਂ।

ਹੁਣ ਸਿਰਫ਼ ਸਰਕਾਰਾਂ ਜਾਂ ਸਿਆਸੀ ਪਾਰਟੀਆਂ ਬਦਲਣ ਨਾਲ ਪੰਜਾਬ ਦੀ ਤਕਦੀਰ ਨਹੀਂ ਬਦਲੇਗੀ। ਸੂਬੇ ਨੂੰ ਖ਼ਪਤ-ਅਧਾਰਿਤ ਅਤੇ ਲੋਕ-ਲੁਭਾਊ ਮਾਡਲ ਤੋਂ ਬਾਹਰ ਨਿਕਲ ਕੇ ਨਿਵੇਸ਼, ਉਦਯੋਗੀਕਰਨ, ਉਤਪਾਦਕਤਾ ਅਤੇ ਰੁਜ਼ਗਾਰ ਪੈਦਾ ਕਰਨ 'ਤੇ ਆਧਾਰਿਤ ਨਵਾਂ ਵਿੱਤੀ ਮਾਡਲ ਅਪਣਾਉਣ ਦੀ ਸਖ਼ਤ ਲੋੜ ਹੈ।

ਪੰਜਾਬ ਦੀ ਵਿੱਤੀ ਸਿਹਤ ਨੂੰ ਸੁਧਾਰਨ ਲਈ ਸਰਕਾਰਾਂ ਨੂੰ ਸਿਰਫ਼ ਖ਼ਰਚ ਘਟਾਉਣ ਦੀ ਨੀਤੀ ਤੱਕ ਸੀਮਿਤ ਰਹਿਣ ਦੀ ਬਜਾਏ ਆਮਦਨ ਵਧਾਉਣ ਦੇ ਨਵੇਂ ਸਰੋਤ ਤਿਆਰ ਕਰਨੇ ਪੈਣਗੇ। ਉਦਯੋਗਿਕ ਨਿਵੇਸ਼ ਵਧਾਉਣਾ, ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ, ਖੇਤੀਬਾੜੀ ਨੂੰ ਵਧੇਰੇ ਉਤਪਾਦਕ ਬਣਾਉਣਾ, ਸੂਬੇ ਦੇ ਕਰ ਆਧਾਰ ਦਾ ਵਿਸਥਾਰ ਕਰਨਾ ਅਤੇ ਪੂੰਜੀਗਤ ਨਿਵੇਸ਼ ਨੂੰ ਲਗਾਤਾਰ ਵਧਾਉਣਾ ਹੀ ਉਹ ਰਾਹ ਹਨ ਜੋ ਪੰਜਾਬ ਨੂੰ ਕਰਜ਼ੇ ਅਤੇ ਵਿਆਜ ਦੇ ਮੌਜੂਦਾ ਚੱਕਰ ਵਿੱਚੋਂ ਬਾਹਰ ਕੱਢ ਸਕਦੇ ਹਨ।

ਅਸਲ ਵਿੱਚ ਪੰਜਾਬ ਸਾਹਮਣੇ ਚੁਣੌਤੀ ਸਿਰਫ਼ ਇਹ ਨਹੀਂ ਕਿ ਕਰਜ਼ਾ ਕਿੰਨਾ ਹੈ, ਸਗੋਂ ਇਹ ਹੈ ਕਿ ਇਸ ਕਰਜ਼ੇ ਦੇ ਮੁਕਾਬਲੇ ਸੂਬਾ ਕਿੰਨੀ ਉਤਪਾਦਕ ਸੰਪਤੀ, ਕਿੰਨੇ ਉਦਯੋਗ, ਕਿੰਨੇ ਰੁਜ਼ਗਾਰ ਅਤੇ ਕਿੰਨੀ ਵਾਧੂ ਆਮਦਨ ਪੈਦਾ ਕਰ ਰਿਹਾ ਹੈ। ਜਦੋਂ ਤੱਕ ਇਸ ਸਵਾਲ ਦਾ ਟਿਕਾਊ ਜਵਾਬ ਨਹੀਂ ਮਿਲਦਾ, ਉਦੋਂ ਤੱਕ ਵਿੱਤੀ ਸੰਕਟ ਤੋਂ ਪੂਰੀ ਤਰ੍ਹਾਂ ਬਾਹਰ ਨਿਕਲਣਾ ਮੁਸ਼ਕਲ ਰਹੇਗਾ।

ਇਸ ਲਈ ਪੰਜਾਬ ਨੂੰ ਹੁਣ ਤੁਰੰਤ ਇੱਕ ਅਜਿਹੀ ਲੰਮੇ ਸਮੇਂ ਦੀ ਵਿੱਤੀ ਰਣਨੀਤੀ ਦੀ ਲੋੜ ਹੈ, ਜੋ ਸਿਆਸੀ ਚੱਕਰਾਂ ਤੋਂ ਉੱਪਰ ਹੋਵੇ ਅਤੇ ਜਿਸ ਦਾ ਕੇਂਦਰ ਸੂਬੇ ਦੀ ਆਮਦਨ ਵਧਾਉਣ, ਕਰਜ਼ੇ ਦੀ ਨਿਰਭਰਤਾ ਘਟਾਉਣ, ਉਤਪਾਦਕ ਨਿਵੇਸ਼ ਵਧਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਜ਼ਬੂਤ ਆਰਥਿਕ ਬੁਨਿਆਦ ਤਿਆਰ ਕਰਨ 'ਤੇ ਹੋਵੇ। ਨਹੀਂ ਤਾਂ ਅੱਜ ਦਾ ਵਿੱਤੀ ਬੋਝ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਵਿਕਾਸ ਸਮਰੱਥਾ ਨੂੰ ਹੋਰ ਵੀ ਸੀਮਿਤ ਕਰ ਸਕਦਾ ਹੈ।



# ਖਬਰਨਾਮਾ



## ਬੇਅਦਬੀ ਕਾਨੂੰਨ 'ਚ ਸੋਧ ਲਈ ਸਰਕਾਰ ਨੂੰ ਦੋ ਮਹੀਨੇ ਦਾ ਸਮਾਂ, ਨਾ ਹੋਈ ਕਾਰਵਾਈ ਤਾਂ ਸਖ਼ਤ ਕਦਮ ਚੁੱਕਣ ਦੀ ਚਿਤਾਵਨੀ: ਗੜਗੱਜ

### ਸੁਝਾਅ ਦੇਣ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ; ਦੋ ਸੇਵਾਮੁਕਤ ਜੱਜਾਂ ਸਮੇਤ ਵਿਦਵਾਨ ਕਮੇਟੀ ਵਿੱਚ ਸ਼ਾਮਲ



**ਚੰਡੀਗੜ੍ਹ–** ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਬੇਅਦਬੀ ਕਾਨੂੰਨ ਵਿੱਚ ਲੋੜੀਂਦੀ ਸੋਧ ਕਰਨ ਲਈ ਪੰਜਾਬ ਸਰਕਾਰ ਨੂੰ ਦੋ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਵਿੱਚ ਸੋਧ ਸਬੰਧੀ ਸਰਕਾਰ ਨੂੰ ਢੁਕਵੇਂ ਸੁਝਾਅ ਦੇਣ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿੱਚ ਦੋ ਸੇਵਾਮੁਕਤ ਜੱਜਾਂ ਤੋਂ ਇਲਾਵਾ ਹੋਰ ਵਿਦਵਾਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਪੰਜ ਮੈਂਬਰੀ ਕਮੇਟੀ ਬੇਅਦਬੀ ਕਾਨੂੰਨ ਦਾ ਅਧਿਐਨ ਕਰਕੇ ਇਸ ਵਿੱਚ ਲੋੜੀਂਦੀਆਂ ਸੋਧਾਂ ਸਬੰਧੀ ਆਪਣੇ ਸੁਝਾਅ ਸਰਕਾਰ ਨੂੰ ਦੇਵੇਗੀ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮਾਮਲਿਆਂ ਵਿੱਚ ਸਖ਼ਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਉਣ ਲਈ ਕਾਨੂੰਨ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

ਜਥੇਦਾਰ ਗੜਗੱਜ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਨਿਰਧਾਰਤ ਦੋ ਮਹੀਨਿਆਂ ਦੇ ਸਮੇਂ ਅੰਦਰ ਬੇਅਦਬੀ ਕਾਨੂੰਨ ਵਿੱਚ ਲੋੜੀਂਦੀ ਸੋਧ ਨਾ ਕੀਤੀ ਗਈ ਤਾਂ ਅਕਾਲ ਤਖ਼ਤ ਵੱਲੋਂ ਅਗਲਾ ਸਖ਼ਤ ਕਦਮ ਚੁੱਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਥ ਦੋਖੀਆਂ ਨੂੰ ਅਕਾਲ ਤਖ਼ਤ ਤੋਂ ਭੱਜਣ ਨਹੀਂ ਦਿੱਤਾ ਜਾਵੇਗਾ ਅਤੇ ਬੇਅਦਬੀ ਦੇ ਮਾਮਲਿਆਂ ਵਿੱਚ ਪੰਥਕ ਪੱਧਰ 'ਤੇ ਸਖ਼ਤ ਰੁਖ਼ ਅਪਣਾਇਆ ਜਾਵੇਗਾ।

ਨੇਪਾਲ ਹੜ੍ਹ ਪੀੜਤਾਂ ਲਈ ਸਿੱਖ ਕੌਮ ਵੱਲੋਂ ਮਦਦ ਦਾ ਐਲਾਨ

ਨੇਪਾਲ ਵਿੱਚ ਆਏ ਭਿਆਨਕ ਹੜ੍ਹਾਂ ਦੌਰਾਨ ਸੈਂਕੜੇ ਲੋਕਾਂ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਕੌਮ ਆਪਣੇ ਨਾਲ ਕੀਤੇ ਗਏ ਅਹਿਸਾਨਾਂ ਨੂੰ ਕਦੇ ਨਹੀਂ ਭੁੱਲਦੀ। ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਅਜਿਹੇ ਕਈ ਮੌਕੇ ਆਏ ਹਨ, ਜਦੋਂ ਨੇਪਾਲ ਨੇ ਸਿੱਖਾਂ ਦੀ ਮਦਦ ਕੀਤੀ ਹੈ।

ਉਨ੍ਹਾਂ ਇਤਿਹਾਸਕ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਅੰਗਰੇਜ਼ਾਂ ਨੇ ਸਿੱਖ ਰਾਜ ਨੂੰ ਖ਼ਤਮ ਕਰ ਦਿੱਤਾ ਸੀ, ਉਸ ਸਮੇਂ ਮਹਾਰਾਣੀ ਜਿੰਦ ਕੌਰ ਨੇਪਾਲ ਗਈ ਸਨ ਅਤੇ ਨੇਪਾਲ ਨੇ ਉਸ ਸਮੇਂ ਉਨ੍ਹਾਂ ਦੀ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਸਾਂਝ ਨੂੰ ਸਿੱਖ ਕੌਮ ਅੱਜ ਵੀ ਯਾਦ ਰੱਖਦੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਇਸੇ ਭਾਵਨਾ ਤਹਿਤ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫ਼ਦ ਅਤੇ ਸਮੁੱਚੀ ਸਿੱਖ ਕੌਮ ਨੇਪਾਲ ਵਿੱਚ ਆਈ ਇਸ ਕੁਦਰਤੀ ਆਫ਼ਤ ਦੀ ਘੜੀ ਵਿੱਚ ਨੇਪਾਲ ਦੇ ਲੋਕਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਵੀ ਸ਼੍ਰੋਮਣੀ ਕਮੇਟੀ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਨੇਪਾਲ ਵਿੱਚ ਹੜ੍ਹਾਂ ਕਾਰਨ ਵੱਡੀ ਗਿਣਤੀ ਵਿੱਚ ਲੋਕ ਪ੍ਰਭਾਵਿਤ ਹੋਏ ਹਨ ਅਤੇ ਇਸ ਔਖੀ ਘੜੀ ਵਿੱਚ ਮਨੁੱਖਤਾ ਦੇ ਨਾਤੇ ਪੀੜਤਾਂ ਦੀ ਮਦਦ ਕਰਨਾ ਸਿੱਖ ਕੌਮ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਕਾਰਜਾਂ ਵਿੱਚ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ ਅਤੇ ਲੋੜਵੰਦ ਲੋਕਾਂ ਤੱਕ ਮਦਦ ਪਹੁੰਚਾਉਣ ਲਈ ਯਤਨ ਕੀਤੇ ਜਾਣਗੇ।

## ਪੰਜਾਬ 'ਚ 'ਕੈਸ਼ ਫ਼ਾਰ ਟਰਾਂਸਫਰ' ਮਾਮਲੇ ਨੂੰ ਲੈ ਕੇ ਭਾਜਪਾ ਦਾ ਹਮਲਾ, CM Mann ਤੋਂ ਅਸਤੀਫ਼ੇ ਦੀ ਮੰਗ

### ਗੌਰਵ ਭਾਟੀਆ ਦਾ ਦੋਸ਼–ਅਧਿਕਾਰੀਆਂ ਦੀਆਂ ਬਦਲੀਆਂ ਤੇ ਤਾਇਨਾਤੀਆਂ ਲਈ 'ਰੇਟ ਕਾਰਡ'; ਈ.ਡੀ. ਦੀਆਂ ਵਾਰ-ਵਾਰ ਬੇਨਤੀਆਂ ਦੇ ਬਾਵਜੂਦ ਪੰਜਾਬ ਪੁਲੀਸ ਐੱਫ.ਆਈ.ਆਰ. ਦਰਜ ਨਹੀਂ ਕਰ ਰਹੀ



**ਨਵੀਂ ਦਿੱਲੀ** –ਭਾਜਪਾ ਨੇ ਬੁੱਧਵਾਰ ਨੂੰ ਪੰਜਾਬ ਵਿੱਚ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਨੂੰ ਲੈ ਕੇ ਸੂਬਾ ਸਰਕਾਰ 'ਤੇ ਗੰਭੀਰ ਦੋਸ਼ ਲਗਾਏ ਹਨ। ਭਾਜਪਾ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਅਧਿਕਾਰੀਆਂ ਦੀ ਟਰਾਂਸਫਰ ਅਤੇ ਪੋਸਟਿੰਗ ਵਿੱਚ ਕਥਿਤ ਤੌਰ 'ਤੇ ਪੈਸੇ ਦਾ ਲੈਣ-ਦੇਣ ਹੋ ਰਿਹਾ ਹੈ। ਪਾਰਟੀ ਨੇ ਇਸ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਤੁਰੰਤ ਅਸਤੀਫ਼ਾ ਦੇਣ ਦੀ ਮੰਗ ਕੀਤੀ ਹੈ।

ਦਿੱਲੀ ਸਥਿਤ ਭਾਜਪਾ ਦੇ ਕੌਮੀ ਮੁੱਖ ਦਫ਼ਤਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੌਮੀ ਬੁਲਾਰੇ ਗੌਰਵ ਭਾਟੀਆ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ਼ਾਰੇ 'ਤੇ ਕਥਿਤ ਤੌਰ 'ਤੇ 'ਕੈਸ਼ ਫ਼ਾਰ ਟਰਾਂਸਫਰ' ਦਾ ਘੁਟਾਲਾ ਚੱਲ ਰਿਹਾ ਹੈ।

ਗੌਰਵ ਭਾਟੀਆ ਨੇ ਦਾਅਵਾ ਕੀਤਾ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਪੰਜਾਬ ਪੁਲੀਸ ਨੂੰ ਵਾਰ-ਵਾਰ ਬੇਨਤੀਆਂ ਕੀਤੇ ਜਾਣ ਦੇ ਬਾਵਜੂਦ ਇਸ ਮਾਮਲੇ ਵਿੱਚ ਸ਼ਾਮਲ ਦੱਸੇ ਜਾ ਰਹੇ ਲੋਕਾਂ ਖ਼ਿਲਾਫ਼ ਕੋਈ ਐੱਫ.ਆਈ.ਆਰ. ਦਰਜ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਪੁਲੀਸ ਵੱਲੋਂ ਮਾਮਲੇ ਵਿੱਚ ਸ਼ਾਮਲ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਭਾਜਪਾ ਬੁਲਾਰੇ ਨੇ ਇਨ੍ਹਾਂ ਦੋਸ਼ਾਂ ਦੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਮਾਮਲੇ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਲਈ ਕੇਂਦਰੀ ਜਾਂਚ ਏਜੰਸੀ ਤੋਂ ਜਾਂਚ ਕਰਵਾਉਣਾ ਜ਼ਰੂਰੀ ਹੈ।

ਗੌਰਵ ਭਾਟੀਆ ਨੇ ਕਿਹਾ ਕਿ ਪੰਜਾਬ ਵਿੱਚ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਨੂੰ ਲੈ ਕੇ ਕਥਿਤ ਘੁਟਾਲਾ ਚੱਲ ਰਿਹਾ ਹੈ। ਉਨ੍ਹਾਂ ਦੇ ਦਾਅਵੇ ਅਨੁਸਾਰ ਸੀਨੀਅਰ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਕਥਿਤ ਤੌਰ 'ਤੇ ਇੱਕ 'ਰੇਟ ਕਾਰਡ' ਦੇ ਆਧਾਰ 'ਤੇ ਕੀਤੀਆਂ ਜਾਂਦੀਆਂ ਹਨ।

ਭਾਟੀਆ ਨੇ ਦਾਅਵਾ ਕੀਤਾ ਕਿ ਇਹ ਤੱਥ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਕੀਤੀ ਜਾ ਰਹੀ ਜਾਂਚ ਦੌਰਾਨ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਅਜਿਹੀ ਜਾਣਕਾਰੀ ਸਾਹਮਣੇ ਆਈ ਹੈ, ਜਿਸ ਵਿੱਚ ਪੰਜਾਬ ਵਿੱਚ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਵਿੱਚ ਕਥਿਤ ਤੌਰ 'ਤੇ ਪੈਸੇ ਦੇ ਲੈਣ-ਦੇਣ ਦਾ ਮਾਮਲਾ ਸ਼ਾਮਲ ਹੈ।

ਭਾਜਪਾ ਦੇ ਕੌਮੀ ਬੁਲਾਰੇ ਨੇ ਇਸ ਕਥਿਤ ਘੁਟਾਲੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਦੀ ਸ਼ਮੂਲੀਅਤ ਦਾ ਵੀ ਦੋਸ਼ ਲਾਇਆ। ਉਨ੍ਹਾਂ ਸਵਾਲ ਉਠਾਇਆ ਕਿ ਕੀ ਕਿਸੇ ਓ.ਐੱਸ.ਡੀ. ਕੋਲ 20 ਤੋਂ ਵੱਧ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਕਰਨ ਦੀ ਤਾਕਤ ਹੋ ਸਕਦੀ ਹੈ ਅਤੇ ਕੀ ਇਹ ਸਭ ਕੁਝ ਮੁੱਖ ਮੰਤਰੀ ਭਗਵੰਤ ਮਾਨ ਦੀ ਜਾਣਕਾਰੀ ਤੋਂ ਬਿਨਾਂ ਸੰਭਵ ਹੈ।

ਭਾਟੀਆ ਨੇ ਕਿਹਾ ਕਿ ਇਹ ਸੰਭਵ ਨਹੀਂ ਹੈ ਕਿ ਮੁੱਖ ਮੰਤਰੀ ਦੀ ਜਾਣਕਾਰੀ ਜਾਂ ਮਨਜ਼ੂਰੀ ਤੋਂ ਬਿਨਾਂ ਇੰਨੇ ਵੱਡੇ ਪੱਧਰ 'ਤੇ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਕੀਤੀਆਂ ਜਾਣ। ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਕਿਸੇ ਓ.ਐੱਸ.ਡੀ. ਵੱਲੋਂ ਇੰਨੇ ਸੀਨੀਅਰ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਕੀਤੀਆਂ ਗਈਆਂ ਹਨ ਤਾਂ ਇਸ ਬਾਰੇ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਤੈਅ ਹੋਣੀ ਚਾਹੀਦੀ ਹੈ।

ਗੌਰਵ ਭਾਟੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਅਸਤੀਫ਼ੇ ਦੀ ਮੰਗ ਕਰਦਿਆਂ ਕਿਹਾ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਤਦ ਹੀ ਸੰਭਵ ਹੈ ਜਦੋਂ ਮੁੱਖ ਮੰਤਰੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਅਹੁਦੇ 'ਤੇ ਰਹਿੰਦਿਆਂ ਮਾਮਲੇ ਦੀ ਨਿਰਪੱਖ ਜਾਂਚ ਪ੍ਰਭਾਵਿਤ ਹੋ ਸਕਦੀ ਹੈ।

ਭਾਜਪਾ ਆਗੂ ਨੇ ਕਿਹਾ ਕਿ ਪਾਰਟੀ ਦੀ ਮੰਗ ਹੈ ਕਿ ਭਗਵੰਤ ਮਾਨ ਪੰਜਾਬ ਦੇ ਮੁੱਖ ਮੰਤਰੀ ਵਜੋਂ ਤੁਰੰਤ ਅਸਤੀਫ਼ਾ ਦੇਣ ਅਤੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਵਰਗੀ ਕੇਂਦਰੀ ਏਜੰਸੀ ਤੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਦੋਸ਼ਾਂ ਦੀ ਸੱਚਾਈ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗੀ, ਪਰ ਮਾਮਲੇ ਵਿੱਚ ਲੱਗ ਰਹੇ ਦੋਸ਼ਾਂ ਨੂੰ ਦੇਖਦਿਆਂ ਨਿਰਪੱਖ ਜਾਂਚ ਦੀ ਲੋੜ ਹੈ।

ਇਸ ਤਰ੍ਹਾਂ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀਆਂ ਵਿੱਚ ਕਥਿਤ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਭਾਜਪਾ ਵੱਲੋਂ ਜਿੱਥੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸਿੱਧੇ ਸਵਾਲ ਖੜ੍ਹੇ ਕੀਤੇ ਗਏ ਹਨ, ਉੱਥੇ ਹੀ ਪਾਰਟੀ ਨੇ ਪੰਜਾਬ ਪੁਲੀਸ ਵੱਲੋਂ ਐੱਫ.ਆਈ.ਆਰ. ਦਰਜ ਨਾ ਕਰਨ ਦੇ ਮੁੱਦੇ ਨੂੰ ਵੀ ਵੱਡੇ ਸਿਆਸੀ ਮਾਮਲੇ ਵਜੋਂ ਉਠਾਇਆ ਹੈ।

## ਪਾਕਿਸਤਾਨੀ ਸਿੱਖਾਂ ਨੂੰ ਗੁਰੂ-ਧਾਮਾਂ ਦੇ ਦਰਸ਼ਨਾਂ ਲਈ ਅਟਾਰੀ ਸਰਹੱਦ ਰਾਹੀਂ ਭਾਰਤ ਆਉਣ ਦੀ ਇਜਾਜ਼ਤ ਦਿੱਤੀ ਜਾਵੇ: ਤਰਲੋਚਨ ਸਿੰਘ

**ਚੰਡੀਗੜ੍ਹ**–ਸਾਬਕਾ ਸੰਸਦ ਮੈਂਬਰ ਵੱਲੋਂ ਪਾਕਿਸਤਾਨੀ ਹਾਈ ਕਮਿਸ਼ਨਰ ਨੂੰ ਪੱਤਰ; ਆਖਿਆ–ਭਾਰਤੀ ਸਿੱਖਾਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਮਿਲਦੀ ਹੈ ਤਾਂ ਪਾਕਿਸਤਾਨ ਰਹਿੰਦੇ ਸਿੱਖਾਂ ਲਈ ਵੀ ਇਹ ਸਹੂਲਤ ਹੋਣੀ ਚਾਹੀਦੀ ਹੈ



ਸਾਬਕਾ ਸੰਸਦ ਮੈਂਬਰ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪਾਕਿਸਤਾਨ ਵਿੱਚ ਵੱਸਦੇ ਸਿੱਖਾਂ ਨੂੰ ਭਾਰਤ ਸਥਿਤ ਆਪਣੇ ਇਤਿਹਾਸਕ ਗੁਰੂ-ਧਾਮਾਂ ਦੇ ਦਰਸ਼ਨਾਂ ਲਈ ਅਟਾਰੀ-ਵਾਹਗਾ ਸਰਹੱਦ ਰਾਹੀਂ ਭਾਰਤ ਆਉਣ ਦੀ ਇਜਾਜ਼ਤ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਧਾਰਮਿਕ ਯਾਤਰਾ ਨੂੰ ਸਰਹੱਦਾਂ ਅਤੇ ਦੋਵਾਂ ਦੇਸ਼ਾਂ ਵਿਚਲੇ ਮੌਜੂਦਾ ਤਣਾਅ ਕਾਰਨ ਰੋਕਿਆ ਨਹੀਂ ਜਾਣਾ ਚਾਹੀਦਾ।

ਤਰਲੋਚਨ ਸਿੰਘ ਨੇ ਇਸ ਸਬੰਧੀ ਪਾਕਿਸਤਾਨੀ ਹਾਈ ਕਮਿਸ਼ਨਰ ਨੂੰ ਪੱਤਰ ਲਿਖ ਕੇ ਆਪਣੀ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਪੱਤਰ ਵਿੱਚ ਕੁਝ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਆਪਣੇ ਹੀ ਨਾਗਰਿਕਾਂ ਅਤੇ ਸਿੱਖ ਸ਼ਰਧਾਲੂਆਂ ਦੇ ਇੱਕ ਜਥੇ ਨੂੰ ਵਾਹਗਾ ਸਰਹੱਦ ਰਾਹੀਂ ਭਾਰਤ ਆ ਕੇ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਉਨ੍ਹਾਂ ਸਵਾਲ ਉਠਾਇਆ ਕਿ ਜਦੋਂ ਭਾਰਤ ਤੋਂ ਸਿੱਖ ਸ਼ਰਧਾਲੂਆਂ ਨੂੰ ਸਾਲ ਵਿੱਚ ਕਈ ਵਾਰ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਸਥਿਤ ਸਿੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਪਾਕਿਸਤਾਨ ਵਿੱਚ ਪੱਕੇ ਤੌਰ 'ਤੇ ਰਹਿਣ ਵਾਲੇ ਸਿੱਖਾਂ ਨੂੰ ਵੀ ਇਸੇ ਤਰ੍ਹਾਂ ਭਾਰਤ ਸਥਿਤ ਗੁਰੂ-ਧਾਮਾਂ ਦੀ ਯਾਤਰਾ ਕਰਨ ਦੀ ਸਹੂਲਤ ਕਿਉਂ ਨਹੀਂ ਦਿੱਤੀ ਜਾ ਰਹੀ।

ਤਰਲੋਚਨ ਸਿੰਘ ਨੇ ਕਿਹਾ ਕਿ ਪਾਕਿਸਤਾਨ ਵਿੱਚ ਰਹਿਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਭਾਰਤ ਆਉਣ ਵਾਸਤੇ ਹਵਾਈ ਯਾਤਰਾ ਦਾ ਸਹਾਰਾ ਲੈਣਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਵੱਡੀ ਰਕਮ ਖ਼ਰਚ ਕਰਨੀ ਪੈਂਦੀ ਹੈ। ਉਨ੍ਹਾਂ ਅਨੁਸਾਰ ਜੇਕਰ ਅਟਾਰੀ-ਵਾਹਗਾ ਸਰਹੱਦ ਰਾਹੀਂ ਉਨ੍ਹਾਂ ਨੂੰ ਭਾਰਤ ਆਉਣ ਦੀ ਆਗਿਆ ਮਿਲੇ ਤਾਂ ਇਹ ਯਾਤਰਾ ਉਨ੍ਹਾਂ ਲਈ ਕਾਫ਼ੀ ਸੁਖਾਲੀ ਅਤੇ ਘੱਟ ਖ਼ਰਚ ਵਾਲੀ ਹੋ ਸਕਦੀ ਹੈ।

ਉਨ੍ਹਾਂ ਪਾਕਿਸਤਾਨ ਸਰਕਾਰ ਦੇ ਇਸ ਫ਼ੈਸਲੇ ਨੂੰ ਗ਼ਲਤ ਕਰਾਰ ਦਿੰਦਿਆਂ ਅਪੀਲ ਕੀਤੀ ਕਿ ਇਸ 'ਤੇ ਮੁੜ ਵਿਚਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਵੱਸਦਾ ਸਿੱਖ ਭਾਈਚਾਰਾ ਗਿਣਤੀ ਪੱਖੋਂ ਭਾਵੇਂ ਛੋਟਾ ਹੈ, ਪਰ ਉਸ ਲਈ ਆਪਣੇ ਧਾਰਮਿਕ ਅਤੇ ਇਤਿਹਾਸਕ ਅਸਥਾਨਾਂ ਨਾਲ ਜੁੜੇ ਰਹਿਣ ਦਾ ਅਧਿਕਾਰ ਅਤੇ ਧਾਰਮਿਕ ਭਾਵਨਾਵਾਂ ਬਹੁਤ ਮਹੱਤਵ ਰੱਖਦੀਆਂ ਹਨ। ਇਸ ਲਈ ਉਨ੍ਹਾਂ ਦੀ ਧਾਰਮਿਕ ਯਾਤਰਾ ਵਿੱਚ ਬਿਨਾਂ ਵਜ੍ਹਾ ਰੁਕਾਵਟ ਨਹੀਂ ਪੈਦਾ ਕੀਤੀ ਜਾਣੀ ਚਾਹੀਦੀ।

ਤਰਲੋਚਨ ਸਿੰਘ ਨੇ ਆਪਣੇ ਪੱਤਰ ਵਿੱਚ ਇਹ ਵੀ ਯਾਦ ਕਰਵਾਇਆ ਕਿ ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ ਪਾਕਿਸਤਾਨ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਵੀ ਭਾਰਤ ਦੀ ਯਾਤਰਾ ਕਰਨ ਦੀ ਇਜਾਜ਼ਤ ਦੇਣ ਸਬੰਧੀ ਫ਼ੈਸਲਾ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਲਿਆ ਗਿਆ ਇਹ ਫ਼ੈਸਲਾ ਦੋਵਾਂ ਦੇਸ਼ਾਂ ਵਿੱਚ ਰਹਿੰਦੇ ਸਿੱਖ ਭਾਈਚਾਰਿਆਂ ਨੂੰ ਆਪਣੇ ਧਾਰਮਿਕ ਸਥਾਨਾਂ ਨਾਲ ਜੋੜਨ ਅਤੇ ਧਾਰਮਿਕ ਯਾਤਰਾ ਨੂੰ ਸੁਖਾਲਾ ਬਣਾਉਣ ਵੱਲ ਇੱਕ ਅਹਿਮ ਕਦਮ ਸੀ।

ਜ਼ਿਕਰਯੋਗ ਹੈ ਕਿ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧਾਂ ਵਿੱਚ ਕਾਫ਼ੀ ਕੁੜੱਤਣ ਪੈਦਾ ਹੋਈ ਹੈ। ਦੋਵਾਂ ਦੇਸ਼ਾਂ ਵਿਚਾਲੇ ਆਮ ਆਵਾਜਾਈ ਦੇ ਨਾਲ-ਨਾਲ ਦੁਵੱਲਾ ਵਪਾਰ ਵੀ ਬੰਦ ਹੈ। ਸਰਹੱਦ ਪਾਰ ਆਉਣ-ਜਾਣ ਨੂੰ ਲੈ ਕੇ ਵੀ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਗੂ ਹਨ।

ਇਸ ਦੇ ਬਾਵਜੂਦ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵੱਖ-ਵੱਖ ਗੁਰਪੁਰਬਾਂ ਅਤੇ ਧਾਰਮਿਕ ਮੌਕਿਆਂ 'ਤੇ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਜਾ ਕੇ ਉਥੇ ਸਥਿਤ ਗੁਰੂ-ਧਾਮਾਂ ਦੇ ਦਰਸ਼ਨ ਕਰਨ ਦੀ ਆਗਿਆ ਦਿੱਤੀ ਗਈ ਹੈ। ਇਸ ਸਾਲ ਹੁਣ ਤੱਕ ਸਿੱਖ ਸ਼ਰਧਾਲੂਆਂ ਦੇ ਤਿੰਨ ਜਥੇ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਜਾ ਕੇ ਉਥੋਂ ਦੇ ਇਤਿਹਾਸਕ ਗੁਰਦੁਆਰਿਆਂ ਅਤੇ ਹੋਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਚੁੱਕੇ ਹਨ।

ਹੁਣ ਚੌਥਾ ਸਿੱਖ ਜਥਾ ਨਵੰਬਰ ਮਹੀਨੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰੂ-ਧਾਮਾਂ ਦੀ ਯਾਤਰਾ ਲਈ ਜਾਣ ਦੀ ਤਿਆਰੀ ਕਰ ਰਿਹਾ ਹੈ। ਇਸ ਪਿਛੋਕੜ ਵਿੱਚ ਤਰਲੋਚਨ ਸਿੰਘ ਵੱਲੋਂ ਪਾਕਿਸਤਾਨ ਸਰਕਾਰ ਨੂੰ ਕੀਤੀ ਗਈ ਅਪੀਲ ਨੂੰ ਧਾਰਮਿਕ ਯਾਤਰਾ ਦੇ ਮਾਮਲੇ ਵਿੱਚ ਦੋਵਾਂ ਦੇਸ਼ਾਂ ਦੇ ਸਿੱਖ ਭਾਈਚਾਰਿਆਂ ਲਈ ਬਰਾਬਰ ਦੀ ਸਹੂਲਤ ਦੇਣ ਦੀ ਮੰਗ ਵਜੋਂ ਦੇਖਿਆ ਜਾ ਰਿਹਾ ਹੈ।

ਤਰਲੋਚਨ ਸਿੰਘ ਨੇ ਆਸ ਪ੍ਰਗਟਾਈ ਕਿ ਪਾਕਿਸਤਾਨ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰੇਗੀ ਅਤੇ ਪਾਕਿਸਤਾਨ ਵਿੱਚ ਵੱਸਦੇ ਸਿੱਖਾਂ ਨੂੰ ਅਟਾਰੀ-ਵਾਹਗਾ ਸਰਹੱਦ ਰਾਹੀਂ ਭਾਰਤ ਆ ਕੇ ਹੇਮਕੁੰਟ ਸਾਹਿਬ ਸਮੇਤ ਹੋਰ ਗੁਰੂ-ਧਾਮਾਂ ਦੇ ਦਰਸ਼ਨ ਕਰਨ ਦੀ ਇਜਾਜ਼ਤ ਦੇਣ ਲਈ ਢੁਕਵਾਂ ਫ਼ੈਸਲਾ ਲਵੇਗੀ।

## ਪੰਜਾਬ 'ਚ ਪੰਥਕ ਧਿਰਾਂ ਤੇ ਭਾਜਪਾ ਵਿਚਾਲੇ ਸੰਭਾਵੀ ਗੱਠਜੋੜ ਦੀਆਂ ਚਰਚਾਵਾਂ ਤੇਜ਼

### ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ, ਅਕਾਲੀ ਦਲ ਪੁਨਰ ਸੁਰਜੀਤ ਅਤੇ ਭਾਜਪਾ ਨੂੰ ਇਕੱਠੇ ਲਿਆਉਣ ਦੀਆਂ ਸੰਭਾਵਨਾਵਾਂ 'ਤੇ ਸਿਆਸੀ ਹਲਕਿਆਂ ਵਿੱਚ ਚਰਚਾ

**ਚੰਡੀਗੜ੍ਹ–** ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਨਾਲ ਹੀ ਸੂਬੇ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੋ ਰਹੀਆਂ ਹਨ। ਇਸ ਦੇ ਨਾਲ ਹੀ ਵੱਖ-ਵੱਖ ਸਿਆਸੀ ਧਿਰਾਂ ਵਿਚਾਲੇ ਨਵੇਂ ਸਮੀਕਰਨ ਬਣਨ ਅਤੇ ਸੰਭਾਵੀ ਗੱਠਜੋੜਾਂ ਨੂੰ ਲੈ ਕੇ ਚਰਚਾਵਾਂ ਵੀ ਜ਼ੋਰ ਫੜ ਰਹੀਆਂ ਹਨ। ਇਨ੍ਹਾਂ ਚਰਚਾਵਾਂ ਦੇ ਕੇਂਦਰ ਵਿੱਚ ਭਾਜਪਾ ਅਤੇ ਪੰਥਕ ਸਿਆਸਤ ਨਾਲ ਜੁੜੀਆਂ ਦੋ ਧਿਰਾਂ ਹਨ।

ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਮੁੜ ਗੱਠਜੋੜ ਹੋਣ ਦੀਆਂ ਚਰਚਾਵਾਂ ਪਹਿਲਾਂ ਤੋਂ ਹੀ ਸਿਆਸੀ ਹਲਕਿਆਂ ਵਿੱਚ ਚੱਲ ਰਹੀਆਂ ਹਨ। ਹੁਣ ਇਸ ਨਾਲ ਇੱਕ ਹੋਰ ਸੰਭਾਵਨਾ ਵੀ ਜੁੜ ਗਈ ਹੈ ਕਿ ਜੇਕਰ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਗੱਠਜੋੜ ਬਣਦਾ ਹੈ ਤਾਂ ਅਕਾਲੀ ਦਲ ਪੁਨਰ ਸੁਰਜੀਤ ਨੂੰ ਵੀ ਇਸ ਸਿਆਸੀ ਸਮੀਕਰਨ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਦੀ ਸਿਆਸਤ ਵਿੱਚ ਤਿੰਨ ਧਿਰੀ ਗੱਠਜੋੜ ਬਣਨ ਦੀ ਚਰਚਾ ਨੇ ਸਿਆਸੀ ਗਲਿਆਰਿਆਂ ਵਿੱਚ ਨਵੀਂ ਹਲਚਲ ਪੈਦਾ ਕਰ ਦਿੱਤੀ ਹੈ।

ਇਸ ਵੇਲੇ ਭਾਜਪਾ ਪੰਜਾਬ ਵਿੱਚ ਸੱਤਾ ਤੱਕ ਪਹੁੰਚ ਬਣਾਉਣ ਲਈ ਪੂਰੀ ਤਰ੍ਹਾਂ ਸਰਗਰਮ ਨਜ਼ਰ ਆ ਰਹੀ ਹੈ। ਪਿਛਲੇ ਕੁਝ ਸਮੇਂ ਦੌਰਾਨ ਪਾਰਟੀ ਨੇ ਪੰਜਾਬ ਵਿੱਚ ਆਪਣੀ ਸਿਆਸੀ ਪਛਾਣ ਨੂੰ ਵਧੇਰੇ ਪੰਜਾਬੀ ਅਤੇ ਪੰਥਕ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ। ਵੱਡੀ ਗਿਣਤੀ ਵਿੱਚ ਸਿੱਖ ਚਿਹਰੇ ਭਾਜਪਾ ਨਾਲ ਜੁੜੇ ਹੋਏ ਨਜ਼ਰ ਆ ਰਹੇ ਹਨ ਅਤੇ ਪਾਰਟੀ ਪਿੰਡਾਂ ਦੇ ਨਾਲ-ਨਾਲ ਪੰਥਕ ਅਤੇ ਕਿਸਾਨੀ ਮਸਲਿਆਂ ਨੂੰ ਵੀ ਸਿਆਸੀ ਤੌਰ 'ਤੇ ਸਮਝਣ ਅਤੇ ਉਨ੍ਹਾਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਦੇ ਬਾਵਜੂਦ ਪੰਜਾਬ ਦੇ ਦਿਹਾਤੀ ਖੇਤਰਾਂ ਵਿੱਚ ਭਾਜਪਾ ਦੀ ਪਕੜ ਨੂੰ ਅਜੇ ਵੀ ਉਸ ਪੱਧਰ ਦੀ ਮਜ਼ਬੂਤੀ ਨਹੀਂ ਮਿਲੀ, ਜਿਸ ਦੇ ਆਧਾਰ 'ਤੇ ਉਹ ਇਕੱਲੇ ਆਪਣੇ ਬਲਬੂਤੇ ਸੱਤਾ ਤੱਕ ਪਹੁੰਚ ਸਕੇ। ਪੰਜਾਬ ਦੀ ਸਿਆਸਤ ਵਿੱਚ ਦਿਹਾਤੀ ਵੋਟ ਬੈਂਕ ਦੀ ਅਹਿਮੀਅਤ ਨੂੰ ਦੇਖਦਿਆਂ ਭਾਜਪਾ ਲਈ ਅਜਿਹੀ ਸਿਆਸੀ ਸਾਂਝ ਮਹੱਤਵਪੂਰਨ ਹੋ ਸਕਦੀ ਹੈ, ਜਿਸ ਦਾ ਪਿੰਡਾਂ ਅਤੇ ਰਵਾਇਤੀ ਵੋਟਰਾਂ ਵਿੱਚ ਪ੍ਰਭਾਵ ਹੋਵੇ।



ਮੌਜੂਦਾ ਹਾਲਾਤ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਭਾਜਪਾ ਲਈ ਇੱਕ ਅਜਿਹੇ ਸੰਭਾਵੀ ਸਾਥੀ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਨਾਲ ਪਾਰਟੀ ਦਾ ਲੰਬੇ ਸਮੇਂ ਤੱਕ ਸਿਆਸੀ ਗੱਠਜੋੜ ਰਹਿ ਚੁੱਕਾ ਹੈ। ਦੋਵੇਂ ਧਿਰਾਂ ਨੇ ਕਈ ਸਾਲ ਪੰਜਾਬ ਵਿੱਚ ਸਾਂਝੀ ਸਰਕਾਰ ਵੀ ਚਲਾਈ ਅਤੇ ਲੰਬੇ ਸਮੇਂ ਤੱਕ ਇੱਕ ਮਜ਼ਬੂਤ ਸਿਆਸੀ ਗੱਠਜੋੜ ਵਜੋਂ ਕੰਮ ਕੀਤਾ।

ਹਾਲਾਂਕਿ ਮੌਜੂਦਾ ਸਮੇਂ ਵਿੱਚ ਅਕਾਲੀ ਸਿਆਸਤ ਪਹਿਲਾਂ ਵਾਂਗ ਇੱਕਜੁੱਟ ਨਹੀਂ ਹੈ ਅਤੇ ਪੰਥਕ ਵੋਟ ਬੈਂਕ ਨਾਲ ਜੁੜੀਆਂ ਤਾਕਤਾਂ ਵੱਖ-ਵੱਖ ਧਿਰਾਂ ਵਿੱਚ ਵੰਡੀਆਂ ਹੋਈਆਂ ਹਨ। ਅਜਿਹੀ ਸਥਿਤੀ ਵਿੱਚ ਜੇਕਰ ਅਕਾਲੀ ਦਲ ਪੁਨਰ ਸੁਰਜੀਤ ਵੀ ਸੰਭਾਵੀ ਗੱਠਜੋੜ ਦਾ ਹਿੱਸਾ ਬਣਦਾ ਹੈ ਤਾਂ ਪੰਥਕ ਵੋਟਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਨੂੰ ਨਵੀਂ ਤਾਕਤ ਮਿਲ ਸਕਦੀ ਹੈ। ਸਿਆਸੀ ਹਲਕਿਆਂ ਵਿੱਚ ਇਹ ਵੀ ਚਰਚਾ ਹੈ ਕਿ ਤਿੰਨਾਂ ਧਿਰਾਂ ਦੀ ਸਾਂਝ ਪੰਜਾਬ ਦੇ ਸਿਆਸੀ ਮੈਦਾਨ ਵਿੱਚ ਇੱਕ ਨਵਾਂ ਅਤੇ ਪ੍ਰਭਾਵਸ਼ਾਲੀ ਸਮੀਕਰਨ ਖੜ੍ਹਾ ਕਰ ਸਕਦੀ ਹੈ।

ਭਾਜਪਾ ਅਤੇ ਅਕਾਲੀ ਦਲ ਪੁਨਰ ਸੁਰਜੀਤ ਨਾਲ ਸਬੰਧਤ ਕੁਝ ਸੂਤਰਾਂ ਵੱਲੋਂ ਇਸ ਤਰ੍ਹਾਂ ਦੀਆਂ ਚਰਚਾਵਾਂ ਨੂੰ ਬਲ ਮਿਲਣ ਦੀ ਗੱਲ ਵੀ ਸਾਹਮਣੇ ਆਈ ਹੈ। ਹਾਲਾਂਕਿ ਅਜੇ ਤੱਕ ਕਿਸੇ ਵੀ ਧਿਰ ਵੱਲੋਂ ਕਿਸੇ ਤਿੰਨ ਧਿਰੀ ਗੱਠਜੋੜ ਦਾ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ, ਪਰ ਅੰਦਰੂਨੀ ਪੱਧਰ 'ਤੇ ਸਿਆਸੀ ਸੰਪਰਕਾਂ ਅਤੇ ਵਿਚਾਰ-ਵਟਾਂਦਰੇ ਦੀਆਂ ਚਰਚਾਵਾਂ ਜਾਰੀ ਹਨ।

ਇਸ ਸੰਭਾਵੀ ਗੱਠਜੋੜ ਦੇ ਰਾਹ ਵਿੱਚ ਸਭ ਤੋਂ ਵੱਡੇ ਅੜਿੱਕਿਆਂ ਵਿੱਚੋਂ ਇੱਕ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਨਾਲ ਜੁੜਿਆ ਹੋਇਆ ਦੱਸਿਆ ਜਾ ਰਿਹਾ ਹੈ। ਅਕਾਲੀ ਦਲ ਪੁਨਰ ਸੁਰਜੀਤ ਨਾਲ ਜੁੜੇ ਕੁਝ ਆਗੂਆਂ ਦੀ ਇੱਛਾ ਹੈ ਕਿ ਕਿਸੇ ਵੀ ਨਵੇਂ ਸਿਆਸੀ ਸਮੀਕਰਨ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਦੇ ਮੁੱਦੇ ਦਾ ਹੱਲ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਮੰਗ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ।

ਜਾਣਕਾਰੀ ਅਨੁਸਾਰ ਗੱਠਜੋੜ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਅਕਾਲੀ ਦਲ ਪੁਨਰ ਸੁਰਜੀਤ ਨਾਲ ਜੁੜੇ ਕੁਝ ਆਗੂ ਭਾਜਪਾ ਦੀ ਕੌਮੀ ਲੀਡਰਸ਼ਿਪ ਨਾਲ ਮੁਲਾਕਾਤ ਕਰ ਚੁੱਕੇ ਹਨ। ਇਨ੍ਹਾਂ ਮੁਲਾਕਾਤਾਂ ਦੌਰਾਨ ਪੰਜਾਬ ਅਤੇ ਪੰਥਕ ਮਸਲਿਆਂ ਨਾਲ ਸਬੰਧਤ ਕੁਝ ਸ਼ਰਤਾਂ ਅਤੇ ਮੰਗਾਂ ਵੀ ਰੱਖੀਆਂ ਗਈਆਂ ਦੱਸੀਆਂ ਜਾ ਰਹੀਆਂ ਹਨ।

ਇਨ੍ਹਾਂ ਮੰਗਾਂ ਵਿੱਚੋਂ ਕੁਝ ਮਸਲੇ ਪਹਿਲਾਂ ਵੀ ਜਨਤਕ ਤੌਰ 'ਤੇ ਉਠਾਏ ਜਾ ਚੁੱਕੇ ਹਨ। ਜਾਣਕਾਰੀ ਮੁਤਾਬਕ ਪਿਛਲੇ ਦਿਨੀਂ ਇਨ੍ਹਾਂ ਮੰਗਾਂ ਨੂੰ ਇੱਕ ਮੰਗ ਪੱਤਰ ਦੇ ਰੂਪ ਵਿੱਚ ਪੰਜਾਬ ਦੇ ਰਾਜਪਾਲ ਨੂੰ ਵੀ ਸੌਂਪਿਆ ਗਿਆ ਸੀ। ਇਸ ਕਾਰਨ ਇਹ ਚਰਚਾ ਹੋਰ ਤੇਜ਼ ਹੋ ਗਈ ਹੈ ਕਿ ਪੰਥਕ ਮਸਲਿਆਂ ਨੂੰ ਆਧਾਰ ਬਣਾ ਕੇ ਨਵੇਂ ਸਿਆਸੀ ਸਮੀਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਦੂਜੇ ਪਾਸੇ, ਅਕਾਲੀ-ਭਾਜਪਾ ਗੱਠਜੋੜ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਮੰਤਰੀ ਨਾਲ ਹੋਈ ਮੁਲਾਕਾਤ ਵੀ ਸਿਆਸੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਮੁਲਾਕਾਤ ਤੋਂ ਬਾਅਦ ਦੋਵਾਂ ਪੁਰਾਣੇ ਸਾਥੀਆਂ ਵਿਚਾਲੇ ਮੁੜ ਨੇੜਤਾ ਵਧਣ ਦੀਆਂ ਅਟਕਲਾਂ ਨੂੰ ਹੋਰ ਹਵਾ ਮਿਲੀ ਹੈ।

ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਵਿੱਚ ਵੱਖ-ਵੱਖ ਵਿਰੋਧੀ ਧਿਰਾਂ ਇਸ ਗੱਲ 'ਤੇ ਸਹਿਮਤ ਦਿਖਾਈ ਦੇ ਰਹੀਆਂ ਹਨ ਕਿ ਆਮ ਆਦਮੀ ਪਾਰਟੀ ਨੂੰ ਸੱਤਾ ਤੋਂ ਦੂਰ ਕਰਨ ਲਈ ਮਜ਼ਬੂਤ ਅਤੇ ਵਿਆਪਕ ਸਿਆਸੀ ਗੱਠਜੋੜ ਦੀ ਲੋੜ ਹੋਵੇਗੀ। ਅਜਿਹੇ ਵਿੱਚ ਭਾਜਪਾ, ਅਕਾਲੀ ਦਲ ਅਤੇ ਅਕਾਲੀ ਦਲ ਪੁਨਰ ਸੁਰਜੀਤ ਨੂੰ ਇੱਕ ਸਾਂਝੇ ਸਿਆਸੀ ਮੰਚ 'ਤੇ ਲਿਆਉਣ ਦੀ ਸੰਭਾਵਨਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਰਿਹਾ।

ਇਸੇ ਦੌਰਾਨ ਭਾਜਪਾ ਵੱਲੋਂ ਪੰਜਾਬ ਨਾਲ ਜੁੜੇ ਪੰਥਕ, ਧਾਰਮਿਕ ਅਤੇ ਕਿਸਾਨੀ ਮਸਲਿਆਂ ਬਾਰੇ ਵੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਕਿਸਾਨਾਂ ਨਾਲ ਸਬੰਧਤ ਮੁੱਦੇ ਪੰਜਾਬ ਦੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਕਿਸੇ ਵੀ ਸੰਭਾਵੀ ਗੱਠਜੋੜ ਲਈ ਇਨ੍ਹਾਂ ਮਸਲਿਆਂ 'ਤੇ ਸਾਂਝਾ ਰੁਖ ਤੈਅ ਕਰਨਾ ਮਹੱਤਵਪੂਰਨ ਹੋ ਸਕਦਾ ਹੈ।

ਪੰਥਕ ਮਾਮਲਿਆਂ ਵਿੱਚ ਇਸ ਵੇਲੇ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਵੀ ਪ੍ਰਮੁੱਖ ਤੌਰ 'ਤੇ ਉੱਭਰਿਆ ਹੋਇਆ ਹੈ। ਪੰਥਕ ਧਿਰਾਂ ਵੱਲੋਂ ਇਸ ਮੁੱਦੇ ਨੂੰ ਲੰਬੇ ਸਮੇਂ ਤੋਂ ਉਠਾਇਆ ਜਾਂਦਾ ਰਿਹਾ ਹੈ ਅਤੇ ਸੰਭਾਵੀ ਸਿਆਸੀ ਗੱਠਜੋੜ ਦੀ ਚਰਚਾ ਦੌਰਾਨ ਇਹ ਮਸਲਾ ਵੀ ਕੇਂਦਰ ਵਿੱਚ ਰਹਿ ਸਕਦਾ ਹੈ।

ਫਿਲਹਾਲ ਪੰਜਾਬ ਦੀ ਸਿਆਸਤ ਵਿੱਚ ਗੱਠਜੋੜਾਂ ਨੂੰ ਲੈ ਕੇ ਚਰਚਾਵਾਂ ਦਾ ਦੌਰ ਜਾਰੀ ਹੈ। ਆਉਣ ਵਾਲੇ ਸਮੇਂ ਵਿੱਚ ਇਹ ਸਪੱਸ਼ਟ ਹੋਵੇਗਾ ਕਿ ਭਾਜਪਾ ਅਤੇ ਪੰਥਕ ਧਿਰਾਂ ਵਿਚਾਲੇ ਚੱਲ ਰਹੇ ਸੰਪਰਕ ਕਿਸੇ ਠੋਸ ਸਿਆਸੀ ਗੱਠਜੋੜ ਦਾ ਰੂਪ ਧਾਰਦੇ ਹਨ ਜਾਂ ਫਿਰ ਇਹ ਚਰਚਾਵਾਂ ਸਿਰਫ਼ ਸਿਆਸੀ ਕਿਆਸਾਂ ਤੱਕ ਹੀ ਸੀਮਤ ਰਹਿ ਜਾਂਦੀਆਂ ਹਨ। ਪਰ ਇੰਨਾ ਜ਼ਰੂਰ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਬਣਨ ਦੀ ਸੰਭਾਵਨਾ ਨੇ ਸਿਆਸੀ ਸਰਗਰਮੀ ਨੂੰ ਹੋਰ ਤੇਜ਼ ਕਰ ਦਿੱਤਾ ਹੈ।

## ਪੰਜਾਬ ਦੀ ਖਰੜਾ ਵੋਟਰ ਸੂਚੀ 'ਚੋਂ ਰਾਘਵ ਚੱਢਾ ਦੀ ਵੋਟ ਕੱਟੀ, 'ਸਿਆਸੀ ਬਦਲਾਖੋਰੀ' ਦੇ ਦੋਸ਼; 'ਆਪ' ਨੇ ਸਰਕਾਰ ਦਾ ਕੋਈ ਲੈਣਾ-ਦੇਣਾ ਨਾ ਹੋਣ ਦੀ ਗੱਲ ਆਖੀ

### ਵਿਸ਼ੇਸ਼ ਸੁਧਾਈ ਦੌਰਾਨ ਮੁਹਾਲੀ ਦੇ ਰਿਹਾਇਸ਼ੀ ਪਤੇ ਤੋਂ ਤਬਦੀਲੀ ਦੀ ਪੁਸ਼ਟੀ ਮਗਰੋਂ ਵੋਟ ਹੋਈ ਰੱਦ; ਪੰਜਾਬ 'ਚ ਕੁੱਲ 20.66 ਲੱਖ ਵੋਟਰਾਂ ਦੇ ਨਾਮ ਖਰੜਾ ਸੂਚੀ 'ਚੋਂ ਹਟਾਏ ਗਏ

**ਚੰਡੀਗੜ੍ਹ** – ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੀ ਪ੍ਰਕਿਰਿਆ ਮਗਰੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਪੰਜਾਬ ਦੀ ਖਰੜਾ ਵੋਟਰ ਸੂਚੀ 'ਚੋਂ ਬਾਹਰ ਹੋ ਗਏ ਹਨ। ਵਿਸ਼ੇਸ਼ ਸੁਧਾਈ ਦੌਰਾਨ ਉਨ੍ਹਾਂ ਦੇ ਪੰਜਾਬ ਵਿਚਲੇ ਰਿਹਾਇਸ਼ੀ ਪਤੇ ਤੋਂ ਤਬਦੀਲ ਹੋਣ ਦੀ ਪੁਸ਼ਟੀ ਹੋਣ ਮਗਰੋਂ ਉਨ੍ਹਾਂ ਦੀ ਵੋਟ ਪੰਜਾਬ ਦੀ ਵੋਟਰ ਸੂਚੀ 'ਚੋਂ ਕੱਟ ਦਿੱਤੀ ਗਈ ਹੈ।

ਕੁੱਝ ਸਮਾਂ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਰਾਘਵ ਚੱਢਾ ਨੇ ਆਪਣੀ ਵੋਟ ਕੱਟੇ ਜਾਣ ਨੂੰ 'ਸਿਆਸੀ ਬਦਲਾਖੋਰੀ' ਕਰਾਰ ਦਿੰਦਿਆਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਇਸ ਦੇ ਉਲਟ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਕਰਵਾਈ ਜਾ ਰਹੀ ਵਿਸ਼ੇਸ਼ ਸੁਧਾਈ ਦੀ ਪ੍ਰਕਿਰਿਆ ਵਿੱਚ ਰਾਘਵ ਚੱਢਾ ਦੀ ਵੋਟ ਕੱਟੇ ਜਾਣ ਨਾਲ ਸੂਬਾ ਸਰਕਾਰ ਦਾ ਕੋਈ ਸਬੰਧ ਨਹੀਂ ਹੈ।

ਚੋਣ ਕਮਿਸ਼ਨ ਵੱਲੋਂ 13 ਅਗਸਤ ਨੂੰ ਪੰਜਾਬ ਦੀ ਖਰੜਾ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਗਈ ਸੀ, ਜਿਸ ਵਿੱਚ ਰਾਘਵ ਚੱਢਾ ਦੀ ਵੋਟ ਕੱਟੇ ਜਾਣ ਦਾ ਪਤਾ ਲੱਗਾ। ਇਸ ਵਿਸ਼ੇਸ਼ ਸੁਧਾਈ ਦੌਰਾਨ ਪੰਜਾਬ ਵਿੱਚ ਕੁੱਲ 20.66 ਲੱਖ ਵੋਟਰਾਂ ਦੇ ਨਾਮ ਵੋਟਰ ਸੂਚੀ 'ਚੋਂ ਕੱਟੇ ਗਏ ਹਨ, ਜੋ ਕਿ ਕੁੱਲ ਵੋਟਰਾਂ ਦਾ ਲਗਭਗ 9.7 ਫ਼ੀਸਦੀ ਬਣਦੇ ਹਨ।

ਮੁਹਾਲੀ ਵਿੱਚ ਬਣੀ ਹੋਈ ਸੀ ਰਾਘਵ ਚੱਢਾ ਦੀ ਵੋਟ



ਵੇਰਵਿਆਂ ਅਨੁਸਾਰ, ਰਾਘਵ ਚੱਢਾ ਵੱਲੋਂ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿਣ ਤੋਂ ਬਾਅਦ ਉਹ ਸਿਰਫ਼ ਇੱਕ ਵਾਰ ਪੰਜਾਬ ਵਿੱਚ ਨਜ਼ਰ ਆਏ ਹਨ। ਪਿਛਲੀਆਂ ਨਗਰ ਨਿਗਮ ਚੋਣਾਂ ਦੌਰਾਨ ਵੀ ਉਨ੍ਹਾਂ ਨੇ ਆਪਣੀ ਵੋਟ ਦਾ ਇਸਤੇਮਾਲ ਨਹੀਂ ਕੀਤਾ ਸੀ।

ਮੁਹਾਲੀ ਨਗਰ ਨਿਗਮ ਦੀ ਵੋਟਰ ਸੂਚੀ ਵਿੱਚ ਰਾਘਵ ਚੱਢਾ ਦੀ ਵੋਟ ਵਾਰਡ ਨੰਬਰ 44 ਵਿੱਚ ਸੀਰੀਅਲ ਨੰਬਰ 253 ਅਤੇ ਬੂਥ ਨੰਬਰ 160 'ਤੇ ਦਰਜ ਸੀ। ਮੁਹਾਲੀ ਦੇ ਵਾਰਡ ਨੰਬਰ 44 ਵਿੱਚ ਪੈਂਦੇ ਰੀਜੈਂਸੀ ਹਾਈਟਸ ਵਿੱਚ ਰਾਘਵ ਚੱਢਾ ਦੀ ਰਿਹਾਇਸ਼ ਹੈ। ਹੁਣ ਕਿਹਾ ਗਿਆ ਹੈ ਕਿ ਉਹ ਇਸ ਰਿਹਾਇਸ਼ ਤੋਂ ਪੱਕੇ ਤੌਰ 'ਤੇ ਤਬਦੀਲ ਹੋ ਚੁੱਕੇ ਹਨ, ਜਿਸ ਦੇ ਆਧਾਰ 'ਤੇ ਉਨ੍ਹਾਂ ਦੀ ਵੋਟ ਪੰਜਾਬ ਦੀ ਸੂਚੀ 'ਚੋਂ ਹਟਾਈ ਗਈ ਹੈ।

2022 ਵਿੱਚ ਪੰਜਾਬ ਤੋਂ ਰਾਜ ਸਭਾ ਮੈਂਬਰ ਬਣਨ ਸਮੇਂ ਵੀ ਉੱਠਿਆ ਸੀ ਸਵਾਲ

ਆਮ ਆਦਮੀ ਪਾਰਟੀ ਵੱਲੋਂ ਜਦੋਂ ਰਾਘਵ ਚੱਢਾ ਨੂੰ ਰਾਜ ਸਭਾ ਲਈ 21 ਮਾਰਚ 2022 ਨੂੰ ਉਮੀਦਵਾਰ ਬਣਾਉਣ ਦਾ ਐਲਾਨ ਕੀਤਾ ਗਿਆ ਸੀ ਤਾਂ ਉਸ ਸਮੇਂ ਪੰਜਾਬ ਵਿੱਚ ਇਸ ਗੱਲ ਨੂੰ ਲੈ ਕੇ ਸਿਆਸੀ ਚਰਚਾ ਛਿੜੀ ਸੀ ਕਿ ਪੰਜਾਬ ਤੋਂ ਬਾਹਰ ਦੇ ਵਸਨੀਕ ਨੂੰ ਰਾਜ ਸਭਾ ਦੀ ਟਿਕਟ ਦਿੱਤੀ ਜਾ ਰਹੀ ਹੈ।

ਰਾਘਵ ਚੱਢਾ ਅਪਰੈਲ 2022 ਵਿੱਚ ਪੰਜਾਬ ਤੋਂ ਰਾਜ ਸਭਾ ਮੈਂਬਰ ਬਣੇ ਸਨ। ਉਸ ਸਮੇਂ ਚੋਣ ਕਮਿਸ਼ਨ ਕੋਲ ਦਾਇਰ ਕੀਤੇ ਹਲਫ਼ੀਆ ਬਿਆਨ ਮੁਤਾਬਕ ਦਿੱਲੀ ਦੇ ਵਿਧਾਨ ਸਭਾ ਹਲਕਾ ਰਜਿੰਦਰ ਨਗਰ ਵਿੱਚ ਉਨ੍ਹਾਂ ਦੀ ਵੋਟ ਸੀ। ਇਹ ਵੋਟ ਸੀਰੀਅਲ ਨੰਬਰ 313 ਅਤੇ ਪਾਰਟ ਨੰਬਰ 52 ਤਹਿਤ ਦਰਜ ਹੋਣ ਦੀ ਜਾਣਕਾਰੀ ਦਿੱਤੀ ਗਈ ਸੀ।

ਇਸ ਤੋਂ ਬਾਅਦ ਰਜਿੰਦਰ ਨਗਰ, ਦਿੱਲੀ ਦੀ ਵੋਟਰ ਸੂਚੀ ਵਿੱਚ ਰਾਘਵ ਚੱਢਾ ਦਾ ਨਾਮ ਦਰਜ ਨਹੀਂ ਸੀ। ਸੂਤਰਾਂ ਅਨੁਸਾਰ, ਦਿੱਲੀ ਤੋਂ ਆਪਣੀ ਵੋਟ ਕਟਵਾਉਣ ਮਗਰੋਂ ਰਾਘਵ ਚੱਢਾ ਨੇ ਪੰਜਾਬ ਵਿੱਚ ਨਵੀਂ ਵੋਟ ਬਣਵਾਈ ਸੀ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਮੁਹਾਲੀ 'ਚ ਪਾਈ ਸੀ ਵੋਟ

ਲੋਕ ਸਭਾ ਚੋਣਾਂ 2024 ਦੌਰਾਨ ਰਾਘਵ ਚੱਢਾ ਨੇ ਮੁਹਾਲੀ ਦੇ ਪਿੰਡ ਲਖਨੌਰ ਦੇ ਪੋਲਿੰਗ ਸਟੇਸ਼ਨ 'ਤੇ ਆਪਣੀ ਵੋਟ ਪਾਈ ਸੀ। ਹੁਣ ਪੰਜਾਬ ਦੀ ਖਰੜਾ ਵੋਟਰ ਸੂਚੀ ਵਿੱਚੋਂ ਉਨ੍ਹਾਂ ਦਾ ਨਾਮ ਹਟਾਏ ਜਾਣ ਮਗਰੋਂ ਇਹ ਸਵਾਲ ਵੀ ਚਰਚਾ ਵਿੱਚ ਹੈ ਕਿ ਕੀ ਰਾਘਵ ਚੱਢਾ ਇਸ ਸਮੇਂ ਦੇਸ਼ ਵਿੱਚ ਕਿਸੇ ਹੋਰ ਥਾਂ ਵੋਟਰ ਵਜੋਂ ਦਰਜ ਹਨ ਜਾਂ ਨਹੀਂ।

# 9 ਸਾਲ ਪੁਰਾਣੇ ਮਾਣਹਾਨੀ ਕੇਸ 'ਚ ਸੁਖਬੀਰ ਬਾਦਲ ਨੂੰ ਮਿਲ ਸਕਦੀ ਹੈ ਰਾਹਤ, ਸ਼ਿਕਾਇਤਕਰਤਾ ਨਾਲ ਸਮਝੌਤੇ ਦਾ ਦਾਅਵਾ

## ਅਖੰਡ ਕੀਰਤਨੀ ਜਥੇ ਨੂੰ ਦਹਿਸ਼ਤੀ ਜਥੇਬੰਦੀ ਦਾ 'ਸਿਆਸੀ ਫਰੰਟ' ਦੱਸਣ ਦੇ ਮਾਮਲੇ 'ਚ ਅਦਾਲਤ ਨੇ ਮੰਗਿਆ ਸਮਝੌਤੇ ਦਾ ਲਿਖਤੀ ਰਿਕਾਰਡ; ਅਗਲੀ ਸੁਣਵਾਈ 17 ਸਤੰਬਰ ਨੂੰ



**ਚੰਡੀਗੜ੍ਹ**–ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਰੀਬ 9 ਸਾਲ ਪੁਰਾਣੇ ਮਾਣਹਾਨੀ ਦੇ ਮਾਮਲੇ ਵਿੱਚ ਜਲਦ ਰਾਹਤ ਮਿਲਣ ਦੀ ਸੰਭਾਵਨਾ ਬਣ ਗਈ ਹੈ। ਇਹ ਮਾਮਲਾ ਜਨਵਰੀ 2017 ਵਿੱਚ ਧਾਰਮਿਕ ਸੰਗਠਨ ਅਖੰਡ ਕੀਰਤਨੀ ਜਥੇ ਦੇ ਬੁਲਾਰੇ ਰਾਜਿੰਦਰ ਪਾਲ ਸਿੰਘ ਵੱਲੋਂ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਦਰਜ ਕਰਵਾਇਆ ਗਿਆ ਸੀ। ਸ਼ਿਕਾਇਤ ਵਿੱਚ ਸੁਖਬੀਰ ਬਾਦਲ 'ਤੇ ਅਖੰਡ ਕੀਰਤਨੀ ਜਥੇ ਨੂੰ ਦਹਿਸ਼ਤੀ ਜਥੇਬੰਦੀ ਦੱਸਣ ਅਤੇ ਇਸ ਸਬੰਧੀ ਕਥਿਤ ਤੌਰ 'ਤੇ ਮਾਣਹਾਨੀ ਵਾਲਾ ਬਿਆਨ ਦੇਣ ਦੇ ਦੋਸ਼ ਲਗਾਏ ਗਏ ਸਨ।

ਮਾਮਲੇ ਦੀ ਸੁਣਵਾਈ ਦੌਰਾਨ ਸੁਖਬੀਰ ਸਿੰਘ ਬਾਦਲ ਦੇ ਵਕੀਲ ਰਾਜੇਸ਼ ਕੁਮਾਰ ਰਾਏ ਨੇ ਅਦਾਲਤ ਨੂੰ ਦੱਸਿਆ ਕਿ ਸ਼ਿਕਾਇਤਕਰਤਾ ਅਤੇ ਸੁਖਬੀਰ ਬਾਦਲ ਵਿਚਕਾਰ ਸਮਝੌਤਾ ਹੋ ਗਿਆ ਹੈ। ਵਕੀਲ ਨੇ ਕਿਹਾ ਕਿ ਅਗਲੀ ਤਾਰੀਖ਼ 'ਤੇ ਮਾਮਲਾ ਵਾਪਸ ਲੈ ਲਿਆ ਜਾਵੇਗਾ।

ਅਦਾਲਤ ਨੇ ਵਕੀਲ ਦੇ ਇਸ ਬਿਆਨ ਨੂੰ ਧਿਆਨ ਵਿੱਚ ਰੱਖਦਿਆਂ ਮਾਮਲੇ ਦੀ ਅਗਲੀ ਸੁਣਵਾਈ 17 ਸਤੰਬਰ ਤੱਕ ਮੁਲਤਵੀ ਕਰ ਦਿੱਤੀ। ਇਸ ਦੇ ਨਾਲ ਹੀ ਅਦਾਲਤ ਨੇ ਕਿਹਾ ਕਿ ਜੇਕਰ ਦੋਵਾਂ ਧਿਰਾਂ ਵਿਚਕਾਰ ਸਮਝੌਤਾ ਹੋਇਆ ਹੈ ਤਾਂ ਉਸ ਦਾ ਲਿਖਤੀ ਰਿਕਾਰਡ ਨਿਰਧਾਰਤ ਮਿਤੀ ਤੱਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇ।

**ਸੁਪਰੀਮ ਕੋਰਟ ਪਹਿਲਾਂ ਰੱਦ ਕਰ ਚੁੱਕੀ ਹੈ ਸੁਖਬੀਰ ਬਾਦਲ ਦੀ ਪਟੀਸ਼ਨ**

ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਸੁਪਰੀਮ ਕੋਰਟ ਨੇ ਸੁਖਬੀਰ ਸਿੰਘ ਬਾਦਲ ਵੱਲੋਂ ਦਾਇਰ ਕੀਤੀ ਗਈ ਉਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਸ ਵਿੱਚ ਉਨ੍ਹਾਂ ਨੇ ਸਾਲ 2017 ਦੀ ਅਪਰਾਧਿਕ ਮਾਣਹਾਨੀ ਦੀ ਸ਼ਿਕਾਇਤ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ।

ਸੁਖਬੀਰ ਬਾਦਲ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਅਕਤੂਬਰ 2025 ਦੇ ਉਸ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿਸ ਵਿੱਚ ਹਾਈ ਕੋਰਟ ਨੇ ਮਾਣਹਾਨੀ ਦੀ ਸ਼ਿਕਾਇਤ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਸ਼ਿਕਾਇਤ ਮੁਤਾਬਕ ਜਨਵਰੀ 2017 ਵਿੱਚ ਸੁਖਬੀਰ ਸਿੰਘ ਬਾਦਲ ਨੇ ਅਖੰਡ ਕੀਰਤਨੀ ਜਥੇ ਨੂੰ ਇੱਕ ਦਹਿਸ਼ਤੀ ਜਥੇਬੰਦੀ ਦਾ 'ਸਿਆਸੀ ਫਰੰਟ' ਦੱਸਿਆ ਸੀ। ਇਸ ਬਿਆਨ ਨੂੰ ਲੈ ਕੇ ਅਖੰਡ ਕੀਰਤਨੀ ਜਥੇ ਵੱਲੋਂ ਇਤਰਾਜ਼ ਜਤਾਇਆ ਗਿਆ ਅਤੇ ਬਾਅਦ ਵਿੱਚ ਮਾਣਹਾਨੀ ਦੀ ਕਾਰਵਾਈ ਸ਼ੁਰੂ ਹੋਈ।

**ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਤੋਂ ਬਾਅਦ ਦਿੱਤਾ ਸੀ ਬਿਆਨ**

ਮਾਮਲੇ ਨਾਲ ਜੁੜੇ ਵੇਰਵਿਆਂ ਅਨੁਸਾਰ ਰਾਜਿੰਦਰ ਪਾਲ ਸਿੰਘ ਵੱਲੋਂ ਦਿੱਲੀ ਦੇ ਤਤਕਾਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੇ ਜਾਣ ਤੋਂ ਬਾਅਦ ਸੁਖਬੀਰ ਬਾਦਲ ਵੱਲੋਂ ਇਹ ਵਿਵਾਦਤ ਬਿਆਨ ਦਿੱਤਾ ਗਿਆ ਸੀ।

ਇਸ ਮਾਮਲੇ ਵਿੱਚ ਅਦਾਲਤ ਦੇ ਹੁਕਮਾਂ 'ਤੇ ਚੰਡੀਗੜ੍ਹ ਪੁਲੀਸ ਨੇ ਜਾਂਚ ਕੀਤੀ ਸੀ। ਜਾਂਚ ਮਗਰੋਂ ਪੁਲੀਸ ਨੇ 28 ਨਵੰਬਰ 2019 ਨੂੰ ਤੱਥਾਂ ਨਾਲ ਸਬੰਧਤ ਆਪਣੀ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਸੀ।

ਇਸ ਰਿਪੋਰਟ ਦੇ ਆਧਾਰ 'ਤੇ ਰਾਜਿੰਦਰ ਪਾਲ ਸਿੰਘ ਵੱਲੋਂ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਮਾਣਹਾਨੀ ਦਾ ਮਾਮਲਾ ਦਰਜ ਕਰਵਾਇਆ ਗਿਆ ਸੀ। ਹੁਣ ਦੋਵਾਂ ਧਿਰਾਂ ਵਿਚਕਾਰ ਸਮਝੌਤੇ ਦੇ ਦਾਅਵੇ ਤੋਂ ਬਾਅਦ ਇਸ ਪੁਰਾਣੇ ਮਾਮਲੇ ਦੇ ਨਿਪਟਾਰੇ ਦੀ ਸੰਭਾਵਨਾ ਬਣੀ ਹੈ। ਹਾਲਾਂਕਿ ਅਦਾਲਤ ਵੱਲੋਂ ਅਗਲੀ ਸੁਣਵਾਈ 'ਤੇ ਸਮਝੌਤੇ ਦਾ ਲਿਖਤੀ ਰਿਕਾਰਡ ਪੇਸ਼ ਕੀਤੇ ਜਾਣ ਤੋਂ ਬਾਅਦ ਹੀ ਮਾਮਲੇ ਦੀ ਅਗਲੀ ਸਥਿਤੀ ਸਪੱਸ਼ਟ ਹੋਵੇਗੀ।

# ਮਨੀ ਲਾਂਡਰਿੰਗ ਮਾਮਲੇ 'ਚ ਈਡੀ ਤੇ ਪੰਜਾਬ ਪੁਲੀਸ ਆਹਮੋ-ਸਾਹਮਣੇ, ਦਸਤਾਵੇਜ਼ ਲੈਣ ਤੋਂ ਇਨਕਾਰ ਦੇ ਦੋਸ਼

## ਈਡੀ ਨੇ ਕਿਹਾ–ਪੁਖ਼ਤਾ ਸਬੂਤ ਦੇਣ ਦੇ ਬਾਵਜੂਦ ਪੰਜਾਬ ਪੁਲੀਸ ਐੱਫਆਈਆਰ ਦਰਜ ਕਰਨ ਤੋਂ ਕਰ ਰਹੀ ਹੈ ਟਾਲ-ਮਟੋਲ; ਪੁਲੀਸ ਨੇ ਈਡੀ ਦੀ ਜਾਣਕਾਰੀ ਨੂੰ ਦੱਸਿਆ ਅਧੂਰਾ ਤੇ ਅਸਪੱਸ਼ਟ

**ਚੰਡੀਗੜ੍ਹ**–ਪੰਜਾਬ ਵਿਧਾਨ ਸਭਾ ਚੋਣਾਂ ਜਦੋਂ ਨੇੜੇ ਆ ਰਹੀਆਂ ਹਨ, ਉਸੇ ਦੌਰਾਨ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਤੇ ਪੰਜਾਬ ਪੁਲੀਸ ਵਿਚਾਲੇ ਖਿੱਚੋਤਾਣ ਅਤੇ ਟਕਰਾਅ ਇੱਕ ਵਾਰ ਮੁੜ ਸਾਹਮਣੇ ਆ ਗਿਆ ਹੈ। ਹਾਲਾਂਕਿ ਪਿਛਲੇ ਕਰੀਬ ਇੱਕ ਦਹਾਕੇ ਤੋਂ ਕੇਂਦਰੀ ਜਾਂਚ ਏਜੰਸੀ ਨੂੰ ਪੰਜਾਬ ਪੁਲੀਸ ਨਾਲ ਕਿਸੇ ਨਾ ਕਿਸੇ ਮਾਮਲੇ ਨੂੰ ਲੈ ਕੇ ਸ਼ਿਕਾਇਤ ਰਹੀ ਹੈ, ਪਰ ਹੁਣ ਮਾਮਲਾ ਉੱਚ ਪੱਧਰ ਨਾਲ ਜੁੜਿਆ ਹੋਣ ਕਾਰਨ ਦੋਵਾਂ ਏਜੰਸੀਆਂ ਵਿਚਾਲੇ ਤਕਰਾਰ ਹੋਰ ਵਧਦੀ ਦਿਖਾਈ ਦੇ ਰਹੀ ਹੈ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਨੇ ਵੀ ਈਡੀ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇਸ ਮਾਮਲੇ ਨਾਲ ਸਬੰਧਿਤ ਇੱਕ ਕੇਸ ਦੀ ਸੁਣਵਾਈ ਹੋਣੀ ਹੈ। ਇਸ ਤੋਂ ਪਹਿਲਾਂ ਪੰਜਾਬ ਪੁਲੀਸ ਵੱਲੋਂ ਐੱਫਆਈਆਰ ਦਰਜ ਕਰਨ ਤੋਂ ਪਾਸਾ ਵੱਟੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਮਾਮਲਾ ਪੁਲੀਸ ਅਧਿਕਾਰੀਆਂ ਦੇ ਤਬਾਦਲਿਆਂ ਅਤੇ ਤਾਇਨਾਤੀਆਂ ਤੋਂ ਇਲਾਵਾ ਜ਼ਮੀਨੀ ਸੌਦਿਆਂ ਨਾਲ ਵੀ ਜੁੜਿਆ ਹੋਇਆ ਹੈ। ਈਡੀ ਨੇ ਅਦਾਲਤੀ ਕੇਸ ਦਾ ਹਵਾਲਾ ਦਿੰਦਿਆਂ ਪੰਜਾਬ ਪੁਲੀਸ ਨੂੰ 3 ਸਤੰਬਰ ਤੋਂ ਪਹਿਲਾਂ ਐੱਫਆਈਆਰ ਦਰਜ ਕਰਨ ਲਈ ਕਿਹਾ ਸੀ।

ਈਡੀ ਨੇ ਦੋਸ਼ ਲਾਇਆ ਹੈ ਕਿ ਪੰਜਾਬ ਪੁਲੀਸ ਨੂੰ ਪੁਖ਼ਤਾ ਅਤੇ ਵਿਸਥਾਰਤ ਸਬੂਤ ਸਾਂਝੇ ਕੀਤੇ ਜਾਣ ਦੇ ਬਾਵਜੂਦ ਪੁਲੀਸ ਇਸ ਮਾਮਲੇ ਵਿੱਚ ਐੱਫਆਈਆਰ ਦਰਜ ਕਰਨ ਤੋਂ ਕਿਨਾਰਾ ਕਰ ਰਹੀ ਹੈ। ਕੇਂਦਰੀ ਜਾਂਚ ਏਜੰਸੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਪ੍ਰੀਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ ਦੀ ਧਾਰਾ 66(2) ਤਹਿਤ 30 ਜੁਲਾਈ ਅਤੇ 7 ਅਗਸਤ 2026 ਨੂੰ ਪੰਜਾਬ ਦੇ ਡੀਜੀਪੀ ਨਾਲ ਅਧਿਕਾਰਤ ਤੌਰ 'ਤੇ ਸਾਰੇ ਸਬੂਤ ਸਾਂਝੇ ਕੀਤੇ ਜਾ ਚੁੱਕੇ ਹਨ।

ਏਜੰਸੀ ਮੁਤਾਬਕ ਇਕੱਤਰ ਕੀਤੀ ਗਈ ਜਾਣਕਾਰੀ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਵਿਚੋਲੇ ਨਿਤਿਨ ਗੋਹਲ ਨੇ ਪੁਲੀਸ ਅਧਿਕਾਰੀਆਂ ਦੀਆਂ ਬਦਲੀਆਂ ਸਬੰਧੀ ਅਰਜ਼ੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਪਹਿਲਾਂ ਤੋਂ ਦਸਤਖ਼ਤ ਕੀਤੇ ਗਏ ਤਬਾਦਲਾ ਹੁਕਮਾਂ ਨੂੰ ਕਥਿਤ ਤੌਰ 'ਤੇ ਲੀਕ ਕੀਤਾ ਗਿਆ, ਹਵਾਲਾ ਰਕਮ ਦਾ ਵਟਾਂਦਰਾ ਕਰਵਾਇਆ ਗਿਆ ਅਤੇ ਜ਼ਮੀਨੀ ਸੌਦਿਆਂ ਨਾਲ ਸਬੰਧਿਤ ਗਤੀਵਿਧੀਆਂ ਕੀਤੀਆਂ ਗਈਆਂ। ਈਡੀ ਨੇ ਇਹ ਵੀ ਦੋਸ਼ ਲਾਇਆ ਹੈ ਕਿ ਯਾਤਰਾਵਾਂ ਅਤੇ ਹੋਟਲਾਂ ਦੇ ਖ਼ਰਚਿਆਂ ਲਈ ਨਕਦ ਭੁਗਤਾਨ ਦਾ ਪ੍ਰਬੰਧ ਵੀ ਕੀਤਾ ਗਿਆ।

ਸੰਘੀ ਜਾਂਚ ਏਜੰਸੀ ਨੇ ਕਿਹਾ ਕਿ ਪੰਜਾਬ ਪੁਲੀਸ ਨੂੰ ਵਾਰ-ਵਾਰ ਲਿਖਤੀ ਸੁਨੇਹੇ ਭੇਜੇ ਜਾਣ ਦੇ ਬਾਵਜੂਦ ਕੇਸ ਦਰਜ ਨਾ ਕਰਨਾ ਜ਼ਰੂਰੀ ਕਾਨੂੰਨੀ ਪ੍ਰਕਿਰਿਆ ਦੀ ਉਲੰਘਣਾ ਹੈ। ਈਡੀ ਨੇ ਇੱਕ ਹੋਰ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ 1 ਸਤੰਬਰ ਨੂੰ ਉਸ ਦਾ ਇੱਕ ਅਧਿਕਾਰੀ ਜਾਂਚ ਨਾਲ ਸਬੰਧਿਤ ਰਿਪੋਰਟਾਂ ਅਤੇ ਦਸਤਾਵੇਜ਼ ਦਸਤੀ ਤੌਰ 'ਤੇ ਸੌਂਪਣ ਲਈ ਪੰਜਾਬ ਪੁਲੀਸ ਕੋਲ ਗਿਆ ਸੀ, ਪਰ ਪੁਲੀਸ ਅਧਿਕਾਰੀਆਂ ਨੇ ਉਨ੍ਹਾਂ ਦਸਤਾਵੇਜ਼ਾਂ ਦੀ ਰਸੀਦ ਤੱਕ ਦੇਣ ਤੋਂ ਇਨਕਾਰ ਕਰ ਦਿੱਤਾ।

ਈਡੀ ਨੇ ਦੋਸ਼ ਲਾਇਆ ਕਿ ਉਸ ਦੇ ਅਧਿਕਾਰੀ ਨੂੰ ਸ਼ਾਮ 5 ਵਜੇ ਤੱਕ ਪੁਲੀਸ ਦਫ਼ਤਰ ਵਿੱਚੋਂ ਜਾਣ ਨਹੀਂ ਦਿੱਤਾ ਗਿਆ। ਇਸ ਤੋਂ ਬਾਅਦ ਏਜੰਸੀ ਨੂੰ ਇਹ ਸਾਰੇ ਦਸਤਾਵੇਜ਼ ਈਮੇਲ ਰਾਹੀਂ ਅਧਿਕਾਰਤ ਤੌਰ 'ਤੇ ਭੇਜਣੇ ਪਏ। ਇਸ ਮਾਮਲੇ ਨੂੰ ਲੈ ਕੇ ਦੋਵਾਂ ਜਾਂਚ ਏਜੰਸੀਆਂ ਵਿਚਾਲੇ ਤਣਾਅ ਹੋਰ ਵਧ ਗਿਆ ਹੈ।

ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਕੇਂਦਰ ਸਰਕਾਰ ਅਤੇ ਈਡੀ ਨੂੰ ਨਿਸ਼ਾਨੇ 'ਤੇ ਲੈ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਸੀ ਕਿ 'ਈਡੀ ਪਾਰਟੀ' ਇੱਕ ਸਾਜ਼ਿਸ਼ ਤਹਿਤ ਅਜਿਹੀ ਕਾਰਵਾਈ ਕਰ ਰਹੀ ਹੈ। ਇਸ ਕਾਰਨ ਤਾਜ਼ਾ ਮਾਮਲੇ ਨੇ ਪੰਜਾਬ ਦੀ ਸਿਆਸਤ ਵਿੱਚ ਵੀ ਨਵੀਂ ਚਰਚਾ ਛੇੜ ਦਿੱਤੀ ਹੈ।

**ਪਹਿਲਾਂ ਵੀ ਈਡੀ ਤੇ ਪੰਜਾਬ ਪੁਲੀਸ ਵਿਚਾਲੇ ਹੋ ਚੁੱਕੀ ਹੈ ਤਕਰਾਰ**

ਜੇਕਰ ਪਿਛਲੇ ਮਾਮਲਿਆਂ 'ਤੇ ਨਜ਼ਰ ਮਾਰੀਏ ਤਾਂ ਈਡੀ ਅਤੇ ਪੰਜਾਬ ਪੁਲੀਸ ਵਿਚਾਲੇ ਪਹਿਲਾਂ ਵੀ ਕਈ ਵਾਰ ਤਕਰਾਰ ਸਾਹਮਣੇ ਆ ਚੁੱਕੀ ਹੈ। ਸਾਲ 2013-14 ਵਿੱਚ ਜਗਦੀਸ਼ ਭੋਲਾ ਨਾਲ ਸਬੰਧਿਤ ਨਸ਼ਾ ਮਾਮਲੇ ਵਿੱਚ ਜਦੋਂ ਈਡੀ ਨੇ ਮਨੀ ਲਾਂਡਰਿੰਗ ਦੇ ਕੇਸ ਦੀ ਜਾਂਚ ਸ਼ੁਰੂ ਕੀਤੀ ਸੀ ਤਾਂ ਉਸ ਸਮੇਂ ਵੀ ਈਡੀ ਨੇ ਅਦਾਲਤਾਂ ਵਿੱਚ ਸ਼ਿਕਾਇਤ ਕੀਤੀ ਸੀ ਕਿ ਪੰਜਾਬ ਪੁਲੀਸ ਵੱਲੋਂ ਚਾਰਜਸ਼ੀਟ ਸਾਂਝੀ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ।

ਇਸੇ ਤਰ੍ਹਾਂ ਈਡੀ ਨੇ ਰੋਪੜ ਅਤੇ ਮੁਹਾਲੀ ਵਿੱਚ ਗ਼ੈਰ-ਕਾਨੂੰਨੀ ਮਾਈਨਿੰਗ ਨਾਲ ਸਬੰਧਿਤ ਮਾਮਲੇ ਵਿੱਚ ਜ਼ਮੀਨਾਂ ਜ਼ਬਤ ਕੀਤੀਆਂ ਸਨ। ਇਸ ਤੋਂ ਬਾਅਦ ਉਨ੍ਹਾਂ ਜ਼ਮੀਨਾਂ 'ਤੇ ਮੁੜ ਗ਼ੈਰ-ਕਾਨੂੰਨੀ ਮਾਈਨਿੰਗ ਹੋਣ ਦੀ ਸ਼ਿਕਾਇਤ ਵੀ ਈਡੀ ਵੱਲੋਂ ਕੀਤੀ ਜਾ ਚੁੱਕੀ ਹੈ।

**ਈਡੀ ਅਧਿਕਾਰੀਆਂ ਨੂੰ ਅੱਜ ਪੂਰੇ ਰਿਕਾਰਡ ਸਮੇਤ ਪੇਸ਼ ਹੋਣ ਦੇ ਨਿਰਦੇਸ਼**

ਇਸ ਦੌਰਾਨ ਪੰਜਾਬ ਪੁਲੀਸ ਦੇ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਈਡੀ ਦੇ ਜਲੰਧਰ ਜ਼ੋਨਲ ਦਫ਼ਤਰ ਨੂੰ ਇੱਕ ਤਾਜ਼ਾ ਯਾਦ ਪੱਤਰ ਭੇਜਿਆ ਹੈ। ਇਸ ਵਿੱਚ ਮਨੀ ਲਾਂਡਰਿੰਗ ਮਾਮਲੇ ਨਾਲ ਸਬੰਧਿਤ ਪੂਰੀ ਅਤੇ ਪੜ੍ਹਨਯੋਗ ਸਮੱਗਰੀ ਤੁਰੰਤ ਮੁਹੱਈਆ ਕਰਵਾਉਣ ਲਈ ਕਿਹਾ ਗਿਆ ਹੈ।

ਪੰਜਾਬ ਪੁਲੀਸ ਵੱਲੋਂ ਈਡੀ ਦੇ ਅਧਿਕਾਰੀਆਂ ਨੂੰ 3 ਸਤੰਬਰ ਨੂੰ ਦੁਪਹਿਰ 3 ਵਜੇ ਤੱਕ ਪੰਜਾਬ ਪੁਲੀਸ ਹੈੱਡਕੁਆਰਟਰ, ਚੰਡੀਗੜ੍ਹ ਵਿਖੇ ਪੂਰੇ ਰਿਕਾਰਡ ਸਮੇਤ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ।


ਪੰਜਾਬ ਪੁਲੀਸ ਦਾ ਕਹਿਣਾ ਹੈ ਕਿ ਈਡੀ ਵੱਲੋਂ ਭੇਜੀ ਗਈ ਜਾਣਕਾਰੀ ਅਧੂਰੀ ਅਤੇ ਅਸਪੱਸ਼ਟ ਸੀ। ਪੁਲੀਸ ਮੁਤਾਬਕ ਇਸ ਜਾਣਕਾਰੀ ਦੇ ਆਧਾਰ 'ਤੇ ਐੱਫਆਈਆਰ ਦਰਜ ਕਰਨਾ ਜਾਂ ਅੱਗੇ ਦੀ ਕਾਨੂੰਨੀ ਕਾਰਵਾਈ ਕਰਨਾ ਸੰਭਵ ਨਹੀਂ ਹੈ। ਪੁਲੀਸ ਨੇ ਕਿਹਾ ਕਿ ਮਾਮਲੇ ਦੀ ਪੂਰੀ ਜਾਣਕਾਰੀ, ਤੱਥ ਅਤੇ ਪੜ੍ਹਨਯੋਗ ਦਸਤਾਵੇਜ਼ ਮਿਲਣ ਤੋਂ ਬਾਅਦ ਹੀ ਅਗਲੀ ਕਾਰਵਾਈ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

ਪੰਜਾਬ ਪੁਲੀਸ ਨੇ ਇਹ ਵੀ ਦਾਅਵਾ ਕੀਤਾ ਕਿ 1 ਸਤੰਬਰ ਨੂੰ ਈਡੀ ਦਾ ਕੋਈ ਵੀ ਜ਼ਿੰਮੇਵਾਰ ਅਧਿਕਾਰੀ ਨਿਰਧਾਰਤ ਸਮੇਂ 'ਤੇ ਪੁਲੀਸ ਹੈੱਡਕੁਆਰਟਰ ਨਹੀਂ ਪਹੁੰਚਿਆ ਅਤੇ ਨਾ ਹੀ ਮਾਮਲੇ ਨਾਲ ਸਬੰਧਿਤ ਤੱਥ ਪੁਲੀਸ ਅਧਿਕਾਰੀਆਂ ਨਾਲ ਸਾਂਝੇ ਕੀਤੇ। ਪੁਲੀਸ ਮੁਤਾਬਕ ਦਫ਼ਤਰ ਵਿੱਚ ਇੱਕ ਕਰਮਚਾਰੀ ਆਇਆ ਸੀ, ਪਰ ਉਹ ਕੇਸ ਦੇ ਤੱਥਾਂ ਤੋਂ ਜਾਣੂ ਨਹੀਂ ਸੀ ਅਤੇ ਬਾਅਦ ਵਿੱਚ ਬਿਨਾਂ ਕੋਈ ਜਾਣਕਾਰੀ ਦਿੱਤੇ ਉਥੋਂ ਚਲਾ ਗਿਆ।

ਇਸ ਤਰ੍ਹਾਂ ਮਨੀ ਲਾਂਡਰਿੰਗ ਨਾਲ ਜੁੜੇ ਇਸ ਮਾਮਲੇ ਵਿੱਚ ਈਡੀ ਅਤੇ ਪੰਜਾਬ ਪੁਲੀਸ ਵੱਲੋਂ ਇੱਕ-ਦੂਜੇ 'ਤੇ ਲਾਏ ਜਾ ਰਹੇ ਦੋਸ਼ਾਂ ਨੇ ਮਾਮਲੇ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਹੋਣ ਵਾਲੀ ਸੁਣਵਾਈ ਦੌਰਾਨ ਇਸ ਮਾਮਲੇ ਵਿੱਚ ਅਦਾਲਤ ਦਾ ਰੁਖ ਵੀ ਮਹੱਤਵਪੂਰਨ ਰਹੇਗਾ।

# ਜਬਰ ਜਨਾਹ ਦੇ ਮਾਮਲੇ ਰਫ਼ਾ-ਦਫ਼ਾ ਕਰਨ ਦੇ ਦੋਸ਼ਾਂ 'ਤੇ ਭਾਜਪਾ ਦਾ ਮੁੱਖ ਮੰਤਰੀ ਦਫ਼ਤਰ ਘੇਰਨ ਦਾ ਐਲਾਨ

## ਐੱਨਐੱਚਆਰਸੀ ਨੇ ਮੰਗੀ ਰਿਪੋਰਟ- ਭਾਜਪਾ ਨੇ '5 ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਸਿੰਡੀਕੇਟ' ਦਾ ਲਾਇਆ ਦੋਸ਼; ਐੱਨਐੱਚਆਰਸੀ ਵੱਲੋਂ ਮੁੱਖ ਸਕੱਤਰ ਤੇ ਡੀਜੀਪੀ ਨੂੰ ਦੋ ਹਫ਼ਤਿਆਂ ਅੰਦਰ ਕਾਰਵਾਈ ਰਿਪੋਰਟ ਦੇਣ ਦੇ ਨਿਰਦੇਸ਼



**ਚੰਡੀਗੜ੍ਹ**–ਪੰਜਾਬ ਵਿੱਚ ਜਬਰ ਜਨਾਹ ਦੇ ਮਾਮਲਿਆਂ ਨੂੰ ਪੈਸੇ ਲੈ ਕੇ ਵਾਪਸ ਲੈਣ ਜਾਂ ਕਮਜ਼ੋਰ ਕਰਨ ਲਈ ਕਥਿਤ ਤੌਰ 'ਤੇ ਵਿਚੋਲਿਆਂ ਦਾ ਨੈੱਟਵਰਕ ਚੱਲਣ ਦੇ ਦੋਸ਼ਾਂ ਨੂੰ ਲੈ ਕੇ ਸਿਆਸੀ ਮਾਹੌਲ ਗਰਮਾ ਗਿਆ ਹੈ। ਭਾਰਤੀ ਜਨਤਾ ਪਾਰਟੀ ਨੇ ਵੀਰਵਾਰ ਨੂੰ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਤੇ ਗੰਭੀਰ ਦੋਸ਼ ਲਗਾਉਂਦਿਆਂ ਮੁੱਖ ਮੰਤਰੀ ਦਫ਼ਤਰ ਦਾ ਘਿਰਾਓ ਕੀਤਾ ਅਤੇ ਮਾਮਲੇ ਦੀ ਆਜ਼ਾਦਾਨਾ ਜਾਂਚ ਦੀ ਮੰਗ ਕੀਤੀ।

ਭਾਜਪਾ ਨੇ ਦੋਸ਼ ਲਾਇਆ ਕਿ ਜਬਰ ਜਨਾਹ ਦੇ ਮਾਮਲਿਆਂ ਨੂੰ ਰਫ਼ਾ-ਦਫ਼ਾ ਕਰਨ ਜਾਂ ਉਨ੍ਹਾਂ ਨੂੰ ਕਮਜ਼ੋਰ ਕਰਨ ਲਈ ਪੈਸਿਆਂ ਦਾ ਲੈਣ-ਦੇਣ ਕੀਤਾ ਜਾ ਰਿਹਾ ਹੈ। ਪਾਰਟੀ ਨੇ ਇਸ ਕਥਿਤ ਪ੍ਰਬੰਧ ਨੂੰ '5 ਕਰੋੜ ਰੁਪਏ ਦਾ ਭ੍ਰਿਸ਼ਟਾਚਾਰ ਸਿੰਡੀਕੇਟ' ਕਰਾਰ ਦਿੱਤਾ ਹੈ। ਭਾਜਪਾ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਫ਼ਤਰ ਅਤੇ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਦੀ ਕਥਿਤ ਸ਼ਮੂਲੀਅਤ ਦੇ ਦੋਸ਼ ਵੀ ਲਗਾਏ ਗਏ ਹਨ। ਹਾਲਾਂਕਿ, ਇਹ ਦੋਸ਼ ਅਜੇ ਸਾਬਤ ਨਹੀਂ ਹੋਏ ਹਨ।

**ਭਾਜਪਾ ਨੇ ਪ੍ਰੈੱਸ ਕਾਨਫਰੰਸ ਵਿੱਚ ਸੁਣਾਈਆਂ ਕਥਿਤ ਆਡੀਓ ਰਿਕਾਰਡਿੰਗਾਂ**

ਭਾਜਪਾ ਦੇ ਬੁਲਾਰੇ ਪ੍ਰਦੀਪ ਭੰਡਾਰੀ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਥਿਤ ਆਡੀਓ ਰਿਕਾਰਡਿੰਗਾਂ ਸੁਣਾਈਆਂ। ਉਨ੍ਹਾਂ ਦਾ ਦਾਅਵਾ ਸੀ ਕਿ ਇਨ੍ਹਾਂ ਰਿਕਾਰਡਿੰਗਾਂ ਵਿੱਚ ਇੱਕ ਵਿਚੋਲਾ ਜਬਰ ਜਨਾਹ ਦੇ ਇੱਕ ਮੁਲਜ਼ਮ ਦੇ ਰਿਸ਼ਤੇਦਾਰ ਨਾਲ ਮਾਮਲੇ ਬਾਰੇ ਗੱਲਬਾਤ ਕਰ ਰਿਹਾ ਹੈ ਅਤੇ ਇਸ ਦੌਰਾਨ ਮੁੱਖ ਮੰਤਰੀ ਤੇ ਉਨ੍ਹਾਂ ਦੇ ਦਫ਼ਤਰ ਦਾ ਹਵਾਲਾ ਦਿੱਤਾ ਜਾ ਰਿਹਾ ਹੈ।

ਭੰਡਾਰੀ ਨੇ ਦਾਅਵਾ ਕੀਤਾ ਕਿ ਇੱਕ ਹੋਰ ਰਿਕਾਰਡਿੰਗ ਵਿੱਚ ਰਕਮ 'ਤੈਅ' ਹੋਣ ਦੀ ਗੱਲ ਕੀਤੀ ਗਈ ਹੈ, ਜਦੋਂਕਿ ਇੱਕ ਹੋਰ ਰਿਕਾਰਡਿੰਗ ਵਿੱਚ ਕਥਿਤ ਤੌਰ 'ਤੇ ਕਈ ਲੋਕਾਂ ਵਿਚਕਾਰ ਪੈਸੇ ਵੰਡਣ ਸਬੰਧੀ ਗੱਲਬਾਤ ਹੋ ਰਹੀ ਹੈ।

ਹਾਲਾਂਕਿ, ਪ੍ਰੈੱਸ ਕਾਨਫਰੰਸ ਦੌਰਾਨ ਪੇਸ਼ ਕੀਤੀਆਂ ਗਈਆਂ ਇਨ੍ਹਾਂ ਰਿਕਾਰਡਿੰਗਾਂ ਤੋਂ ਦੋਸ਼ਾਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ। ਭੰਡਾਰੀ ਵੱਲੋਂ ਅਜਿਹਾ ਕੋਈ ਸਬੂਤ ਵੀ ਪੇਸ਼ ਨਹੀਂ ਕੀਤਾ ਗਿਆ, ਜਿਸ ਨਾਲ ਇਹ ਸਾਬਤ ਹੋ ਸਕੇ ਕਿ ਰਿਕਾਰਡਿੰਗਾਂ ਵਿੱਚ ਸੁਣਾਈ ਦੇ ਰਹੀਆਂ ਆਵਾਜ਼ਾਂ ਉਨ੍ਹਾਂ ਵਿਅਕਤੀਆਂ ਦੀਆਂ ਹੀ ਹਨ, ਜਿਨ੍ਹਾਂ ਦੇ ਨਾਮ ਭਾਜਪਾ ਵੱਲੋਂ ਲਏ ਗਏ ਹਨ ਜਾਂ ਅਸਲ ਵਿੱਚ ਕੋਈ ਪੈਸਾ ਦਿੱਤਾ ਗਿਆ ਸੀ।

ਇਹ ਦੋਸ਼ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦੀ ਪਤਨੀ ਨਾਲ ਜੁੜੇ ਜਬਰ ਜਨਾਹ ਦੇ ਇੱਕ ਮਾਮਲੇ ਨੂੰ ਦਬਾਉਣ ਲਈ 5 ਕਰੋੜ ਰੁਪਏ ਦੀ ਕਥਿਤ ਮੰਗ ਸਬੰਧੀ ਮਿਲੀ ਸ਼ਿਕਾਇਤ ਦੀ ਚੱਲ ਰਹੀ ਪੜਤਾਲ ਦੇ ਪਿਛੋਕੜ ਵਿੱਚ ਸਾਹਮਣੇ ਆਏ ਹਨ।

**ਐੱਨਐੱਚਆਰਸੀ ਨੇ ਮੁੱਖ ਸਕੱਤਰ ਤੇ ਡੀਜੀਪੀ ਤੋਂ ਮੰਗੀ ਕਾਰਵਾਈ ਰਿਪੋਰਟ**

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਅਤੇ ਪੁਲੀਸ ਮਹਾਨਿਦੇਸ਼ਕ ਨੂੰ ਇਨ੍ਹਾਂ ਦੋਸ਼ਾਂ ਦੀ ਜਾਂਚ ਕਰਨ ਅਤੇ ਦੋ ਹਫ਼ਤਿਆਂ ਦੇ ਅੰਦਰ ਕਾਰਵਾਈ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ।

ਕਮਿਸ਼ਨ ਨੇ ਮਾਮਲੇ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਦੇ ਮਹਿਲਾ ਸੁਰੱਖਿਆ ਵਿਭਾਗ ਨੂੰ ਵੀ ਭੇਜਿਆ ਹੈ। ਐੱਨਐੱਚਆਰਸੀ ਨੇ ਕਿਹਾ ਹੈ ਕਿ ਜੇਕਰ ਲਗਾਏ ਗਏ ਦੋਸ਼ ਸਹੀ ਸਾਬਤ ਹੁੰਦੇ ਹਨ ਤਾਂ ਇਹ ਪੀੜਤਾ ਦੀ ਮਾਣ-ਮਰਿਆਦਾ, ਸੁਰੱਖਿਆ, ਨਿਰਪੱਖ ਜਾਂਚ ਅਤੇ ਇਨਸਾਫ਼ ਤੱਕ ਪਹੁੰਚ ਨਾਲ ਜੁੜੀਆਂ ਗੰਭੀਰ ਚਿੰਤਾਵਾਂ ਪੈਦਾ ਕਰ ਸਕਦੇ ਹਨ।

**ਡਾ. ਗੁਰਪ੍ਰੀਤ ਕੌਰ ਮਾਨ ਵੱਲੋਂ ਸੇਵਾਮੁਕਤ ਜੱਜ ਨੂੰ ਕਾਨੂੰਨੀ ਨੋਟਿਸ**

ਮੁੱਖ ਮੰਤਰੀ ਦਫ਼ਤਰ ਮੁਤਾਬਕ, ਇਸੇ ਦੌਰਾਨ ਡਾ. ਗੁਰਪ੍ਰੀਤ ਕੌਰ ਮਾਨ ਨੇ ਪੰਜਾਬ ਦੇ ਸੇਵਾਮੁਕਤ ਜੱਜ ਰਣਜੀਤ ਸਿੰਘ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਦੱਸਿਆ ਗਿਆ ਹੈ ਕਿ ਸੇਵਾਮੁਕਤ ਜੱਜ ਰਣਜੀਤ ਸਿੰਘ ਦੇ ਕਥਿਤ ਜਨਤਕ ਬਿਆਨਾਂ ਨੂੰ ਹੀ ਐੱਨਐੱਚਆਰਸੀ ਕੋਲ ਕੀਤੀ ਗਈ ਅਸਲ ਸ਼ਿਕਾਇਤ ਦਾ ਆਧਾਰ ਬਣਾਇਆ ਗਿਆ ਸੀ।

**ਐੱਫਆਈਆਰ ਨੰਬਰ 77 ਅਤੇ ਮੁਲਜ਼ਮ ਦੀ ਰਿਹਾਈ 'ਤੇ ਵੀ ਸਵਾਲ**

ਪ੍ਰਦੀਪ ਭੰਡਾਰੀ ਨੇ ਇਨ੍ਹਾਂ ਦੋਸ਼ਾਂ ਨੂੰ ਸਿਵਲ ਲਾਈਨਜ਼ ਪੁਲੀਸ ਥਾਣੇ ਵਿੱਚ ਐੱਫਆਈਆਰ ਨੰਬਰ 77 ਵਜੋਂ ਦਰਜ ਇੱਕ ਮਾਮਲੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਜਬਰ ਜਨਾਹ ਦੇ ਮੁਲਜ਼ਮ ਦੀ ਗ੍ਰਿਫ਼ਤਾਰੀ ਅਤੇ ਬਾਅਦ ਵਿੱਚ ਜ਼ਮਾਨਤ 'ਤੇ ਰਿਹਾਈ ਨੂੰ ਲੈ ਕੇ ਵੀ ਸਵਾਲ ਚੁੱਕੇ।

ਭੰਡਾਰੀ ਮੁਤਾਬਕ, ਮੁਲਜ਼ਮ ਨੂੰ 13 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ 20 ਮਈ ਨੂੰ ਰਿਹਾਅ ਕਰ ਦਿੱਤਾ ਗਿਆ। ਉਨ੍ਹਾਂ ਸਵਾਲ ਕੀਤਾ ਕਿ ਕੀ ਮੁਲਜ਼ਮ ਦੀ ਰਿਹਾਈ ਨੂੰ ਸੁਖਾਲਾ ਬਣਾਉਣ ਲਈ ਮਾਮਲੇ ਦੀ ਜਾਂਚ ਨੂੰ ਕਮਜ਼ੋਰ ਕੀਤਾ ਗਿਆ ਸੀ।

ਭਾਜਪਾ ਆਗੂ ਨੇ ਇੱਕ ਤਸਵੀਰ ਦਾ ਵੀ ਹਵਾਲਾ ਦਿੱਤਾ, ਜਿਸ ਬਾਰੇ ਉਨ੍ਹਾਂ ਦਾ ਦਾਅਵਾ ਸੀ ਕਿ ਇਹ ਮਾਮਲੇ ਦੇ ਸਮੇਂ ਦੇ ਆਸ-ਪਾਸ ਮੁੱਖ ਮੰਤਰੀ ਦੀ ਪਤਨੀ ਅਤੇ ਕਥਿਤ ਵਿਚੋਲੇ ਦੀ ਤਸਵੀਰ ਹੈ। ਹਾਲਾਂਕਿ, ਪ੍ਰੈੱਸ ਕਾਨਫਰੰਸ ਦੌਰਾਨ ਇਸ ਤਸਵੀਰ ਦੇ ਹਾਲਾਤ, ਸਮੇਂ ਅਤੇ ਮਾਮਲੇ ਨਾਲ ਇਸ ਦੀ ਸਾਰਥਕਤਾ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ।

**ਭਾਜਪਾ ਨੇ ਕੇਂਦਰੀ ਏਜੰਸੀ ਤੋਂ ਜਾਂਚ ਦੀ ਕੀਤੀ ਮੰਗ**

ਪ੍ਰਦੀਪ ਭੰਡਾਰੀ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਇਸ ਮਾਮਲੇ ਦੀ ਜਾਂਚ ਕਿਸੇ ਕੇਂਦਰੀ ਏਜੰਸੀ ਰਾਹੀਂ ਕਰਵਾਉਣ ਦੇ ਹੁਕਮ ਦੇਣੇ ਚਾਹੀਦੇ ਹਨ। ਉਨ੍ਹਾਂ ਦਲੀਲ ਦਿੱਤੀ ਕਿ ਜਿਨ੍ਹਾਂ ਦੋਸ਼ਾਂ ਵਿੱਚ ਸੂਬਾ ਸਰਕਾਰ ਦੇ ਅਧਿਕਾਰੀਆਂ ਜਾਂ ਸਿਆਸੀ ਤੌਰ 'ਤੇ ਪ੍ਰਭਾਵਸ਼ਾਲੀ ਲੋਕਾਂ ਦੀ ਕਥਿਤ ਸ਼ਮੂਲੀਅਤ ਦੇ ਦੋਸ਼ ਲਗ ਰਹੇ ਹਨ, ਉਨ੍ਹਾਂ ਦੀ ਜਾਂਚ ਖੁਦ ਸੂਬੇ ਦੀ ਸਰਕਾਰੀ ਮਸ਼ੀਨਰੀ ਵੱਲੋਂ ਨਹੀਂ ਕੀਤੀ ਜਾਣੀ ਚਾਹੀਦੀ।

ਫਿਲਹਾਲ ਐੱਨਐੱਚਆਰਸੀ ਵੱਲੋਂ ਇਨ੍ਹਾਂ ਦੋਸ਼ਾਂ ਦੀ ਜਾਂਚ ਦੇ ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਅਗਲੀ ਕਾਰਵਾਈ ਪੰਜਾਬ ਦੇ ਮੁੱਖ ਸਕੱਤਰ ਅਤੇ ਡੀਜੀਪੀ ਵੱਲੋਂ ਪੇਸ਼ ਕੀਤੀ ਜਾਣ ਵਾਲੀ ਕਾਰਵਾਈ ਰਿਪੋਰਟ ਦੇ ਆਧਾਰ 'ਤੇ ਤੈਅ ਕੀਤੀ ਜਾਵੇਗੀ। ਇਸ ਰਿਪੋਰਟ ਤੋਂ ਬਾਅਦ ਹੀ ਮਾਮਲੇ ਵਿੱਚ ਅਗਲੇ ਕਦਮ ਦੀ ਤਸਵੀਰ ਸਪੱਸ਼ਟ ਹੋਣ ਦੀ ਉਮੀਦ ਹੈ।







# ਪਰਾਲੀ ਸਾੜਨ ਵਿਰੁੱਧ ਪੰਜਾਬ ਸਰਕਾਰ ਦੀ ਵੱਡੀ ਜਾਗਰੂਕਤਾ ਮੁਹਿੰਮ, ਪਿੰਡ-ਪਿੰਡ ਪਹੁੰਚ ਕਰੇਗੀ ਟੀਮ

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ, ਕਿਸਾਨਾਂ ਨੂੰ ਪਰਾਲੀ ਦੇ ਟਿਕਾਊ ਪ੍ਰਬੰਧਨ ਲਈ ਪ੍ਰੇਰਿਤ ਕਰਨ 'ਤੇ ਜ਼ੋਰ



**ਚੰਡੀਗੜ੍ਹ**–ਪੰਜਾਬ ਸਰਕਾਰ ਨੇ ਆਗਾਮੀ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਸੂਬੇ ਭਰ ਵਿੱਚ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਇਸ ਮੁਹਿੰਮ ਤਹਿਤ ਸਰਕਾਰ ਵੱਲੋਂ ਪਿੰਡਾਂ, ਬਲਾਕਾਂ ਅਤੇ ਸ਼ਹਿਰਾਂ ਤੱਕ ਪਹੁੰਚ ਕਰਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕੀਤਾ ਜਾਵੇਗਾ।

ਸੂਬਾ ਸਰਕਾਰ ਇਸ ਮੁਹਿੰਮ ਵਿੱਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਸਮਾਜ ਸੇਵਕਾਂ ਦੀ ਮਦਦ ਲਵੇਗੀ। ਇਸ ਤੋਂ ਇਲਾਵਾ ਸਮਾਜਿਕ ਮਾਧਿਅਮਾਂ ਰਾਹੀਂ ਵੀ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਸੂਬੇ ਵਿੱਚ ਚਲਾਈ ਜਾਣ ਵਾਲੀ ਇਸ ਮੁਹਿੰਮ ਦੀ ਰੂਪ-ਰੇਖਾ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਅਗਲੀ ਕਾਰਵਾਈ ਬਾਰੇ ਵਿਚਾਰ-ਵਟਾਂਦਰਾ ਕੀਤਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਸਾਲ ਪੰਜਾਬ ਵਿੱਚ ਲਗਪਗ 30 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਲੁਆਈ ਕੀਤੀ ਗਈ ਹੈ। ਇਸ ਰਕਬੇ ਤੋਂ ਕਰੀਬ 18.81 ਮਿਲੀਅਨ ਟਨ ਪਰਾਲੀ ਪੈਦਾ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਵੱਡੀ ਕਮੀ ਦਰਜ ਕੀਤੀ ਗਈ ਹੈ।

ਉਨ੍ਹਾਂ ਅਨੁਸਾਰ ਪੰਜਾਬ ਵਿੱਚ 2023 ਤੋਂ 2025 ਦਰਮਿਆਨ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 86 ਫੀਸਦੀ ਕਮੀ ਆਈ ਹੈ। ਸਾਲ 2023 ਵਿੱਚ ਪਰਾਲੀ ਸਾੜਨ ਦੀਆਂ 36,663 ਘਟਨਾਵਾਂ ਸਾਹਮਣੇ ਆਈਆਂ ਸਨ, ਜੋ 2024 ਵਿੱਚ ਘਟ ਕੇ 10,909 ਰਹਿ ਗਈਆਂ। ਇਸ ਤੋਂ ਬਾਅਦ 2025 ਵਿੱਚ ਇਨ੍ਹਾਂ ਘਟਨਾਵਾਂ ਦੀ ਗਿਣਤੀ ਹੋਰ ਘਟ ਕੇ 5,114 ਰਹਿ ਗਈ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕਰਨ ਲਈ ਪਿੰਡ ਅਤੇ ਬਲਾਕ ਪੱਧਰ 'ਤੇ ਵਿਆਪਕ ਸੂਚਨਾ ਅਤੇ ਜਾਗਰੂਕਤਾ ਮੁਹਿੰਮ ਚਲਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਸਿਰਫ਼ ਸਰਕਾਰੀ ਪੱਧਰ ਤੱਕ ਸੀਮਤ ਨਾ ਰੱਖਿਆ ਜਾਵੇ, ਸਗੋਂ ਹਰ ਹਿੱਸੇਦਾਰ ਨੂੰ ਇਸ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਭਗਵੰਤ ਮਾਨ ਨੇ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਥਾਂ ਇਸ ਦੇ ਟਿਕਾਊ ਬਦਲ ਅਪਨਾਉਣ ਲਈ ਪ੍ਰੇਰਿਤ ਕਰਨ ਵਾਸਤੇ ਸਾਰੇ ਹਿੱਸੇਦਾਰਾਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪ੍ਰੇਰਿਤ ਕਰਨ ਦੇ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਲਈ ਗੈਰ-ਸਰਕਾਰੀ ਸੰਗਠਨਾਂ ਅਤੇ ਸਮਾਜ ਸੇਵਕਾਂ ਨੂੰ ਵੀ ਇਸ ਮੁਹਿੰਮ ਨਾਲ ਸਰਗਰਮੀ ਨਾਲ ਜੋੜਿਆ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਤੱਕ ਪਰਾਲੀ ਪ੍ਰਬੰਧਨ ਦਾ ਸੁਨੇਹਾ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਲਈ ਵੱਖ-ਵੱਖ ਤਰੀਕਿਆਂ ਦੀ ਵਰਤੋਂ ਕੀਤੀ ਜਾਵੇ। ਇਸ ਤਹਿਤ ਖੇਤੀਬਾੜੀ ਮਸ਼ੀਨਰੀ ਦੇ ਪ੍ਰਦਰਸ਼ਨ, ਨੁੱਕੜ ਨਾਟਕ, ਸਰਪੰਚਾਂ ਨਾਲ ਮੀਟਿੰਗਾਂ, ਸਹੁੰ ਚੁੱਕ ਸਮਾਗਮਾਂ ਅਤੇ ਹੋਰ ਜਾਗਰੂਕਤਾ ਪ੍ਰੋਗਰਾਮ ਵਿਆਪਕ ਪੱਧਰ 'ਤੇ ਕਰਵਾਏ ਜਾਣਗੇ।

ਉਨ੍ਹਾਂ ਕਿਹਾ ਕਿ ਪਿੰਡਾਂ ਦੇ ਪੱਧਰ 'ਤੇ ਲੋਕਾਂ ਦੀ ਭਾਗੀਦਾਰੀ ਵਧਾ ਕੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਵਾਤਾਵਰਨ, ਮਿੱਟੀ ਅਤੇ ਮਨੁੱਖੀ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਪਰਾਲੀ ਦੇ ਪ੍ਰਬੰਧਨ ਲਈ ਉਪਲਬਧ ਬਦਲਾਂ ਬਾਰੇ ਵੀ ਜਾਣੂ ਕਰਵਾਉਣਾ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਪਰਾਲੀ ਦੇ ਖੇਤ ਵਿੱਚ ਅਤੇ ਖੇਤ ਤੋਂ ਬਾਹਰ ਪ੍ਰਬੰਧਨ ਦੋਵਾਂ ਤਰੀਕਿਆਂ ਦੀ ਮਹੱਤਤਾ ਨੂੰ ਵੀ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਦੀ ਖੇਤ ਵਿੱਚ ਅਤੇ ਖੇਤ ਤੋਂ ਬਾਹਰ ਸਾਂਭ-ਸੰਭਾਲ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਕਿਸਾਨਾਂ ਨੂੰ ਵੱਡੇ ਪੱਧਰ 'ਤੇ ਲਾਭ ਮਿਲ ਸਕੇ ਅਤੇ ਵਾਤਾਵਰਨ ਦੀ ਵੀ ਸੁਰੱਖਿਆ ਕੀਤੀ ਜਾ ਸਕੇ।

ਭਗਵੰਤ ਮਾਨ ਨੇ ਕਿਹਾ ਕਿ ਪਰਾਲੀ ਦੇ ਸਹੀ ਪ੍ਰਬੰਧਨ ਨਾਲ ਕਿਸਾਨਾਂ ਨੂੰ ਇਸ ਦੇ ਨੁਕਸਾਨਾਂ ਤੋਂ ਬਚਾਉਣ ਦੇ ਨਾਲ-ਨਾਲ ਖੇਤੀਬਾੜੀ ਅਤੇ ਵਾਤਾਵਰਨ ਦੋਵਾਂ ਲਈ ਸਕਾਰਾਤਮਕ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ। ਇਸ ਲਈ ਸਰਕਾਰ ਵੱਲੋਂ ਜਾਗਰੂਕਤਾ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਾਗਰੂਕਤਾ ਮੁਹਿੰਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾਵੇ ਅਤੇ ਪਿੰਡ ਪੱਧਰ 'ਤੇ ਕਿਸਾਨਾਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ, ਕਿਸਾਨਾਂ, ਸਮਾਜ ਸੇਵੀ ਸੰਸਥਾਵਾਂ ਅਤੇ ਸਮਾਜ ਸੇਵਕਾਂ ਨੂੰ ਸਾਂਝੇ ਤੌਰ 'ਤੇ ਯਤਨ ਕਰਨੇ ਹੋਣਗੇ।

ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਹਰਦੀਪ ਸਿੰਘ ਮੁੰਡੀਆਂ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੇ ਸਕੱਤਰ ਕੇ.ਕੇ. ਯਾਦਵ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਖੇਤੀਬਾੜੀ ਵਿਭਾਗ ਦੇ ਸਕੱਤਰ ਅਰਸ਼ਦੀਪ ਸਿੰਘ ਥਿੰਦ ਅਤੇ ਹੋਰ ਉੱਚ ਅਧਿਕਾਰੀ ਵੀ ਹਾਜ਼ਰ ਸਨ।

# ਹਾਈ ਕੋਰਟ ਤੋਂ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੂੰ ਵੱਡੀ ਰਾਹਤ, ਬਰਖਾਸਤਗੀ ਦੇ ਸਰਕਾਰੀ ਹੁਕਮ ਰੱਦ

## ਲਾਰੈਂਸ ਬਿਸ਼ਨੋਈ ਦੇ ਜੇਲ੍ਹ ਇੰਟਰਵਿਊ ਮਾਮਲੇ ਵਿੱਚ ਪੰਜਾਬ ਸਰਕਾਰ ਨੇ ਕੀਤੀ ਸੀ ਕਾਰਵਾਈ; ਡੀਐੱਸਪੀ ਨੇ ਬਰਖਾਸਤਗੀ ਨੂੰ ਹਾਈ ਕੋਰਟ ਵਿੱਚ ਦਿੱਤੀ ਸੀ ਚੁਣੌਤੀ



**ਚੰਡੀਗੜ੍ਹ:** ਪੰਜਾਬ ਪੁਲੀਸ ਦੇ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਸੇਵਾ ਤੋਂ ਬਰਖਾਸਤ ਕਰਨ ਸਬੰਧੀ ਜਾਰੀ ਕੀਤੇ ਗਏ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਇਹ ਕਾਰਵਾਈ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਅੰਦਰ ਹੋਏ ਇੰਟਰਵਿਊ ਦੇ ਮਾਮਲੇ ਨਾਲ ਜੁੜੀ ਹੋਈ ਸੀ।

ਜਾਣਕਾਰੀ ਅਨੁਸਾਰ, ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਅੰਦਰ ਇੰਟਰਵਿਊ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੂੰ ਪੰਜਾਬ ਸਰਕਾਰ ਵੱਲੋਂ ਸੇਵਾ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਖ਼ਿਲਾਫ਼ ਫਿਰੌਤੀ ਅਤੇ ਭ੍ਰਿਸ਼ਟਾਚਾਰ ਨਾਲ ਸਬੰਧਤ ਮਾਮਲੇ ਵੀ ਦਰਜ ਕੀਤੇ ਗਏ ਸਨ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਪੰਜਾਬ ਪੁਲੀਸ ਕੇਡਰ ਦੇ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੂੰ ਮਾਰਚ 2023 ਵਿੱਚ ਸੀਆਈਏ ਦੇ ਖਰੜ ਥਾਣੇ ਵਿੱਚ ਪੁਲੀਸ ਹਿਰਾਸਤ ਦੌਰਾਨ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਰਵਾਉਣ ਵਿੱਚ ਮਦਦ ਕਰਨ ਦੇ ਦੋਸ਼ਾਂ ਤਹਿਤ ਬਰਖਾਸਤ ਕੀਤਾ ਸੀ। ਸਰਕਾਰ ਵੱਲੋਂ ਇਹ ਕਦਮ ਪੰਜਾਬ ਪੁਲੀਸ ਵਿਭਾਗ ਦੀ ਸਾਖ ਨੂੰ ਪਹੁੰਚੇ ਨੁਕਸਾਨ ਦੇ ਮੱਦੇਨਜ਼ਰ ਚੁੱਕਿਆ ਗਿਆ ਸੀ।

### ਪੀਪੀਐੱਸਸੀ ਦੀ ਮਨਜ਼ੂਰੀ ਤੋਂ ਬਾਅਦ ਜਾਰੀ ਹੋਏ ਸਨ ਬਰਖਾਸਤਗੀ ਦੇ ਹੁਕਮ

ਪੰਜਾਬ ਸਰਕਾਰ ਦੇ ਗ੍ਰਹਿ ਮਾਮਲਿਆਂ ਬਾਰੇ ਵਿਭਾਗ ਵੱਲੋਂ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਹਰੀ ਝੰਡੀ ਮਿਲਣ ਤੋਂ ਬਾਅਦ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਦੀ ਬਰਖਾਸਤਗੀ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਪੰਜਾਬ ਪੁਲੀਸ ਸੇਵਾ ਕੇਡਰ ਦੇ ਅਧਿਕਾਰੀਆਂ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਨਿਯੁਕਤੀ ਅਥਾਰਟੀ ਵਜੋਂ ਕੰਮ ਕਰਦਾ ਹੈ।

ਲਾਰੈਂਸ ਬਿਸ਼ਨੋਈ ਖ਼ਿਲਾਫ਼ ਸਿੱਧੂ ਮੂਸੇਵਾਲਾ ਕਤਲ ਮਾਮਲੇ ਸਮੇਤ ਕਤਲ, ਫਿਰੌਤੀ ਅਤੇ ਹੋਰ ਅਪਰਾਧਾਂ ਨਾਲ ਸਬੰਧਤ 80 ਤੋਂ ਵੱਧ ਮਾਮਲੇ ਦਰਜ ਹੋਣ ਦੀ ਜਾਣਕਾਰੀ ਹੈ। ਉਸ ਦੇ ਜੇਲ੍ਹ ਅੰਦਰੋਂ ਹੋਏ ਇੰਟਰਵਿਊ ਨੇ ਪੰਜਾਬ ਪੁਲੀਸ ਦੀ ਕਾਰਗੁਜ਼ਾਰੀ ਅਤੇ ਜੇਲ੍ਹ ਪ੍ਰਬੰਧਨ ਨੂੰ ਲੈ ਕੇ ਕਈ ਗੰਭੀਰ ਸਵਾਲ ਖੜ੍ਹੇ ਕੀਤੇ ਸਨ।

### ਡੀਐੱਸਪੀ ਨੇ ਹਾਈ ਕੋਰਟ ਵਿੱਚ ਦਿੱਤੀ ਸੀ ਬਰਖਾਸਤਗੀ ਨੂੰ ਚੁਣੌਤੀ

ਬਰਖਾਸਤਗੀ ਦੇ ਹੁਕਮਾਂ ਤੋਂ ਬਾਅਦ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕੀਤਾ ਅਤੇ ਆਪਣੀ ਸੇਵਾ ਤੋਂ ਬਰਖਾਸਤਗੀ ਨੂੰ ਚੁਣੌਤੀ ਦਿੱਤੀ ਸੀ। ਸੰਧੂ ਨੇ ਆਪਣੀ ਪਟੀਸ਼ਨ ਵਿੱਚ ਦਾਅਵਾ ਕੀਤਾ ਸੀ ਕਿ ਲਾਰੈਂਸ ਬਿਸ਼ਨੋਈ ਦੀ ਸੀਆਈਏ ਥਾਣੇ ਵਿੱਚ ਹੋਈ ਇੰਟਰਵਿਊ ਦੇ ਮਾਮਲੇ ਵਿੱਚ ਉਨ੍ਹਾਂ ਨੂੰ 'ਬਲੀ ਦਾ ਬੱਕਰਾ' ਬਣਾਇਆ ਗਿਆ ਹੈ।

ਪਟੀਸ਼ਨਰ ਵੱਲੋਂ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਖ਼ਿਲਾਫ਼ ਪਹਿਲਾਂ ਹੀ ਅਨੁਸ਼ਾਸਨੀ ਕਾਰਵਾਈ ਚੱਲ ਰਹੀ ਸੀ, ਇਸ ਦੇ ਬਾਵਜੂਦ 2 ਜਨਵਰੀ 2025 ਨੂੰ ਉਨ੍ਹਾਂ ਦੀ ਬਰਖਾਸਤਗੀ ਦੇ ਹੁਕਮ ਜਾਰੀ ਕਰ ਦਿੱਤੇ ਗਏ।

### ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਮੰਗਿਆ ਸੀ ਜਵਾਬ

ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਜਗਮੋਹਨ ਬਾਂਸਲ ਨੇ ਪੰਜਾਬ ਸਰਕਾਰ ਅਤੇ ਹੋਰਨਾਂ ਨੂੰ ਨੋਟਿਸ ਜਾਰੀ ਕੀਤਾ ਸੀ। ਪਟੀਸ਼ਨ ਵਿੱਚ ਡੀਐੱਸਪੀ ਨੇ ਆਪਣੀ ਬਰਖਾਸਤਗੀ ਦੀ ਕਾਰਵਾਈ ਨੂੰ ਚੁਣੌਤੀ ਦਿੰਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ।

ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੂੰ ਸੇਵਾ ਤੋਂ ਬਰਖਾਸਤ ਕਰਨ ਸਬੰਧੀ ਜਾਰੀ ਕੀਤੇ ਗਏ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਇਸ ਫ਼ੈਸਲੇ ਨਾਲ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਇੰਟਰਵਿਊ ਮਾਮਲੇ ਵਿੱਚ ਕਾਰਵਾਈ ਦਾ ਸਾਹਮਣਾ ਕਰ ਰਹੇ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੂੰ ਵੱਡੀ ਕਾਨੂੰਨੀ ਰਾਹਤ ਮਿਲੀ ਹੈ।







# ਖੇਤੀ ਨੀਤੀ ਲਾਗੂ ਨਾ ਕਰਨ 'ਤੇ ਕਿਸਾਨਾਂ ਨੇ ਘੇਰੀ ਪੰਜਾਬ ਸਰਕਾਰ, ਵੱਡੇ ਐਕਸ਼ਨ ਦੀ ਚਿਤਾਵਨੀ

## ਉਗਰਾਹਾਂ ਨੇ ਕਿਹਾ—ਸਾਢੇ ਚਾਰ ਸਾਲ ਬੀਤਣ ਦੇ ਬਾਵਜੂਦ ਸਰਕਾਰ ਖੇਤੀ ਨੀਤੀ ਲਾਗੂ ਕਰਨ ਵਿੱਚ ਨਾਕਾਮ; ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਲਈ ਜ਼ਿਲ੍ਹਾ ਪੱਧਰੀ ਪੱਕੇ ਮੋਰਚੇ ਚੌਥੇ ਦਿਨ ਵੀ ਜਾਰੀ



**ਚੰਡੀਗੜ੍ਹ**–ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਵੱਲੋਂ ਪੰਜਾਬ ਭਰ ਵਿੱਚ ਸ਼ੁਰੂ ਕੀਤੇ ਗਏ ਜ਼ਿਲ੍ਹਾ ਪੱਧਰੀ ਪੱਕੇ ਮੋਰਚੇ ਬੁੱਧਵਾਰ ਨੂੰ ਚੌਥੇ ਦਿਨ ਵੀ ਜਾਰੀ ਰਹੇ। ਇਸ ਦੌਰਾਨ ਕਿਸਾਨਾਂ ਨੇ ਪੰਜਾਬ ਸਰਕਾਰ ਵੱਲੋਂ ਖੇਤੀ ਨੀਤੀ ਲਾਗੂ ਨਾ ਕੀਤੇ ਜਾਣ ਨੂੰ ਲੈ ਕੇ ਸਰਕਾਰ ਖ਼ਿਲਾਫ਼ ਆਪਣਾ ਰੋਸ ਜ਼ਾਹਰ ਕੀਤਾ ਅਤੇ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ।

ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਅਤੇ ਰੂਪ ਸਿੰਘ ਛੰਨਾ ਨੇ ਵੱਖ-ਵੱਖ ਥਾਵਾਂ 'ਤੇ ਪੱਕੇ ਮੋਰਚਿਆਂ ਨੂੰ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਕੇ ਸੱਤਾ ਹਾਸਲ ਕੀਤੀ ਸੀ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਪੰਜਾਬ ਵਿੱਚ ਵਾਤਾਵਰਨ ਪੱਖੀ ਅਤੇ ਕਿਸਾਨ-ਮਜ਼ਦੂਰ ਪੱਖੀ ਖੇਤੀ ਨੀਤੀ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਸੀ।

ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਦੇ ਕਾਰਜਕਾਲ ਦੇ ਸਾਢੇ ਚਾਰ ਸਾਲ ਬੀਤ ਚੁੱਕੇ ਹਨ, ਪਰ ਇਸ ਦੇ ਬਾਵਜੂਦ ਪੰਜਾਬ ਵਿੱਚ ਖੇਤੀ ਨੀਤੀ ਲਾਗੂ ਨਹੀਂ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਇਸ ਮਾਮਲੇ 'ਤੇ ਚੁੱਪ ਧਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਖੇਤੀ ਖੇਤਰ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਅਤੇ ਕਿਸਾਨਾਂ-ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਲਈ ਠੋਸ ਨੀਤੀ ਲਾਗੂ ਕਰਨਾ ਸਮੇਂ ਦੀ ਲੋੜ ਹੈ।

ਇਸ ਮੌਕੇ ਔਰਤ ਆਗੂ ਹਰਿੰਦਰ ਕੌਰ ਬਿੰਦੂ, ਕਮਲ ਬਰਨਾਲਾ ਅਤੇ ਕੁਲਦੀਪ ਕੌਰ ਕੁੱਸਾ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਮੰਗ ਕੀਤੀ ਕਿ ਭਾਰਤ ਨੂੰ ਵਿਸ਼ਵ ਵਪਾਰ ਸੰਸਥਾ ਤੋਂ ਬਾਹਰ ਆਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਮਰੀਕਾ-ਭਾਰਤ ਸਮਝੌਤਾ ਵਾਰਤਾ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਗਈ।

ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸਾਰੀਆਂ ਫ਼ਸਲਾਂ 'ਤੇ 32 ਫਾਰਮੂਲੇ ਤਹਿਤ ਘੱਟੋ-ਘੱਟ ਸਮਰਥਨ ਮੁੱਲ ਅਤੇ ਸਰਕਾਰੀ ਖ਼ਰੀਦ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਫ਼ਸਲਾਂ ਦਾ ਵਾਜਬ ਭਾਅ ਮਿਲਣ ਅਤੇ ਸਰਕਾਰੀ ਖ਼ਰੀਦ ਯਕੀਨੀ ਬਣਾਉਣ ਲਈ ਕਾਨੂੰਨੀ ਗਾਰੰਟੀ ਜ਼ਰੂਰੀ ਹੈ।

ਉਨ੍ਹਾਂ ਵੱਖ-ਵੱਖ ਸਰਕਾਰੀ ਅਦਾਰਿਆਂ ਅਤੇ ਖੇਤੀਬਾੜੀ ਖੇਤਰ ਨਾਲ ਸਬੰਧਿਤ ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਵਾਲੇ ਕਾਨੂੰਨਾਂ ਅਤੇ ਬਿੱਲਾਂ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਖੇਤੀ ਖੇਤਰ ਵਿੱਚ ਨਿੱਜੀਕਰਨ ਨੂੰ ਵਧਾਵਾ ਦੇਣ ਵਾਲੇ ਕਦਮ ਕਿਸਾਨਾਂ ਅਤੇ ਮਜ਼ਦੂਰਾਂ ਦੇ ਹਿੱਤ ਵਿੱਚ ਨਹੀਂ ਹਨ।

ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਇਸੇ ਤਰ੍ਹਾਂ ਮੰਗਾਂ ਪ੍ਰਤੀ ਚੁੱਪ ਵੱਟੀ ਰੱਖੀ ਅਤੇ ਖੇਤੀ ਨੀਤੀ ਲਾਗੂ ਕਰਨ ਸਮੇਤ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ 5 ਸਤੰਬਰ ਨੂੰ ਸਰਕਾਰ 'ਤੇ ਦਬਾਅ ਵਧਾਉਣ ਲਈ ਵੱਡਾ ਐਕਸ਼ਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ 5 ਸਤੰਬਰ ਨੂੰ ਹੋਣ ਵਾਲੇ ਇਸ ਐਕਸ਼ਨ ਨੂੰ ਸਫ਼ਲ ਬਣਾਉਣ ਲਈ ਵੱਡੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਪੱਕੇ ਮੋਰਚਿਆਂ ਵਿੱਚ ਪਹੁੰਚਣਾ ਚਾਹੀਦਾ ਹੈ। ਕਿਸਾਨ ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ 5 ਸਤੰਬਰ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਮੋਰਚਿਆਂ ਵਿੱਚ ਸ਼ਾਮਲ ਹੋ ਕੇ ਸਰਕਾਰ 'ਤੇ ਆਪਣੀਆਂ ਮੰਗਾਂ ਮੰਨਣ ਲਈ ਦਬਾਅ ਬਣਾਉਣ।

# ਜੀਐੱਸਐੱਲਵੀ-ਐੱਫ17 ਦੀ ਸਫਲ ਉਡਾਣ ਨਾਲ ਭਾਰਤ ਦੀ ਪੁਲਾੜ ਸਮਰੱਥਾ ਨੂੰ ਨਵੀਂ ਉਡਾਣ, ਮੋਦੀ ਨੇ ਇਸ ਨੂੰ ਦੱਸਿਆ ਮਾਣ ਵਾਲਾ ਪਲ

## ਦੇਸ਼ ਦੇ ਪਹਿਲੇ ਭੂ-ਸਮਕਾਲੀ ਕੱਖੀ ਚਿੱਤਰਕਾਰੀ ਉਪਗ੍ਰਹਿ ਈਓਐੱਸ-05 ਨੂੰ ਸਫਲਤਾਪੂਰਵਕ ਕੱਖ ਵਿੱਚ ਪਹੁੰਚਾਇਆ; ਪ੍ਰਧਾਨ ਮੰਤਰੀ ਨੇ ਪੁਲਾੜ ਖੇਤਰ ਵਿੱਚ ਵਧ ਰਹੀ ਭਾਰਤੀ ਉਦਯੋਗ ਦੀ ਭਾਈਵਾਲੀ ਦੀ ਵੀ ਕੀਤੀ ਸ਼ਲਾਘਾ



ਭਾਰਤ ਨੇ ਪੁਲਾੜ ਖੇਤਰ ਵਿੱਚ ਇੱਕ ਹੋਰ ਵੱਡੀ ਉਪਲਬਧੀ ਹਾਸਲ ਕਰਦਿਆਂ ਦੇਸ਼ ਦੇ ਪਹਿਲੇ ਭੂ-ਸਮਕਾਲੀ ਕੱਖੀ ਚਿੱਤਰਕਾਰੀ ਉਪਗ੍ਰਹਿ ਨੂੰ ਸਫਲਤਾਪੂਰਵਕ ਨਿਰਧਾਰਤ ਕੱਖ ਵਿੱਚ ਸਥਾਪਿਤ ਕਰ ਦਿੱਤਾ ਹੈ। ਇਸ ਸਫਲਤਾ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਪੁਲਾੜ ਖੋਜ ਸੰਗਠਨ ਦੀ ਸ਼ਲਾਘਾ ਕਰਦਿਆਂ ਇਸ ਨੂੰ ਦੇਸ਼ ਲਈ ਮਾਣ ਵਾਲਾ ਪਲ ਕਰਾਰ ਦਿੱਤਾ।

ਭਾਰਤੀ ਪੁਲਾੜ ਖੋਜ ਸੰਗਠਨ ਵੱਲੋਂ ਸ਼ੁੱਕਰਵਾਰ ਸਵੇਰੇ ਜੀਐੱਸਐੱਲਵੀ-ਐੱਫ17 ਰਾਕੇਟ ਰਾਹੀਂ 2,300 ਕਿਲੋਗ੍ਰਾਮ ਤੋਂ ਵੱਧ ਭਾਰ ਵਾਲੇ ਉਪਗ੍ਰਹਿ ਨੂੰ ਪੁਲਾੜ ਵਿੱਚ ਭੇਜਿਆ ਗਿਆ। ਰਾਕੇਟ ਨੇ ਉਪਗ੍ਰਹਿ ਨੂੰ ਸਫਲਤਾਪੂਰਵਕ ਨਿਰਧਾਰਤ ਕੱਖ ਵਿੱਚ ਪਹੁੰਚਾਇਆ। ਇਸ ਦੇ ਨਾਲ ਹੀ ਭਾਰਤ ਦੀ ਪੁਲਾੜ ਤਕਨਾਲੋਜੀ ਅਤੇ ਵਧ ਰਹੀਆਂ ਸਮਰੱਥਾਵਾਂ ਦਾ ਇੱਕ ਹੋਰ ਪ੍ਰਭਾਵਸ਼ਾਲੀ ਪ੍ਰਦਰਸ਼ਨ ਸਾਹਮਣੇ ਆਇਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਾਜਿਕ ਮਾਧਿਅਮ ’ਤੇ ਸਾਂਝੀ ਕੀਤੀ ਇੱਕ ਪੋਸਟ ਵਿੱਚ ਇਸ ਸਫਲਤਾ ’ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਭਾਰਤੀ ਪੁਲਾੜ ਖੋਜ ਸੰਗਠਨ ਨੇ ਇੱਕ ਹੋਰ ਸ਼ਾਨਦਾਰ ਉਪਲਬਧੀ ਹਾਸਲ ਕੀਤੀ ਹੈ ਅਤੇ ਇਹ ਪੂਰੇ ਦੇਸ਼ ਲਈ ਮਾਣ ਦਾ ਪਲ ਹੈ। ਉਨ੍ਹਾਂ ਕਿਹਾ ਕਿ ਜੀਐੱਸਐੱਲਵੀ-ਐੱਫ17 ਦੀ ਸਫਲ ਉਡਾਣ ਭਾਰਤ ਦੀ ਉੱਤਮਤਾ, ਨਵੀਨਤਾ ਅਤੇ ਲਗਾਤਾਰ ਵਧ ਰਹੀਆਂ ਪੁਲਾੜ ਸਮਰੱਥਾਵਾਂ ਦਾ ਪ੍ਰਤੀਬਿੰਬ ਹੈ।

ਉਨ੍ਹਾਂ ਦੱਸਿਆ ਕਿ ਇਸ ਰਾਕੇਟ ਰਾਹੀਂ ਦੇਸ਼ ਦਾ ਪਹਿਲਾ ਭੂ-ਸਮਕਾਲੀ ਕੱਖ ਤੋਂ ਚਿੱਤਰਕਾਰੀ ਕਰਨ ਵਾਲਾ ਉਪਗ੍ਰਹਿ ਈਓਐੱਸ-05 ਪੁਲਾੜ ਵਿੱਚ ਭੇਜਿਆ ਗਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਉਪਲਬਧੀ ਭਾਰਤ ਦੇ ਪੁਲਾੜ ਖੇਤਰ ਵਿੱਚ ਹੋ ਰਹੇ ਤਕਨੀਕੀ ਵਿਕਾਸ ਅਤੇ ਦੇਸ਼ ਦੀ ਵਧ ਰਹੀ ਸਮਰੱਥਾ ਨੂੰ ਦਰਸਾਉਂਦੀ ਹੈ।

ਭਾਰਤੀ ਉਦਯੋਗ ਨਾਲ ਵਧ ਰਹੀ ਭਾਈਵਾਲੀ ਦੀ ਸ਼ਲਾਘਾ

ਪ੍ਰਧਾਨ ਮੰਤਰੀ ਨੇ ਭਾਰਤੀ ਪੁਲਾੜ ਖੋਜ ਸੰਗਠਨ ਅਤੇ ਦੇਸ਼ ਦੇ ਨਿੱਜੀ ਉਦਯੋਗ ਵਿਚਕਾਰ ਵਧ ਰਹੀ ਭਾਈਵਾਲੀ ਨੂੰ ਵੀ ਮਹੱਤਵਪੂਰਨ ਦੱਸਿਆ। ਉਨ੍ਹਾਂ ਕਿਹਾ ਕਿ ਪੁਲਾੜ ਖੇਤਰ ਵਿੱਚ ਸਰਕਾਰੀ ਸੰਸਥਾਵਾਂ ਅਤੇ ਭਾਰਤੀ ਉਦਯੋਗ ਦੀ ਵਧਦੀ ਸਾਂਝ ਦੇਸ਼ ਦੇ ਪੁਲਾੜ ਕਾਰਜਕ੍ਰਮ ਨੂੰ ਨਵੀਂ ਤਾਕਤ ਅਤੇ ਵੱਡਾ ਪੈਮਾਨਾ ਪ੍ਰਦਾਨ ਕਰ ਰਹੀ ਹੈ।

ਉਨ੍ਹਾਂ ਅਨੁਸਾਰ ਇਸ ਭਾਈਵਾਲੀ ਨਾਲ ਪੂਰੇ ਪੁਲਾੜ ਪਰਿਸਥਿਤਕੀ ਤੰਤਰ ਵਿੱਚ ਭਾਰਤ ਦੀਆਂ ਸਮਰੱਥਾਵਾਂ ਦਾ ਵਿਸਥਾਰ ਹੋ ਰਿਹਾ ਹੈ। ਇਸ ਨਾਲ ਦੇਸ਼ ਵਿੱਚ ਪੁਲਾੜ ਤਕਨਾਲੋਜੀ, ਨਵੀਨਤਾ ਅਤੇ ਉਦਯੋਗਿਕ ਭਾਗੀਦਾਰੀ ਨੂੰ ਹੋਰ ਮਜ਼ਬੂਤੀ ਮਿਲਣ ਦੀ ਉਮੀਦ ਹੈ।

ਸਾਲ 2026 ਦੀ ਪਹਿਲੀ ਸਫਲਤਾ

ਇਹ ਪ੍ਰਸਾਰਣ ਸਾਲ 2026 ਵਿੱਚ ਭਾਰਤੀ ਪੁਲਾੜ ਖੋਜ ਸੰਗਠਨ ਲਈ ਪਹਿਲੀ ਸਫਲਤਾ ਵੀ ਸਾਬਤ ਹੋਇਆ ਹੈ। ਸ੍ਰੀਹਰੀਕੋਟਾ ਸਥਿਤ ਪੁਲਾੜ ਕੇਂਦਰ ਤੋਂ ਉਡਾਣ ਭਰਨ ਤੋਂ ਲਗਭਗ 18 ਮਿੰਟ ਬਾਅਦ ਈਓਐੱਸ-05 ਉਪਗ੍ਰਹਿ ਨੂੰ ਸਫਲਤਾਪੂਰਵਕ ਨਿਰਧਾਰਤ ਉਪ-ਭੂ-ਸਮਕਾਲੀ ਤਬਦੀਲੀ ਕੱਖ ਵਿੱਚ ਸਥਾਪਿਤ ਕਰ ਦਿੱਤਾ ਗਿਆ।

ਇਸ ਸਫਲ ਪ੍ਰਸਾਰਣ ਨਾਲ ਭਾਰਤ ਨੇ ਭਾਰੀ ਉਪਗ੍ਰਹਿਆਂ ਨੂੰ ਨਿਰਧਾਰਤ ਕੱਖਾਂ ਵਿੱਚ ਪਹੁੰਚਾਉਣ ਦੀ ਆਪਣੀ ਸਮਰੱਥਾ ਦਾ ਵੀ ਪ੍ਰਦਰਸ਼ਨ ਕੀਤਾ ਹੈ। ਭਾਰਤੀ ਪੁਲਾੜ ਕਾਰਜਕ੍ਰਮ ਦੀਆਂ ਵਧਦੀਆਂ ਤਕਨੀਕੀ ਸਮਰੱਥਾਵਾਂ ਦੇ ਮੱਦੇਨਜ਼ਰ ਇਸ ਪ੍ਰਸਾਰਣ ਨੂੰ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

# ਅਲ ਨੀਨੋ ਦਾ ਵਧਦਾ ਪ੍ਰਭਾਵ, 2027 ਤੱਕ ਗਰਮੀ ਵਧਣ ਦਾ ਖ਼ਦਸ਼ਾ; ਭਾਰਤ ਵਿੱਚ ਸੋਕੇ ਦਾ ਖ਼ਤਰਾ ਵੀ ਵਧਿਆ

## ਵਿਸ਼ਵ ਮੌਸਮ ਵਿਗਿਆਨ ਸੰਗਠਨ ਦੀ ਚਿਤਾਵਨੀ; ਮੀਂਹ ਅਤੇ ਤਾਪਮਾਨ ਦੇ ਬਦਲਦੇ ਰੁਝਾਨਾਂ ਨਾਲ ਹੜ੍ਹ, ਸੋਕਾ ਅਤੇ ਭਿਆਨਕ ਗਰਮੀ ਦੀਆਂ ਸਥਿਤੀਆਂ ਬਣਨ ਦਾ ਖ਼ਦਸ਼ਾ

ਭੂ-ਮੱਧ ਰੇਖਾ ਨੇੜੇ ਪ੍ਰਸ਼ਾਂਤ ਮਹਾਸਾਗਰ ਵਿੱਚ ਬਣੇ ਅਲ ਨੀਨੋ ਦੇ ਹਾਲਾਤ ਆਉਣ ਵਾਲੇ ਮਹੀਨਿਆਂ ਦੌਰਾਨ ਹੋਰ ਤਾਕਤਵਰ ਹੋ ਸਕਦੇ ਹਨ ਅਤੇ ਫ਼ਰਵਰੀ 2027 ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਵਿਸ਼ਵ ਮੌਸਮ ਵਿਗਿਆਨ ਸੰਗਠਨ ਨੇ ਇਸ ਸਬੰਧੀ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਅਲ ਨੀਨੋ ਦਾ ਮੀਂਹ ਅਤੇ ਤਾਪਮਾਨ ਦੇ ਰੁਝਾਨਾਂ ’ਤੇ ਵੱਡਾ ਪ੍ਰਭਾਵ ਪੈ ਸਕਦਾ ਹੈ। ਇਸ ਕਾਰਨ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਹੜ੍ਹ, ਸੋਕਾ ਅਤੇ ਬਹੁਤ ਜ਼ਿਆਦਾ ਗਰਮੀ ਵਰਗੀਆਂ ਸਥਿਤੀਆਂ ਦਾ ਖ਼ਤਰਾ ਵਧ ਸਕਦਾ ਹੈ।


ਵਿਸ਼ਵ ਮੌਸਮ ਵਿਗਿਆਨ ਸੰਗਠਨ ਵੱਲੋਂ ਵੀਰਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਇਸ ਦੇ ਸਕੱਤਰ-ਜਨਰਲ ਸੇਲੇਸ ਸਾਉਲੋ ਨੇ ਕਿਹਾ ਕਿ ਸਪੇਨੀ ਭਾਸ਼ਾ ਵਿੱਚ ਅਲ ਨੀਨੋ ਦਾ ਅਰਥ ‘ਬੱਚਾ’ ਹੁੰਦਾ ਹੈ, ਪਰ ਇਸ ਕੁਦਰਤੀ ਮੌਸਮੀ ਵਰਤਾਰੇ ਵਿੱਚ ਦੁਨੀਆ ਭਰ ਦੇ ਲੋਕਾਂ ਅਤੇ ਅਰਥਚਾਰਿਆਂ ਨੂੰ ਗੰਭੀਰ ਪ੍ਰਭਾਵਿਤ ਕਰਨ ਦੀ ਸਮਰੱਥਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਪਹਿਲਾਂ ਹੀ ਸੋਕਿਆਂ ਅਤੇ ਹੜ੍ਹਾਂ ਕਾਰਨ ਤਬਾਹੀ ਅਤੇ ਉਥਲ-ਪੁਥਲ ਦਾ ਸਾਹਮਣਾ ਕਰ ਰਹੀ ਹੈ ਅਤੇ ਅਲ ਨੀਨੋ ਦੇ ਹੋਰ ਤਾਕਤਵਰ ਹੋਣ ਨਾਲ ਇਨ੍ਹਾਂ ਪ੍ਰਭਾਵਾਂ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ।

ਵਿਸ਼ਵ ਮੌਸਮ ਵਿਗਿਆਨ ਸੰਗਠਨ ਦਾ ਇਹ ਅਨੁਮਾਨ ਭਾਰਤੀ ਮੌਸਮ ਵਿਭਾਗ ਵੱਲੋਂ ਸਤੰਬਰ ਮਹੀਨੇ ਲਈ ਜਾਰੀ ਕੀਤੀ ਗਈ ਭਵਿੱਖਬਾਣੀ ਤੋਂ ਕੁਝ ਦਿਨ ਬਾਅਦ ਸਾਹਮਣੇ ਆਇਆ ਹੈ। ਭਾਰਤੀ ਮੌਸਮ ਵਿਭਾਗ ਨੇ ਵੀ ਕਿਹਾ ਸੀ ਕਿ ਅਲ ਨੀਨੋ ਦੇ ਹਾਲਾਤ ਅਗਲੇ ਸਾਲ ਫ਼ਰਵਰੀ ਤੱਕ ਬਣੇ ਰਹਿ ਸਕਦੇ ਹਨ। ਇਸ ਕਾਰਨ ਆਉਣ ਵਾਲੇ ਮਹੀਨਿਆਂ ਵਿੱਚ ਮੀਂਹ ਅਤੇ ਤਾਪਮਾਨ ਦੇ ਰੁਝਾਨਾਂ ’ਤੇ ਇਸ ਦਾ ਪ੍ਰਭਾਵ ਦੇਖਣ ਨੂੰ ਮਿਲ ਸਕਦਾ ਹੈ।

ਅਲ ਨੀਨੋ, ਅਲ ਨੀਨੋ ਦੱਖਣੀ ਦੋਲਨ ਦੇ ਤਿੰਨ ਪੜਾਵਾਂ ਵਿੱਚੋਂ ਇੱਕ ਹੈ। ਇਹ ਇੱਕ ਕੁਦਰਤੀ ਜਲਵਾਯੂ ਵਰਤਾਰਾ ਹੈ, ਜਿਸ ਵਿੱਚ ਕੇਂਦਰੀ ਅਤੇ ਪੂਰਬੀ ਤਪਤ-ਖੰਡੀ ਪ੍ਰਸ਼ਾਂਤ ਮਹਾਸਾਗਰ ਦੇ ਪਾਣੀ ਦੇ ਤਾਪਮਾਨ ਵਿੱਚ ਤਬਦੀਲੀਆਂ ਆਉਂਦੀਆਂ ਹਨ ਅਤੇ ਇਸ ਦੇ ਨਾਲ ਉੱਪਰਲੇ ਵਾਯੂਮੰਡਲ ਵਿੱਚ ਵੀ ਉਤਰਾਅ-ਚੜ੍ਹਾਅ ਹੁੰਦੇ ਹਨ। ਇਨ੍ਹਾਂ ਤਬਦੀਲੀਆਂ ਦਾ ਦੁਨੀਆ ਭਰ ਦੇ ਮੌਸਮੀ ਰੁਝਾਨਾਂ ’ਤੇ ਅਸਰ ਪੈਂਦਾ ਹੈ।

ਅਲ ਨੀਨੋ ਨੂੰ ਆਮ ਤੌਰ ’ਤੇ ਧਰਤੀ ਦੇ ਤਾਪਮਾਨ ਵਿੱਚ ਵਾਧੇ ਨਾਲ ਜੋੜਿਆ ਜਾਂਦਾ ਹੈ। ਇਸ ਦੇ ਉਲਟ ਪੜਾਅ ਨੂੰ ਲਾ ਨੀਨਾ ਕਿਹਾ ਜਾਂਦਾ ਹੈ, ਜੋ ਆਮ ਤੌਰ ’ਤੇ ਠੰਢਕ ਵਾਲੀਆਂ ਸਥਿਤੀਆਂ ਪੈਦਾ ਕਰਦਾ ਹੈ। ਇਸ ਤੋਂ ਇਲਾਵਾ ਇਸ ਜਲਵਾਯੂ ਵਰਤਾਰੇ ਦਾ ਇੱਕ ਨਿਰਪੱਖ ਪੜਾਅ ਵੀ ਹੁੰਦਾ ਹੈ।

ਭਾਰਤ ਵਿੱਚ ਘੱਟ ਮੀਂਹ ਦੀ ਚਿੰਤਾ




ਅਲ ਨੀਨੋ ਦੇ ਹਾਲਾਤਾਂ ਦੌਰਾਨ ਭਾਰਤ ਵਿੱਚ ਆਮ ਤੌਰ ’ਤੇ ਮੀਂਹ ਘੱਟ ਪੈਣ ਦਾ ਰੁਝਾਨ ਦੇਖਿਆ ਜਾਂਦਾ ਹੈ। ਇਸੇ ਕਾਰਨ ਭਾਰਤੀ ਮੌਸਮ ਵਿਭਾਗ ਵੱਲੋਂ 31 ਅਗਸਤ ਨੂੰ ਜਦੋਂ ਇਹ ਪੁਸ਼ਟੀ ਕੀਤੀ ਗਈ ਕਿ ਅਲ ਨੀਨੋ ਦੇ ਪ੍ਰਭਾਵ ਕਾਰਨ ਮਹੀਨੇ ਦੌਰਾਨ ਦੇਸ਼ ਵਿੱਚ ਸਮੁੱਚਾ ਮੀਂਹ ਘੱਟ ਰਿਹਾ ਹੈ ਤਾਂ ਇਸ ਨੂੰ ਮੌਸਮੀ ਰੁਝਾਨਾਂ ਦੇ ਅਨੁਸਾਰ ਹੀ ਦੇਖਿਆ ਗਿਆ।

ਭਾਰਤੀ ਮੌਸਮ ਵਿਭਾਗ ਦੇ ਅੰਕੜਿਆਂ ਮੁਤਾਬਕ ਅਗਸਤ ਮਹੀਨੇ ਦੌਰਾਨ ਪੂਰੇ ਭਾਰਤ ਵਿੱਚ ਮੀਂਹ ਦੀ ਘਾਟ 16 ਫ਼ੀਸਦੀ ਦਰਜ ਕੀਤੀ ਗਈ। ਵਿਭਾਗ ਨੇ ਇਹ ਵੀ ਕਿਹਾ ਕਿ 1901 ਤੋਂ ਬਾਅਦ ਇਹ ਭਾਰਤ ਵਿੱਚ ਸਭ ਤੋਂ ਵੱਧ ਗਰਮ ਅਗਸਤ ਮਹੀਨਾ ਰਿਹਾ ਹੈ। ਮੌਸਮ ਵਿਗਿਆਨੀਆਂ ਮੁਤਾਬਕ ਇਸ ਵਧੇ ਹੋਏ ਤਾਪਮਾਨ ਦੇ ਪਿੱਛੇ ਕਈ ਕਾਰਕ ਹਨ, ਜਿਨ੍ਹਾਂ ਵਿੱਚ ਅਲ ਨੀਨੋ ਦਾ ਪ੍ਰਭਾਵ ਵੀ ਸ਼ਾਮਲ ਹੈ।

ਸਤੰਬਰ ਮਹੀਨੇ ਲਈ ਵੀ ਭਾਰਤੀ ਮੌਸਮ ਵਿਭਾਗ ਨੇ ਮੀਂਹ ਦੇ ਆਮ ਨਾਲੋਂ ਘੱਟ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਵਿਭਾਗ ਮੁਤਾਬਕ ਸਤੰਬਰ ਵਿੱਚ ਮੀਂਹ ਲੰਬੇ ਸਮੇਂ ਦੀ ਔਸਤ ਦੇ 91 ਫ਼ੀਸਦੀ ਤੋਂ ਘੱਟ ਰਹਿ ਸਕਦਾ ਹੈ।

ਲੰਬੇ ਸਮੇਂ ਦੀ ਔਸਤ ਤੋਂ ਭਾਵ ਕਿਸੇ ਖ਼ਾਸ ਖੇਤਰ ਜਾਂ ਮਹੀਨੇ ਵਿੱਚ ਲੰਬੇ ਸਮੇਂ, ਆਮ ਤੌਰ ’ਤੇ 30 ਤੋਂ 50 ਸਾਲਾਂ ਦੇ ਅੰਕੜਿਆਂ ਦੇ ਆਧਾਰ ’ਤੇ ਕੱਢੀ ਗਈ ਮੀਂਹ ਦੀ ਔਸਤ ਮਾਤਰਾ ਤੋਂ ਹੈ। ਸਤੰਬਰ ਮਹੀਨੇ ਲਈ 1971 ਤੋਂ 2020 ਦਰਮਿਆਨ ਦੇ ਅੰਕੜਿਆਂ ਦੇ ਆਧਾਰ ’ਤੇ ਲੰਬੇ ਸਮੇਂ ਦੀ ਔਸਤ ਮੀਂਹ ਦੀ ਮਾਤਰਾ ਲਗਭਗ 167.9 ਮਿਲੀਮੀਟਰ ਰਹੀ ਹੈ।

ਗਰਮ ਸਰਦੀਆਂ ਨਾਲ ਵਧ ਸਕਦੀ ਹੈ ਮੁਸ਼ਕਲ

ਭਾਰਤੀ ਮੌਸਮ ਵਿਭਾਗ ਨੇ ਹਾਲੇ ਮੌਨਸੂਨ ਤੋਂ ਬਾਅਦ ਦੀ ਰੁੱਤ ਲਈ ਕੋਈ ਵਿਸਥਾਰਤ ਭਵਿੱਖਬਾਣੀ ਜਾਰੀ ਨਹੀਂ ਕੀਤੀ ਹੈ। ਹਾਲਾਂਕਿ ਵਧ ਰਿਹਾ ਅਲ ਨੀਨੋ ਸਰਦੀਆਂ ਦੌਰਾਨ ਵੀ ਉੱਚੇ ਤਾਪਮਾਨ ਦਾ ਕਾਰਨ ਬਣ ਸਕਦਾ ਹੈ। ਇਹ ਚਿੰਤਾ ਇਸ ਲਈ ਵੀ ਵਧ ਜਾਂਦੀ ਹੈ ਕਿਉਂਕਿ ਭਾਰਤ ਪਿਛਲੇ ਸਮੇਂ ਦੌਰਾਨ ਗਰਮ ਸਰਦੀਆਂ ਦਾ ਰੁਝਾਨ ਦੇਖ ਰਿਹਾ ਹੈ।

ਦਿੱਲੀ ਸਥਿਤ ਜਲਵਾਯੂ ਅਧਿਐਨ ਸੰਸਥਾ ‘ਕਲਾਈਮੇਟ ਟਰੈਂਡਜ਼’ ਦੇ ਇੱਕ ਤਾਜ਼ਾ ਅਧਿਐਨ ਵਿੱਚ ਵੀ ਉੱਤਰੀ ਭਾਰਤ ਦੀਆਂ ਸਰਦੀਆਂ ਵਿੱਚ ਹੋ ਰਹੀਆਂ ਤਬਦੀਲੀਆਂ ਵੱਲ ਧਿਆਨ ਦਿਵਾਇਆ ਗਿਆ ਹੈ। ਅਧਿਐਨ ਮੁਤਾਬਕ ਉੱਤਰੀ ਭਾਰਤ ਵਿੱਚ ਸਰਦੀਆਂ ਦੀ ਮਿਆਦ ਛੋਟੀ ਹੋ ਰਹੀ ਹੈ ਅਤੇ ਫ਼ਰਵਰੀ ਤੇ ਮਾਰਚ ਦੌਰਾਨ ਤਾਪਮਾਨ ਵਧਣ ਦਾ ਰੁਝਾਨ ਲਗਾਤਾਰ ਆਮ ਹੁੰਦਾ ਜਾ ਰਿਹਾ ਹੈ।

ਅਧਿਐਨ ਵਿੱਚ ਸਾਹਮਣੇ ਆਇਆ ਕਿ ਫ਼ਰਵਰੀ ਮਹੀਨੇ ਦੌਰਾਨ ਤਾਪਮਾਨ ਵਿੱਚ ਸਭ ਤੋਂ ਤੇਜ਼ ਵਾਧਾ ਦਰਜ ਕੀਤਾ ਗਿਆ ਹੈ। ਇਸ ਮਹੀਨੇ ਤਾਪਮਾਨ ਵਿੱਚ ਪ੍ਰਤੀ ਦਹਾਕਾ 0.69 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ। ਇਸੇ ਤਰ੍ਹਾਂ ਮਾਰਚ ਅਤੇ ਅਪ੍ਰੈਲ ਮਹੀਨਿਆਂ ਵਿੱਚ ਵੀ ਤਾਪਮਾਨ ਵਿੱਚ ਕ੍ਰਮਵਾਰ 0.58 ਡਿਗਰੀ ਸੈਲਸੀਅਸ ਅਤੇ 0.66 ਡਿਗਰੀ ਸੈਲਸੀਅਸ ਪ੍ਰਤੀ ਦਹਾਕਾ ਦਾ ਮਹੱਤਵਪੂਰਨ ਵਾਧਾ ਦੇਖਿਆ ਗਿਆ ਹੈ।

ਕਣਕ ਸਮੇਤ ਹਾੜ੍ਹੀ ਦੀਆਂ ਫ਼ਸਲਾਂ ਲਈ ਵਧਿਆ ਖ਼ਤਰਾ

ਤਾਪਮਾਨ ਵਿੱਚ ਲਗਾਤਾਰ ਹੋ ਰਹੇ ਇਸ ਵਾਧੇ ਦਾ ਸਿੱਧਾ ਅਸਰ ਹਾੜ੍ਹੀ ਦੀਆਂ ਫ਼ਸਲਾਂ ’ਤੇ ਪੈਣ ਦਾ ਖ਼ਤਰਾ ਹੈ। ਖ਼ਾਸ ਕਰਕੇ ਕਣਕ ਦੀ ਫ਼ਸਲ ਲਈ ਫ਼ਰਵਰੀ ਅਤੇ ਮਾਰਚ ਦੌਰਾਨ ਵਧਦਾ ਤਾਪਮਾਨ ਚਿੰਤਾ ਦਾ ਵਿਸ਼ਾ ਬਣ ਰਿਹਾ ਹੈ।

ਕਣਕ ਦੀ ਫ਼ਸਲ ਦੇ ਦਾਣੇ ਬਣਨ ਅਤੇ ਪੱਕਣ ਦੇ ਸਮੇਂ ਜੇਕਰ ਤਾਪਮਾਨ ਆਮ ਨਾਲੋਂ ਵੱਧ ਰਹੇ ਤਾਂ ਇਸ ਨਾਲ ਫ਼ਸਲ ਨੂੰ ਗਰਮੀ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ਦਾਣਿਆਂ ਦੇ ਵਿਕਾਸ ਅਤੇ ਪੈਦਾਵਾਰ ’ਤੇ ਮਾੜਾ ਪ੍ਰਭਾਵ ਪੈਣ ਦਾ ਖ਼ਦਸ਼ਾ ਰਹਿੰਦਾ ਹੈ।

‘ਕਲਾਈਮੇਟ ਟਰੈਂਡਜ਼’ ਦੇ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਤਾਪਮਾਨ ਵਿੱਚ ਹੋ ਰਹੀਆਂ ਇਹ ਤਬਦੀਲੀਆਂ ਕਣਕ ਦੇ ਦਾਣੇ ਬਣਨ ਅਤੇ ਪੱਕਣ ਦੇ ਪੜਾਵਾਂ ਨਾਲ ਸਿੱਧਾ ਮੇਲ ਖਾਂਦੀਆਂ ਹਨ। ਇਸ ਕਾਰਨ ਕਣਕ ਪੈਦਾ ਕਰਨ ਵਾਲੇ ਦੇਸ਼ ਦੇ ਪ੍ਰਮੁੱਖ ਖੇਤਰਾਂ ਵਿੱਚ ਇਸ ਦੀ ਪੈਦਾਵਾਰ ਪਹਿਲਾਂ ਹੀ ਪ੍ਰਭਾਵਿਤ ਹੋ ਰਹੀ ਹੈ।

ਇਸ ਤਰ੍ਹਾਂ ਅਲ ਨੀਨੋ ਦੇ ਸੰਭਾਵਿਤ ਤੌਰ ’ਤੇ ਫ਼ਰਵਰੀ 2027 ਤੱਕ ਜਾਰੀ ਰਹਿਣ, ਮੀਂਹ ਵਿੱਚ ਕਮੀ ਅਤੇ ਤਾਪਮਾਨ ਵਿੱਚ ਵਾਧੇ ਦੇ ਰੁਝਾਨ ਭਾਰਤ ਲਈ ਆਉਣ ਵਾਲੇ ਮਹੀਨਿਆਂ ਵਿੱਚ ਚੁਣੌਤੀ ਬਣ ਸਕਦੇ ਹਨ। ਖ਼ਾਸ ਤੌਰ ’ਤੇ ਪਾਣੀ ਦੀ ਉਪਲਬਧਤਾ, ਖੇਤੀਬਾੜੀ ਅਤੇ ਕਣਕ ਸਮੇਤ ਹਾੜ੍ਹੀ ਦੀਆਂ ਫ਼ਸਲਾਂ ’ਤੇ ਇਸ ਦੇ ਪ੍ਰਭਾਵ ਨੂੰ ਲੈ ਕੇ ਚਿੰਤਾ ਵਧ ਰਹੀ ਹੈ।

# ਭਾਰਤੀ ਅਰਥਚਾਰੇ ਨੇ ਫੜੀ ਰਫ਼ਤਾਰ; ਪਹਿਲੀ ਤਿਮਾਹੀ ’ਚ ਜੀਡੀਪੀ ਵਾਧਾ ਦਰ 7.8 ਫ਼ੀਸਦੀ, ਆਰਬੀਆਈ ਦੇ ਅਨੁਮਾਨ ਤੋਂ ਰਹੀ ਵੱਧ

## ਆਰਬੀਆਈ ਨੇ 7 ਫ਼ੀਸਦੀ ਵਾਧੇ ਦਾ ਲਾਇਆ ਸੀ ਅਨੁਮਾਨ; ਵਿੱਤ, ਰੀਅਲ ਅਸਟੇਟ, ਸੂਚਨਾ ਤਕਨਾਲੋਜੀ ਅਤੇ ਪੇਸ਼ੇਵਰ ਸੇਵਾਵਾਂ ਖੇਤਰਾਂ ’ਚ 12 ਫ਼ੀਸਦੀ ਤੋਂ ਵੱਧ ਦੀ ਤੇਜ਼ੀ



ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ ਕਾਰਨ ਵਿਸ਼ਵ ਪੱਧਰ ’ਤੇ ਮਹਿੰਗਾਈ ਦਾ ਦਬਾਅ ਵਧਣ ਦੇ ਬਾਵਜੂਦ ਭਾਰਤੀ ਅਰਥਚਾਰੇ ਨੇ ਮਜ਼ਬੂਤੀ ਦਾ ਪ੍ਰਦਰਸ਼ਨ ਕੀਤਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਚਾਲੂ ਸਾਲ ਦੀ ਪਹਿਲੀ ਤਿਮਾਹੀ, ਅਰਥਾਤ ਅਪਰੈਲ ਤੋਂ ਜੂਨ ਦੌਰਾਨ, ਦੇਸ਼ ਦੀ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਵਾਧਾ ਦਰ 7.8 ਫ਼ੀਸਦੀ ਰਹੀ ਹੈ। ਇਹ ਦਰ ਭਾਰਤੀ ਰਿਜ਼ਰਵ ਬੈਂਕ ਵੱਲੋਂ ਲਗਾਏ ਗਏ 7 ਫ਼ੀਸਦੀ ਦੇ ਅਨੁਮਾਨ ਨਾਲੋਂ 0.8 ਫ਼ੀਸਦੀ ਵੱਧ ਹੈ।

ਪਿਛਲੇ ਸਾਲ ਦੀ ਇਸੇ ਤਿਮਾਹੀ ਨਾਲ ਤੁਲਨਾ ਕੀਤੀ ਜਾਵੇ ਤਾਂ ਭਾਰਤੀ ਅਰਥਚਾਰੇ ਦੀ ਵਿਕਾਸ ਦਰ ਵਿੱਚ ਵੀ ਸੁਧਾਰ ਦਰਜ ਕੀਤਾ ਗਿਆ ਹੈ। ਪਿਛਲੇ ਸਾਲ ਅਪਰੈਲ ਤੋਂ ਜੂਨ ਦੌਰਾਨ ਜੀਡੀਪੀ ਵਾਧਾ ਦਰ 6.9 ਫ਼ੀਸਦੀ ਰਹੀ ਸੀ, ਜਦੋਂਕਿ ਇਸ ਸਾਲ ਇਹ ਵਧ ਕੇ 7.8 ਫ਼ੀਸਦੀ ਹੋ ਗਈ ਹੈ। ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਨੇ ਭਾਰਤੀ ਅਰਥਚਾਰੇ ਦੀ ਮਜ਼ਬੂਤੀ ਨੂੰ ਦਰਸਾਇਆ ਹੈ।

ਅਰਥਚਾਰੇ ਦੇ ਕਈ ਪ੍ਰਮੁੱਖ ਖੇਤਰਾਂ ਵਿੱਚ ਤੇਜ਼ੀ ਦਰਜ ਕੀਤੀ ਗਈ ਹੈ। ਵਿੱਤੀ ਸੇਵਾਵਾਂ, ਰੀਅਲ ਅਸਟੇਟ, ਸੂਚਨਾ ਤਕਨਾਲੋਜੀ ਅਤੇ ਪੇਸ਼ੇਵਰ ਸੇਵਾਵਾਂ ਵਰਗੇ ਖੇਤਰਾਂ ਵਿੱਚ 12 ਫ਼ੀਸਦੀ ਤੋਂ ਵੀ ਵੱਧ ਦਾ ਵਾਧਾ ਦਰਜ ਕੀਤਾ ਗਿਆ ਹੈ। ਇਨ੍ਹਾਂ ਖੇਤਰਾਂ ਦੀ ਬਿਹਤਰ ਕਾਰਗੁਜ਼ਾਰੀ ਨੇ ਦੇਸ਼ ਦੀ ਸਮੁੱਚੀ ਆਰਥਿਕ ਵਿਕਾਸ ਦਰ ਨੂੰ ਮਜ਼ਬੂਤੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਸਰਕਾਰੀ ਅੰਕੜਿਆਂ ਮੁਤਾਬਕ ਦੇਸ਼ ਦੀ ਅਸਲ ਜੀਡੀਪੀ 7.8 ਫ਼ੀਸਦੀ ਦੀ ਦਰ ਨਾਲ ਵਧ ਕੇ 81.36 ਲੱਖ ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਪਿਛਲੇ ਸਾਲ ਦੀ ਇਸੇ ਮਿਆਦ ਦੌਰਾਨ ਅਸਲ ਜੀਡੀਪੀ 75.46 ਲੱਖ ਕਰੋੜ ਰੁਪਏ ਰਹੀ ਸੀ। ਇਸ ਤਰ੍ਹਾਂ ਇੱਕ ਸਾਲ ਦੇ ਅਰਸੇ ਵਿੱਚ ਅਸਲ ਜੀਡੀਪੀ ਵਿੱਚ ਮਹੱਤਵਪੂਰਨ ਵਾਧਾ ਦਰਜ ਕੀਤਾ ਗਿਆ ਹੈ।

ਇਸੇ ਤਰ੍ਹਾਂ ਅਸਲ ਕੁੱਲ ਮੁੱਲ ਵਾਧਾ (ਜੀਵੀਏ) ਵੀ 8.2 ਫ਼ੀਸਦੀ ਦੀ ਦਰ ਨਾਲ ਵਧਿਆ ਹੈ। ਇਸ ਤਹਿਤ ਅਸਲ ਜੀਵੀਏ ਵਧ ਕੇ 73.82 ਲੱਖ ਕਰੋੜ ਰੁਪਏ ਹੋ ਗਿਆ ਹੈ। ਜੀਵੀਏ ਵਿੱਚ ਦਰਜ ਕੀਤੀ ਗਈ ਇਹ ਤੇਜ਼ੀ ਵੀ ਅਰਥਚਾਰੇ ਦੇ ਵੱਖ-ਵੱਖ ਉਤਪਾਦਕ ਖੇਤਰਾਂ ਵਿੱਚ ਗਤੀਵਿਧੀਆਂ ਵਧਣ ਵੱਲ ਇਸ਼ਾਰਾ ਕਰਦੀ ਹੈ।

ਨਾਮਾਤਰ ਜੀਡੀਪੀ ਦੇ ਅੰਕੜਿਆਂ ਵਿੱਚ ਵੀ ਵਾਧਾ ਦੇਖਣ ਨੂੰ ਮਿਲਿਆ ਹੈ। ਨਾਮਾਤਰ ਜੀਡੀਪੀ 10.3 ਫ਼ੀਸਦੀ ਦੇ ਵਾਧੇ ਨਾਲ 88.27 ਲੱਖ ਕਰੋੜ ਰੁਪਏ ਤੱਕ ਪਹੁੰਚ ਗਈ ਹੈ, ਜਦੋਂਕਿ ਪਿਛਲੇ ਸਾਲ ਇਸੇ ਮਿਆਦ ਦੌਰਾਨ ਇਹ 80 ਲੱਖ ਕਰੋੜ ਰੁਪਏ ਰਹੀ ਸੀ। ਇਸੇ ਤਰ੍ਹਾਂ ਨਾਮਾਤਰ ਜੀਵੀਏ ਵਿੱਚ ਵੀ 11.5 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਅਤੇ ਇਹ ਵਧ ਕੇ 80.53 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

ਭਾਰਤੀ ਅਰਥਚਾਰੇ ਦੀ ਇਹ ਕਾਰਗੁਜ਼ਾਰੀ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਪੱਛਮੀ ਏਸ਼ੀਆ ਵਿੱਚ ਤਣਾਅ ਕਾਰਨ ਵਿਸ਼ਵ ਅਰਥਚਾਰੇ ’ਤੇ ਮਹਿੰਗਾਈ ਅਤੇ ਅਸਥਿਰਤਾ ਦਾ ਦਬਾਅ ਬਣਿਆ ਹੋਇਆ ਹੈ। ਇਸ ਦੇ ਬਾਵਜੂਦ ਭਾਰਤ ਦੀ ਆਰਥਿਕ ਗਤੀਵਿਧੀ ਵਿੱਚ ਮਜ਼ਬੂਤੀ ਬਣੀ ਰਹਿਣਾ ਦੇਸ਼ ਦੀ ਅਰਥਵਿਵਸਥਾ ਲਈ ਹਾਂ-ਪੱਖੀ ਸੰਕੇਤ ਮੰਨਿਆ ਜਾ ਰਿਹਾ ਹੈ।

ਆਰਬੀਆਈ ਵੱਲੋਂ ਪਹਿਲੀ ਤਿਮਾਹੀ ਲਈ 7 ਫ਼ੀਸਦੀ ਵਾਧੇ ਦਾ ਅਨੁਮਾਨ ਲਗਾਇਆ ਗਿਆ ਸੀ, ਪਰ ਅਸਲ ਵਾਧਾ ਦਰ 7.8 ਫ਼ੀਸਦੀ ਰਹਿਣ ਨਾਲ ਇਹ ਅੰਦਾਜ਼ਾ ਪਿੱਛੇ ਰਹਿ ਗਿਆ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਅਰਥਚਾਰੇ ਨੇ ਉਮੀਦ ਨਾਲੋਂ ਬਿਹਤਰ ਪ੍ਰਦਰਸ਼ਨ ਕੀਤਾ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਆਰਥਿਕ ਸਰਗਰਮੀਆਂ ਦੇ ਵਧਣ ਦਾ ਇਸ ਨੂੰ ਲਾਭ ਮਿਲਿਆ ਹੈ।

ਅਰਥਚਾਰੇ ਦੇ ਵਿਕਾਸ ਵਿੱਚ ਵਿੱਤੀ ਸੇਵਾਵਾਂ, ਰੀਅਲ ਅਸਟੇਟ, ਸੂਚਨਾ ਤਕਨਾਲੋਜੀ ਅਤੇ ਪੇਸ਼ੇਵਰ ਸੇਵਾਵਾਂ ਦੀ ਤੇਜ਼ੀ ਖ਼ਾਸ ਤੌਰ ’ਤੇ ਮਹੱਤਵਪੂਰਨ ਰਹੀ ਹੈ। ਇਨ੍ਹਾਂ ਖੇਤਰਾਂ ਵਿੱਚ 12 ਫ਼ੀਸਦੀ ਤੋਂ ਵੱਧ ਵਾਧੇ ਨੇ ਸਮੁੱਚੀ ਜੀਡੀਪੀ ਵਾਧਾ ਦਰ ਨੂੰ ਉੱਚ ਪੱਧਰ ’ਤੇ ਬਣਾਈ ਰੱਖਣ ਵਿੱਚ ਯੋਗਦਾਨ ਪਾਇਆ ਹੈ।

ਇਸ ਤਰ੍ਹਾਂ ਪਹਿਲੀ ਤਿਮਾਹੀ ਦੇ ਅੰਕੜੇ ਭਾਰਤੀ ਅਰਥਚਾਰੇ ਲਈ ਮਜ਼ਬੂਤ ਸ਼ੁਰੂਆਤ ਦਰਸਾਉਂਦੇ ਹਨ। ਇੱਕ ਪਾਸੇ ਅਸਲ ਜੀਡੀਪੀ ਅਤੇ ਜੀਵੀਏ ਵਿੱਚ ਵਾਧਾ ਹੋਇਆ ਹੈ, ਦੂਜੇ ਪਾਸੇ ਨਾਮਾਤਰ ਜੀਡੀਪੀ ਅਤੇ ਜੀਵੀਏ ਵਿੱਚ ਵੀ ਦੋਹਰੇ ਅੰਕਾਂ ਦੀ ਵਿਕਾਸ ਦਰ ਦਰਜ ਕੀਤੀ ਗਈ ਹੈ। ਆਰਬੀਆਈ ਦੇ ਅਨੁਮਾਨ ਨਾਲੋਂ ਵੱਧ ਰਹੀ 7.8 ਫ਼ੀਸਦੀ ਜੀਡੀਪੀ ਵਾਧਾ ਦਰ ਨੇ ਭਾਰਤੀ ਅਰਥਚਾਰੇ ਦੀ ਮੌਜੂਦਾ ਮਜ਼ਬੂਤੀ ਨੂੰ ਉਜਾਗਰ ਕੀਤਾ ਹੈ।

# ਕੰਟਰੈਕਟ ਸਹਾਇਕ ਪ੍ਰੋਫੈਸਰਾਂ ਨੇ ‘ਕਾਲੇ ਦਿਨ’ ਵਜੋਂ ਮਨਾਇਆ ਅਧਿਆਪਕ ਦਿਵਸ




**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਇਸ ਨਾਲ ਸਬੰਧਤ ਕਾਲਜਾਂ ਦੇ ਕੰਟਰੈਕਟ ਸਹਾਇਕ ਪ੍ਰੋਫੈਸਰਾਂ ਵੱਲੋਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਚੱਲ ਰਿਹਾ ਧਰਨਾ ਅੱਜ 19ਵੇਂ ਦਿਨ ਵਿੱਚ ਦਾਖਲ ਹੋ ਗਿਆ। ਅਧਿਆਪਕਾਂ ਨੇ ਅੱਜ , 5 ਸਤੰਬਰ , ਅਧਿਆਪਕ ਦਿਵਸ ਨੂੰ ‘ਕਾਲੇ ਦਿਨ’ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ।

ਅਧਿਆਪਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਮੰਗਾਂ ਪਿਛਲੇ 15 ਤੋਂ 20 ਸਾਲਾਂ ਤੋਂ ਲਟਕਦੀਆਂ ਆ ਰਹੀਆਂ ਹਨ ਅਤੇ ਕੰਟਰੈਕਟ ਸਹਾਇਕ ਪ੍ਰੋਫੈਸਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਹੀਂ ਮਿਲੇ। ਇਸ ਦੇ ਰੋਸ ਵਜੋਂ ਅਧਿਆਪਕਾਂ ਨੇ ਅੱਜ ਵੱਧ ਤੋਂ ਵੱਧ ਗਿਣਤੀ ਵਿੱਚ ਯੂਨੀਵਰਸਿਟੀ ਕੈਂਪਸ ਵਿੱਚ ਪਹੁੰਚ ਕੇ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਅਧਿਆਪਕ ਆਗੂਆਂ ਨੇ ਕਾਲਜਾਂ ਅਤੇ ਹੋਰ ਕੈਂਪਸਾਂ ਵਿੱਚ ਮੌਜੂਦ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਾਲੇ ਕੱਪੜੇ ਜਾਂ ਹੋਰ ਕਾਲੇ ਪ੍ਰਤੀਕ ਪਹਿਨ ਕੇ ਅਤੇ ਹੱਥਾਂ ਵਿੱਚ ਕਾਲੇ ਝੰਡੇ ਫੜ ਕੇ ਰੋਸ ਪ੍ਰਦਰਸ਼ਨ ਕਰਨ।

ਉਨ੍ਹਾਂ ਕਿਹਾ ਕਿ ਅਧਿਆਪਕ ਆਪਣੀਆਂ ਮੰਗਾਂ ਅਤੇ ਸੰਘਰਸ਼ ਬਾਰੇ ਮੀਡੀਆ ਰਾਹੀਂ ਲੋਕਾਂ ਤੱਕ ਆਪਣੀ ਆਵਾਜ਼ ਪਹੁੰਚਾਉਣ। ਇਸ ਦੇ ਨਾਲ ਹੀ ਫੇਸਬੁੱਕ, ਇੰਸਟਾਗ੍ਰਾਮ, ਅਖਬਾਰਾਂ ਅਤੇ ਟੀ.ਵੀ ਚੈਨਲਾਂ ਰਾਹੀਂ ਵੀ ਆਪਣੇ ਵਿਚਾਰ ਲੋਕਾਂ ਸਾਹਮਣੇ ਰੱਖਣ ਦੀ ਅਪੀਲ ਕੀਤੀ ਗਈ ਹੈ। ਅਧਿਆਪਕਾਂ ਨੇ ਕਿਹਾ ਕਿ ਅਧਿਆਪਕ ਦਿਵਸ ਮੌਕੇ ਵੀ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ, ਜਿਸ ਕਾਰਨ ਇਸ ਦਿਨ ਨੂੰ ਰੋਸ ਵਜੋਂ ਮਨਾਇਆ ਜਾ ਰਿਹਾ ਹੈ। ਉਨ੍ਹਾਂ ਸਮੂਹ ਅਧਿਆਪਕ ਸਾਥੀਆਂ ਨੂੰ ਇਸ ਰੋਸ ਪ੍ਰਦਰਸ਼ਨ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਮੋਹਨ ਭਾਗਵਤ ਲੰਡਨ ਦੇ ਖਾਲਸਾ ਜਥਾ ਬ੍ਰਿਟਿਸ਼ ਆਇਲਜ਼ ਗੁਰਦੁਆਰੇ ਨਤਮਸਤਕ, ਵੱਖ-ਵੱਖ ਧਰਮਾਂ ਦੇ ਆਗੂਆਂ ਨਾਲ ਕਰ ਰਹੇ ਮੁਲਾਕਾਤਾਂ

ਤਿੰਨ ਦੇਸ਼ਾਂ ਦੇ ਦੌਰੇ ਦੇ ਆਖਰੀ ਪੜਾਅ ’ਤੇ ਬਰਤਾਨੀਆ ਪਹੁੰਚੇ ਆਰ.ਐੱਸ.ਐੱਸ. ਮੁਖੀ; ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਆਗੂਆਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਜਾਰੀ



ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਆਪਣੇ ਤਿੰਨ ਦੇਸ਼ਾਂ ਅਮਰੀਕਾ, ਬਰਤਾਨੀਆ ਅਤੇ ਕੈਨੇਡਾ ਦੇ ਦੌਰੇ ਦੇ ਆਖਰੀ ਪੜਾਅ ਤਹਿਤ ਸ਼ੁੱਕਰਵਾਰ ਰਾਤ ਨੂੰ ਲੰਡਨ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਲੰਡਨ ਸਥਿਤ ਖਾਲਸਾ ਜਥਾ ਬ੍ਰਿਟਿਸ਼ ਆਇਲਜ਼ ਗੁਰਦੁਆਰੇ ਵਿਖੇ ਨਤਮਸਤਕ ਹੋ ਕੇ ਮੱਥਾ ਟੇਕਿਆ।

ਅਮਰੀਕਾ ਅਤੇ ਕੈਨੇਡਾ ਦਾ ਦੌਰਾ ਸਫ਼ਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਲੰਡਨ ਉਨ੍ਹਾਂ ਦੇ ਤਿੰਨ ਦੇਸ਼ਾਂ ਦੇ ਦੌਰੇ ਦਾ ਆਖਰੀ ਪੜਾਅ ਹੈ। ਲੰਡਨ ਵਿੱਚ ਉਨ੍ਹਾਂ ਦੇ ਸਮੁੱਚੇ ਦੌਰੇ ਅਤੇ ਵੱਖ-ਵੱਖ ਪ੍ਰੋਗਰਾਮਾਂ ਦਾ ਪ੍ਰਬੰਧ ਬਰਤਾਨੀਆ ਸਥਿਤ ‘ਇੰਟੀਗ੍ਰਲ’ ਨਾਂ ਦੀ ਸੰਸਥਾ ਵੱਲੋਂ ਕੀਤਾ ਜਾ ਰਿਹਾ ਹੈ।

ਮੋਹਨ ਭਾਗਵਤ ਦੇ ਬਰਤਾਨੀਆ ਪਹੁੰਚਣ ’ਤੇ ਉੱਥੋਂ ਦੀਆਂ ਵੱਖ-ਵੱਖ ਸਮਾਜਿਕ ਅਤੇ ਸੱਭਿਆਚਾਰਕ ਸੰਸਥਾਵਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸ਼ਤਾਬਦੀ ਵਰ੍ਹੇ ਦੌਰਾਨ ਸੰਘ ਦੀ ਵਿਸ਼ਵ ਪੱਧਰੀ ਪਹੁੰਚ ਨੂੰ ਹੋਰ ਵਧਾਉਣ ਦੇ ਉਦੇਸ਼ ਨਾਲ ਮੋਹਨ ਭਾਗਵਤ 2 ਸਤੰਬਰ ਨੂੰ ਬਰਤਾਨੀਆ ਪਹੁੰਚੇ ਸਨ। ਉਦੋਂ ਤੋਂ ਉਹ ਲਗਾਤਾਰ ਵੱਖ-ਵੱਖ ਧਰਮਾਂ ਨਾਲ ਸਬੰਧਤ ਆਗੂਆਂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਮੁਲਾਕਾਤਾਂ ਕਰ ਰਹੇ ਹਨ।

ਆਪਣੇ ਇਸ ਦੌਰੇ ਦੌਰਾਨ ਮੋਹਨ ਭਾਗਵਤ ਧਾਰਮਿਕ ਆਗੂਆਂ, ਅਕਾਦਮਿਕ ਮਾਹਰਾਂ, ਖੋਜਕਾਰਾਂ ਅਤੇ ਸਮਾਜ ਦੇ ਹੋਰ ਨਾਮਵਰ ਵਿਅਕਤੀਆਂ ਨਾਲ ਵਿਚਾਰ-ਵਟਾਂਦਰਾ ਕਰ ਰਹੇ ਹਨ। ਇਸੇ ਲੜੀ ਤਹਿਤ ਉਹ ਵਿਲੇਸਡਨ ਸਥਿਤ ਸ੍ਰੀ ਸਵਾਮੀਨਾਰਾਇਣ ਮੰਦਰ ਅਤੇ ਖਾਲਸਾ ਜਥਾ ਬ੍ਰਿਟਿਸ਼ ਆਇਲਜ਼ ਗੁਰਦੁਆਰੇ ਵਿਖੇ ਵੀ ਪਹੁੰਚੇ।

ਵੱਖ-ਵੱਖ ਧਰਮਾਂ ਪ੍ਰਤੀ ਆਪਣੀ ਸਾਂਝ ਅਤੇ ਸਨਮਾਨ ਨੂੰ ਦਰਸਾਉਣ ਦੇ ਹਿੱਸੇ ਵਜੋਂ ਮੋਹਨ ਭਾਗਵਤ ਵੱਲੋਂ ਲੰਡਨ ਸਥਿਤ ਇੱਕ ਜੈਨ ਮੰਦਰ ਦਾ ਦੌਰਾ ਵੀ ਕੀਤੇ ਜਾਣ ਦੀ ਜਾਣਕਾਰੀ ਹੈ। ਇਸ ਦੌਰੇ ਦੌਰਾਨ ਉਹ ਵੱਖ-ਵੱਖ ਧਾਰਮਿਕ ਅਤੇ ਭਾਈਚਾਰਕ ਆਗੂਆਂ ਨਾਲ ਮੁਲਾਕਾਤਾਂ ਰਾਹੀਂ ਆਪਸੀ ਸਾਂਝ, ਭਾਈਚਾਰਕ ਸਦਭਾਵਨਾ ਅਤੇ ਸੱਭਿਆਚਾਰਕ ਸੰਵਾਦ ਨਾਲ ਜੁੜੇ ਮੁੱਦਿਆਂ ’ਤੇ ਗੱਲਬਾਤ ਕਰ ਰਹੇ ਹਨ।

ਇਸ ਤੋਂ ਇਲਾਵਾ 6 ਸਤੰਬਰ ਨੂੰ ‘ਇਕਜੁਟਤਾ ਦਾ ਜਸ਼ਨ’ ਵਿਸ਼ੇ ਤਹਿਤ ਭਾਈਚਾਰਕ ਆਗੂਆਂ ਲਈ ਇੱਕ ਸਵਾਗਤੀ ਸਮਾਰੋਹ ਅਤੇ ਸੱਭਿਅਤਾ ਨਾਲ ਸਬੰਧਤ ਵਿਚਾਰ-ਵਟਾਂਦਰੇ ਦਾ ਪ੍ਰੋਗਰਾਮ ਵੀ ਕਰਵਾਇਆ ਜਾਣਾ ਹੈ। ਇਸ ਸਮਾਗਮ ਦੀ ਸ਼ੁਰੂਆਤ ਹਿੰਦੂ ਸਵੈਮਸੇਵਕ ਸੰਘ ਬਰਤਾਨੀਆ ਵੱਲੋਂ ਕੀਤੀ ਗਈ ਹੈ।

ਹਿੰਦੂ ਸਵੈਮਸੇਵਕ ਸੰਘ ਬਰਤਾਨੀਆ ਬਰਤਾਨੀਆ ਵਿੱਚ 1966 ਵਿੱਚ ਸਥਾਪਤ ਹੋਈ ਇੱਕ ਹਿੰਦੂ ਸਮਾਜਿਕ ਅਤੇ ਸੱਭਿਆਚਾਰਕ ਸੰਸਥਾ ਹੈ। ਇਸ ਸਮਾਗਮ ਨੂੰ ‘ਇੰਟੀਗ੍ਰਲ’ ਸੰਸਥਾ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਜਸ਼ਨ ਵਿੱਚ ਪੂਰੇ ਬਰਤਾਨੀਆ ਤੋਂ 310 ਤੋਂ ਵੱਧ ਭਾਈਚਾਰਕ ਸੰਸਥਾਵਾਂ ਅਤੇ ਸੰਗਠਨਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਸਮਾਗਮ ਦੌਰਾਨ ਵੱਖ-ਵੱਖ ਭਾਈਚਾਰਿਆਂ ਦੀ ਸਾਂਝ, ਸੱਭਿਆਚਾਰਕ ਵਿਰਾਸਤ ਅਤੇ ਆਪਸੀ ਸਹਿਯੋਗ ਨਾਲ ਜੁੜੇ ਵਿਸ਼ਿਆਂ ’ਤੇ ਵਿਚਾਰ-ਵਟਾਂਦਰਾ ਹੋਣ ਦੀ ਸੰਭਾਵਨਾ ਹੈ।

# ਸ਼ੇਰੋਂ ਦੇ ਸਿੱਖ ਨੌਜਵਾਨ ਨਾਲ ਪੁਲੀਸ ਤਸ਼ੱਦਦ ਤੇ ਕਕਾਰਾਂ ਦੀ ਬੇਅਦਬੀ ਦਾ ਮਾਮਲਾ ਭਖਿਆ, ਜਥੇਦਾਰ ਗੜਗੱਜ ਵੱਲੋਂ ਸਖ਼ਤ ਕਾਰਵਾਈ ਦੀ ਮੰਗ

## ਕਾਲਾ ਝੰਡਾ ਦਿਖਾਉਣਾ ਜਮਹੂਰੀ ਹੱਕ, ਪਰ ਨੌਜਵਾਨ ਨਾਲ ਕਥਿਤ ਤਸ਼ੱਦਦ ਅਤੇ ਕਕਾਰਾਂ ਦੀ ਬੇਅਦਬੀ ਬਰਦਾਸ਼ਤ ਨਹੀਂ: ਜਥੇਦਾਰ ਗੜਗੱਜ; ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਵੀ ਦੋਸ਼ੀ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਲਈ ਕਿਹਾ

**ਸੰਗਰੂਰ–** ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੇਰੋਂ ਵਿੱਚ ਸਿੱਖ ਨੌਜਵਾਨ ਮੋਹਣਜੀਤ ਸਿੰਘ ਨਾਲ ਪੁਲੀਸ ਵੱਲੋਂ ਕਥਿਤ ਤੌਰ ’ਤੇ ਕੀਤੀ ਗਈ ਕੁੱਟਮਾਰ, ਤਸ਼ੱਦਦ ਅਤੇ ਕਕਾਰਾਂ ਦੀ ਬੇਅਦਬੀ ਦਾ ਮਾਮਲਾ ਗੰਭੀਰ ਰੂਪ ਧਾਰਨ ਕਰ ਗਿਆ ਹੈ। ਨੌਜਵਾਨ ਵੱਲੋਂ ਨਸ਼ਿਆਂ ਦੇ ਮੁੱਦੇ ’ਤੇ ਆਵਾਜ਼ ਉਠਾਉਣ ਅਤੇ ਮੁੱਖ ਮੰਤਰੀ ਦੇ ਪਿੰਡ ਦੌਰੇ ਦੌਰਾਨ ਵਿਰੋਧ ਕਰਨ ਤੋਂ ਬਾਅਦ ਪੁਲੀਸ ਕਾਰਵਾਈ ਦੇ ਦੋਸ਼ ਲੱਗੇ ਹਨ। ਇਸ ਮਾਮਲੇ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਥਿਤ ਤੌਰ ’ਤੇ ਤਸ਼ੱਦਦ ਕਰਨ ਵਾਲੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਜਥੇਦਾਰ ਗੜਗੱਜ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੇਰੋਂ ਪਿੰਡ ਦੇ ਸਿੱਖ ਨੌਜਵਾਨ ਮੋਹਣਜੀਤ ਸਿੰਘ ਨੇ ਆਪਣੇ ਗੁਆਂਢੀ ਦੀ ਛੱਤ ਤੋਂ ਸ਼ਾਂਤਮਈ ਢੰਗ ਨਾਲ ਕਾਲਾ ਝੰਡਾ ਦਿਖਾਇਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਜਾਂ ਕਿਸੇ ਆਗੂ ਦਾ ਵਿਰੋਧ ਕਰਨਾ ਅਤੇ ਆਪਣੀ ਅਸਹਿਮਤੀ ਪ੍ਰਗਟ ਕਰਨਾ ਜਮਹੂਰੀ ਹੱਕ ਹੈ ਅਤੇ ਸਿਰਫ਼ ਕਾਲਾ ਝੰਡਾ ਦਿਖਾਉਣਾ ਆਪਣੇ ਆਪ ਵਿੱਚ ਕੋਈ ਅਪਰਾਧ ਨਹੀਂ ਹੈ।

ਉਨ੍ਹਾਂ ਦੋਸ਼ ਲਾਇਆ ਕਿ ਇਸ ਦੇ ਬਾਵਜੂਦ ਸਥਾਨਕ ਪੁਲੀਸ ਅਧਿਕਾਰੀ ਵੱਲੋਂ ਸਿੱਖ ਨੌਜਵਾਨ ਨੂੰ ਕਥਿਤ ਤੌਰ ’ਤੇ ਕਾਲਾ ਝੰਡਾ ਉਸ ਦੇ ਗਲ ਵਿੱਚ ਪਾ ਕੇ ਧੂਹਿਆ ਗਿਆ ਅਤੇ ਇਸ ਤੋਂ ਬਾਅਦ ਉਸ ਨਾਲ ਗ਼ੈਰ-ਕਾਨੂੰਨੀ ਢੰਗ ਨਾਲ ਤਸ਼ੱਦਦ ਕੀਤਾ ਗਿਆ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਉਨ੍ਹਾਂ ਨੇ ਸੰਗਰੂਰ ਜ਼ਿਲ੍ਹੇ ਦੇ ਪੁਲੀਸ ਕਪਤਾਨ ਨਾਲ ਵੀ ਗੱਲਬਾਤ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਨੌਜਵਾਨ ਨਾਲ ਕਥਿਤ ਤਸ਼ੱਦਦ ਕਰਨ ਅਤੇ ਉਸ ਦੇ ਕਕਾਰਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਪੁਲੀਸ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇ।

ਜਥੇਦਾਰ ਗੜਗੱਜ ਨੇ ਕਿਹਾ ਕਿ ਨੌਜਵਾਨ ਵੱਲੋਂ ਦੱਸੇ ਗਏ ਵੇਰਵਿਆਂ ਅਨੁਸਾਰ ਉਸ ਨਾਲ ਬੇਹੱਦ ਗੰਭੀਰ ਤਰੀਕੇ ਨਾਲ ਕਥਿਤ ਤਸ਼ੱਦਦ ਕੀਤਾ ਗਿਆ। ਉਨ੍ਹਾਂ ਅਨੁਸਾਰ ਨੌਜਵਾਨ ਨੇ ਦੱਸਿਆ ਹੈ ਕਿ ਪੁਲੀਸ ਵੱਲੋਂ ਉਸ ਦੇ ਲੱਕ ਵਿੱਚ ਤਾਰਾਂ ਵਾਲਾ ਬੁਰਸ਼ ਮਾਰਿਆ ਗਿਆ ਅਤੇ ਉਸ ਉੱਤੇ ਲੂਣ ਪਾਇਆ ਗਿਆ। ਇਸ ਤੋਂ ਇਲਾਵਾ ਉਸ ਦੇ ਸਿਰ ਵਿੱਚ ਜੁੱਤੀਆਂ ਮਾਰਨ, ਦਾੜ੍ਹੀ ਅਤੇ ਕੇਸਾਂ ਦੀ ਬੇਅਦਬੀ ਕਰਨ ਅਤੇ ਉਸ ਦਾ ਕਛਹਿਰਾ ਉਤਾਰ ਕੇ ਪਾੜਨ ਦੇ ਵੀ ਦੋਸ਼ ਲਗਾਏ ਗਏ ਹਨ।

ਉਨ੍ਹਾਂ ਕਿਹਾ ਕਿ ਜੇਕਰ ਪੁਲੀਸ ਵੱਲੋਂ ਕਥਿਤ ਦੋਸ਼ੀ ਅਧਿਕਾਰੀਆਂ ਨੂੰ ਬਰਖਾਸਤ ਕਰਕੇ ਉਨ੍ਹਾਂ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਨਾ ਕੀਤੀ ਗਈ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੇ ਜਬਰ-ਜ਼ੁਲਮ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਨਾ ਕੀਤਾ ਗਿਆ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਪੀੜਤ ਸਿੱਖ ਨੌਜਵਾਨ ਦੇ ਨਾਲ ਖੜ੍ਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਮਲੇ ਵਿੱਚ ਲੋੜ ਪੈਣ ’ਤੇ ਅਗਾਂਹ ਵੀ ਕਾਰਵਾਈ ਕੀਤੀ ਜਾਵੇਗੀ।

ਜਥੇਦਾਰ ਗੜਗੱਜ ਨੇ ਇਹ ਵੀ ਕਿਹਾ ਕਿ ਉਹ ਜਲਦ ਹੀ ਪੀੜਤ ਨੌਜਵਾਨ ਨਾਲ ਮੁਲਾਕਾਤ ਕਰਨ ਲਈ ਜਾਣਗੇ ਅਤੇ ਮਾਮਲੇ ਦੀ ਸਥਿਤੀ ਬਾਰੇ ਜਾਣਕਾਰੀ ਲੈਣਗੇ।



ਉਨ੍ਹਾਂ ਨਸ਼ਿਆਂ ਦੇ ਮੁੱਦੇ ’ਤੇ ਗੱਲ ਕਰਦਿਆਂ ਕਿਹਾ ਕਿ ਜੇਕਰ ਕੋਈ ਨੌਜਵਾਨ ਨਸ਼ਿਆਂ ਦੀ ਲਤ ਦਾ ਸ਼ਿਕਾਰ ਹੋ ਗਿਆ ਹੈ ਤਾਂ ਉਸ ਨੂੰ ਮਦਦ, ਇਲਾਜ ਅਤੇ ਸਮਾਜ ਦੇ ਸਹਿਯੋਗ ਦੀ ਲੋੜ ਹੁੰਦੀ ਹੈ। ਅਜਿਹੇ ਨੌਜਵਾਨਾਂ ਨੂੰ ਸਮਾਜ ਤੋਂ ਵੱਖ ਕਰਨਾ ਜਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਸਮੱਸਿਆ ਦਾ ਹੱਲ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਨਸ਼ਾ ਸਰਕਾਰ ਦੀ ਨੱਕ ਹੇਠਾਂ ਵਿਕ ਰਿਹਾ ਹੈ ਅਤੇ ਇਸ ਮਾਮਲੇ ਵਿੱਚ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਨੌਜਵਾਨਾਂ ਨੂੰ ਵੀ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨੌਜਵਾਨ ਨਸ਼ੇ ਛੱਡ ਕੇ ਮੁੜ ਆਪਣੇ ਪਰਿਵਾਰਾਂ ਨਾਲ ਜੁੜਨ, ਪਤਿਤਪੁਣੇ ਦਾ ਤਿਆਗ ਕਰਨ, ਕੇਸ ਰੱਖਣ ਅਤੇ ਗੁਰੂ ਦੀ ਸਿੱਖੀ ਨਾਲ ਜੁੜ ਕੇ ਆਪਣਾ ਜੀਵਨ ਸਹੀ ਦਿਸ਼ਾ ਵਿੱਚ ਲੈ ਕੇ ਜਾਣ।

**ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਵੀ ਕੀਤੀ ਸਖ਼ਤ ਕਾਰਵਾਈ ਦੀ ਮੰਗ**

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸ਼ੇਰੋਂ ਪਿੰਡ ਦੇ ਮਾਮਲੇ ਵਿੱਚ ਕਥਿਤ ਤੌਰ ’ਤੇ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਨੌਜਵਾਨ ਨੂੰ ਸਵਾਲ ਪੁੱਛਣ ਜਾਂ ਸਰਕਾਰ ਦੀ ਕਾਰਗੁਜ਼ਾਰੀ ’ਤੇ ਵਿਰੋਧ ਦਰਜ ਕਰਵਾਉਣ ਦੀ ਸਜ਼ਾ ਦੇਣ ਦੀ ਬਜਾਏ ਸਰਕਾਰ ਨੂੰ ਉਸ ਵੱਲੋਂ ਉਠਾਏ ਗਏ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਰੋਧ ਕਰਨ ਵਾਲੇ ਨੌਜਵਾਨ ਪ੍ਰਤੀ ਸਰਕਾਰ ਦੀ ਪਹੁੰਚ ਤਾਨਾਸ਼ਾਹੀ ਅਤੇ ਨਾਦਰਸ਼ਾਹੀ ਵਾਲੀ ਪਹੁੰਚ ਦਾ ਪ੍ਰਗਟਾਵਾ ਕਰਦੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਕਕਾਰਾਂ ਦਾ ਵਿਸ਼ੇਸ਼ ਮਹੱਤਵ ਹੈ। ਕਕਾਰ ਸਿੱਖ ਦੀ ਧਾਰਮਿਕ ਪਛਾਣ, ਰਹਿਤ ਅਤੇ ਗੁਰੂ ਪ੍ਰਤੀ ਉਸ ਦੀ ਆਸਥਾ ਦੇ ਪ੍ਰਤੀਕ ਹਨ। ਇਸ ਲਈ ਕਿਸੇ ਸਿੱਖ ਦੇ ਕਕਾਰਾਂ ਨਾਲ ਜਾਣਬੁੱਝ ਕੇ ਬੇਅਦਬੀ ਕਰਨਾ ਜਾਂ ਉਨ੍ਹਾਂ ਪ੍ਰਤੀ ਅਪਮਾਨਜਨਕ ਵਿਵਹਾਰ ਕਰਨਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਐਡਵੋਕੇਟ ਧਾਮੀ ਨੇ ਸਰਕਾਰ ਨੂੰ ਕਿਹਾ ਕਿ ਉਸ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਪੁਲੀਸ ਦੀ ਵਰਦੀ ਲੋਕਾਂ ਨੂੰ ਡਰਾਉਣ ਜਾਂ ਦਬਾਉਣ ਲਈ ਨਹੀਂ, ਸਗੋਂ ਲੋਕਾਂ ਦੀ ਸੁਰੱਖਿਆ ਅਤੇ ਕਾਨੂੰਨ ਦੀ ਰੱਖਿਆ ਲਈ ਹੁੰਦੀ ਹੈ। ਜੇਕਰ ਕਿਸੇ ਪੁਲੀਸ ਕਰਮਚਾਰੀ ਵੱਲੋਂ ਕਾਨੂੰਨ ਤੋਂ ਬਾਹਰ ਜਾ ਕੇ ਕਿਸੇ ਵਿਅਕਤੀ ਨਾਲ ਵਿਵਹਾਰ ਕੀਤਾ ਗਿਆ ਅਤੇ ਉਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ ਤਾਂ ਇਸ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਜਾਂਚ ਵਿੱਚ ਪੁਲੀਸ ਅਧਿਕਾਰੀਆਂ ਵੱਲੋਂ ਤਸ਼ੱਦਦ ਜਾਂ ਧਾਰਮਿਕ ਬੇਅਦਬੀ ਦੇ ਦੋਸ਼ ਸਹੀ ਪਾਏ ਜਾਂਦੇ ਹਨ ਤਾਂ ਅਜਿਹੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਰਦੀ ਦੀ ਆੜ ਵਿੱਚ ਕਿਸੇ ਵੀ ਵਿਅਕਤੀ ਨਾਲ ਕਾਨੂੰਨ ਤੋਂ ਬਾਹਰ ਜਾ ਕੇ ਵਿਵਹਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਅਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੂੰ ਪੀੜਤ ਨੌਜਵਾਨ ਕੋਲ ਭੇਜਿਆ ਗਿਆ ਹੈ।

ਉਨ੍ਹਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਪੀੜਤ ਨੌਜਵਾਨ ਨਾਲ ਮੁਲਾਕਾਤ ਕਰਕੇ ਪੂਰੇ ਮਾਮਲੇ ਸਬੰਧੀ ਜਾਣਕਾਰੀ ਹਾਸਲ ਕਰਨਗੇ ਅਤੇ ਉਸ ਨੂੰ ਲੋੜੀਂਦੀ ਮਦਦ ਮੁਹੱਈਆ ਕਰਵਾਉਣ ਲਈ ਅਗਲੀ ਕਾਰਵਾਈ ਬਾਰੇ ਫ਼ੈਸਲਾ ਕੀਤਾ ਜਾਵੇਗਾ। ਇਸ ਮਾਮਲੇ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੀ ਗਈ ਕਾਰਵਾਈ ਦੀ ਮੰਗ ਤੋਂ ਬਾਅਦ ਹੁਣ ਪੁਲੀਸ ਅਤੇ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਕੀ ਕਦਮ ਚੁੱਕੇ ਜਾਂਦੇ ਹਨ, ਇਸ ’ਤੇ ਸਭ ਦੀ ਨਜ਼ਰ ਹੈ।

# ਕੌਣ ਹੈ ਪੰਜਾਬੀ ਮੂਲ ਦਾ ਕੈਲ ਦੋਸਾਂਝ? ਕੈਨੇਡਾ ਵਿੱਚ ਪੁਲੀਸ ਅਧਿਕਾਰੀ ਦੀ ਗ੍ਰਿਫ਼ਤਾਰੀ ਨੇ ਖੜ੍ਹੇ ਕੀਤੇ ਕਈ ਸਵਾਲ

## ਵੈਨਕੂਵਰ ਪੁਲੀਸ ਦੇ ਤਜਰਬੇਕਾਰ ਅਧਿਕਾਰੀ ’ਤੇ ਵੱਡੀ ਰਕਮ ਦੀ ਕਥਿਤ ਧੋਖਾਧੜੀ, ਚੋਰੀ ਅਤੇ ਭਰੋਸੇ ਦੀ ਉਲੰਘਣਾ ਦੇ ਦੋਸ਼; ਢਾਈ ਸਾਲ ਦੀ ਗੁਪਤ ਜਾਂਚ ਮਗਰੋਂ ਹੋਈ ਗ੍ਰਿਫ਼ਤਾਰੀ

**ਵੈਨਕੂਵਰ –** ਕੈਨੇਡਾ ਦੇ ਵੈਨਕੂਵਰ ਪੁਲੀਸ ਵਿਭਾਗ ਦੇ ਇੱਕ ਜਾਣੇ-ਪਛਾਣੇ ਪੰਜਾਬੀ ਮੂਲ ਦੇ ਅਧਿਕਾਰੀ ਕੁਲਵਿੰਦਰ ਸਿੰਘ ਉਰਫ਼ ਕੈਲ ਦੋਸਾਂਝ ਨੂੰ ਆਪਣੀ ਹੀ ਪੁਲੀਸ ਫੋਰਸ ਵੱਲੋਂ ਕੀਤੀ ਗਈ ਲੰਬੀ ਗੁਪਤ ਜਾਂਚ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਕੈਲ ਦੋਸਾਂਝ ’ਤੇ ਵੱਡੀ ਰਕਮ ਦੀ ਕਥਿਤ ਧੋਖਾਧੜੀ, ਚੋਰੀ ਅਤੇ ਇੱਕ ਸਰਕਾਰੀ ਅਧਿਕਾਰੀ ਵਜੋਂ ਭਰੋਸੇ ਦੀ ਉਲੰਘਣਾ ਕਰਨ ਸਮੇਤ ਗੰਭੀਰ ਦੋਸ਼ ਲਗਾਏ ਗਏ ਹਨ।

ਇਸ ਮਾਮਲੇ ਨੇ ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਦੇ ਨਾਲ-ਨਾਲ ਪੁਲੀਸ ਅਤੇ ਸਮਾਜਿਕ ਖੇਤਰ ਵਿੱਚ ਵੀ ਕਾਫ਼ੀ ਚਰਚਾ ਛੇੜ ਦਿੱਤੀ ਹੈ, ਕਿਉਂਕਿ ਦੋਸਾਂਝ ਲੰਬੇ ਸਮੇਂ ਤੋਂ ਪੁਲੀਸ ਵਿਭਾਗ ਨਾਲ ਜੁੜੇ ਹੋਏ ਸਨ ਅਤੇ ਇੱਕ ਸਮਾਜ ਸੇਵੀ ਸੰਸਥਾ ਰਾਹੀਂ ਨੌਜਵਾਨਾਂ ਲਈ ਵੀ ਕੰਮ ਕਰਦੇ ਰਹੇ ਹਨ।

ਕੌਣ ਹੈ ਕੁਲਵਿੰਦਰ ਸਿੰਘ ਉਰਫ਼ ਕੈਲ ਦੋਸਾਂਝ?

ਕੁਲਵਿੰਦਰ ਸਿੰਘ, ਜਿਨ੍ਹਾਂ ਨੂੰ ਕੈਲ ਦੋਸਾਂਝ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਵੈਨਕੂਵਰ ਪੁਲੀਸ ਵਿਭਾਗ ਦੇ ਤਜਰਬੇਕਾਰ ਅਧਿਕਾਰੀ ਰਹੇ ਹਨ। ਇਸ ਦੇ ਨਾਲ ਹੀ ਉਹ ਬ੍ਰਿਟਿਸ਼ ਕੋਲੰਬੀਆ ਦੇ ਸਰੀ ਇਲਾਕੇ ਵਿੱਚ ਸਥਿਤ ਇੱਕ ਸਮਾਜ ਸੇਵੀ ਸੰਸਥਾ ‘ਕਿਡਜ਼ਪਲੇ ਯੂਥ ਫਾਊਂਡੇਸ਼ਨ’ ਨਾਲ ਵੀ ਜੁੜੇ ਹੋਏ ਸਨ ਅਤੇ ਇਸ ਦੇ ਮੁਖੀ ਵਜੋਂ ਕੰਮ ਕਰਦੇ ਰਹੇ ਹਨ।

ਵੇਰਵਿਆਂ ਮੁਤਾਬਕ ਕੈਲ ਦੋਸਾਂਝ ਨੂੰ ਸਮਾਜ ਵਿੱਚ ਇੱਕ ਸਤਿਕਾਰਤ ਅਤੇ ਪਤਵੰਤੇ ਨਾਗਰਿਕ ਵਜੋਂ ਜਾਣਿਆ ਜਾਂਦਾ ਸੀ। ਉਨ੍ਹਾਂ ਨੇ ਵੈਨਕੂਵਰ ਪੁਲੀਸ ਵਿਭਾਗ ਵਿੱਚ ਕਰੀਬ ਢਾਈ ਦਹਾਕਿਆਂ ਤੱਕ ਸੇਵਾ ਨਿਭਾਈ। ਇਸ ਦੌਰਾਨ ਉਨ੍ਹਾਂ ਨੇ ਵੱਖ-ਵੱਖ ਜ਼ਿੰਮੇਵਾਰੀਆਂ ਸੰਭਾਲੀਆਂ ਅਤੇ ਵਿੱਤੀ ਅਪਰਾਧਾਂ ਨਾਲ ਸਬੰਧਤ ਇਕਾਈ ਵਿੱਚ ਸੀਨੀਅਰ ਜਾਂਚ ਅਧਿਕਾਰੀ ਵਜੋਂ ਵੀ ਸੇਵਾਵਾਂ ਨਿਭਾਈਆਂ।

ਵੈਨਕੂਵਰ ਦੇ ਡਾਊਨਟਾਊਨ ਈਸਟਸਾਈਡ ਇਲਾਕੇ ਵਿੱਚ ਕਈ ਸਾਲਾਂ ਤੱਕ ਗਸ਼ਤ ਦੀ ਡਿਊਟੀ ਕਰਨ ਤੋਂ ਬਾਅਦ ਦੋਸਾਂਝ ਨੇ ਸਾਲ 2015 ਵਿੱਚ ਨੌਜਵਾਨਾਂ ਨਾਲ ਜੁੜੀ ਸਮਾਜ ਸੇਵੀ ਸੰਸਥਾ ਦੀ ਸਥਾਪਨਾ ਕੀਤੀ ਸੀ। ਇਸ ਸੰਸਥਾ ਦਾ ਮੁੱਖ ਉਦੇਸ਼ ਮੁਫ਼ਤ ਖੇਡ ਪ੍ਰੋਗਰਾਮਾਂ, ਕੈਂਪਾਂ ਅਤੇ ਸਲਾਹ-ਮਸ਼ਵਰੇ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ, ਗੈਂਗਾਂ, ਹਿੰਸਾ ਅਤੇ ਅਪਰਾਧਿਕ ਗਤੀਵਿਧੀਆਂ ਤੋਂ ਦੂਰ ਰੱਖਣਾ ਸੀ।

ਦੋਸਾਂਝ ਮੂਲ ਰੂਪ ਵਿੱਚ ਪੰਜਾਬ ਦੇ ਫਗਵਾੜਾ ਨੇੜਲੇ ਇੱਕ ਪਿੰਡ ਨਾਲ ਸਬੰਧਤ ਦੱਸੇ ਜਾਂਦੇ ਹਨ। ਉਹ ਬ੍ਰਿਟਿਸ਼ ਕੋਲੰਬੀਆ ਦੇ ਸਰੀ ਇਲਾਕੇ ਵਿੱਚ ਰਹਿੰਦੇ ਸਨ, ਜਿੱਥੋਂ ਪੁਲੀਸ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਕੈਲ ਦੋਸਾਂਝ ਦਾ ਪੁਲੀਸ ਨੌਕਰੀ ਅਤੇ ਪੇਸ਼ੇਵਰ ਸਫ਼ਰ



ਕੈਲ ਦੋਸਾਂਝ ਨੇ ਵੈਨਕੂਵਰ ਪੁਲੀਸ ਵਿਭਾਗ ਵਿੱਚ ਲੰਬਾ ਸਮਾਂ ਸੇਵਾ ਨਿਭਾਈ। ਉਨ੍ਹਾਂ ਦੇ ਪੇਸ਼ੇਵਰ ਸਫ਼ਰ ਦਾ ਵੱਡਾ ਹਿੱਸਾ ਪੁਲੀਸ ਦੀਆਂ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਂਦਿਆਂ ਬੀਤਿਆ। ਉਹ ਆਮ ਗਸ਼ਤ ਡਿਊਟੀ ਤੋਂ ਲੈ ਕੇ ਵਿੱਤੀ ਅਪਰਾਧਾਂ ਦੀ ਜਾਂਚ ਨਾਲ ਸਬੰਧਤ ਕੰਮਾਂ ਤੱਕ ਕਰਦੇ ਰਹੇ।

ਵਿੱਤੀ ਅਪਰਾਧਾਂ ਨਾਲ ਸਬੰਧਤ ਇਕਾਈ ਵਿੱਚ ਸੀਨੀਅਰ ਜਾਂਚ ਅਧਿਕਾਰੀ ਵਜੋਂ ਕੰਮ ਕਰਨ ਕਾਰਨ ਉਨ੍ਹਾਂ ਨੂੰ ਵਿੱਤੀ ਮਾਮਲਿਆਂ ਦੀ ਜਾਂਚ ਅਤੇ ਅਪਰਾਧਿਕ ਮਾਮਲਿਆਂ ਦੀ ਪੜਤਾਲ ਦਾ ਤਜਰਬਾ ਵੀ ਹਾਸਲ ਸੀ।

ਪੁਲੀਸ ਸੇਵਾ ਦੇ ਨਾਲ-ਨਾਲ ਦੋਸਾਂਝ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਆਪਣੀ ਪਛਾਣ ਬਣਾਈ। ਨੌਜਵਾਨਾਂ ਨੂੰ ਅਪਰਾਧ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਵੱਲੋਂ ਕੀਤੇ ਗਏ ਕੰਮ ਕਾਰਨ ਉਨ੍ਹਾਂ ਨੂੰ ਭਾਈਚਾਰੇ ਵਿੱਚ ਮਾਣ-ਸਤਿਕਾਰ ਵੀ ਮਿਲਿਆ।

ਨੌਜਵਾਨਾਂ ਲਈ ਬਣਾਈ ਸਮਾਜ ਸੇਵੀ ਸੰਸਥਾ

ਸਾਲ 2015 ਵਿੱਚ ਕੈਲ ਦੋਸਾਂਝ ਨੇ ‘ਕਿਡਜ਼ਪਲੇ ਯੂਥ ਫਾਊਂਡੇਸ਼ਨ’ ਦੀ ਸਥਾਪਨਾ ਕੀਤੀ ਸੀ। ਇਸ ਸੰਸਥਾ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ, ਕੈਂਪਾਂ ਅਤੇ ਸਲਾਹ-ਮਸ਼ਵਰੇ ਵਰਗੀਆਂ ਗਤੀਵਿਧੀਆਂ ਨਾਲ ਜੋੜ ਕੇ ਉਨ੍ਹਾਂ ਨੂੰ ਨਸ਼ਿਆਂ, ਗੈਂਗ ਹਿੰਸਾ ਅਤੇ ਅਪਰਾਧਿਕ ਰਾਹਾਂ ਤੋਂ ਦੂਰ ਰੱਖਣਾ ਸੀ।

ਸੰਸਥਾ ਵੱਲੋਂ ਨੌਜਵਾਨਾਂ ਲਈ ਮੁਫ਼ਤ ਖੇਡ ਗਤੀਵਿਧੀਆਂ ਅਤੇ ਹੋਰ ਪ੍ਰੋਗਰਾਮ ਕਰਵਾਏ ਜਾਂਦੇ ਸਨ। ਦੋਸਾਂਝ ਨੇ ਸੰਸਥਾ ਦੇ ਮੁਖੀ ਵਜੋਂ ਕੰਮ ਕਰਦਿਆਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸੰਪਰਕ ਬਣਾਇਆ ਅਤੇ ਸਮਾਜ ਵਿੱਚ ਆਪਣਾ ਇੱਕ ਵੱਖਰਾ ਸਥਾਨ ਬਣਾਇਆ।

ਇਸੇ ਸਮਾਜਿਕ ਪਛਾਣ ਅਤੇ ਲੰਬੀ ਪੁਲੀਸ ਸੇਵਾ ਕਾਰਨ ਲੋਕਾਂ ਵਿੱਚ ਉਨ੍ਹਾਂ ਪ੍ਰਤੀ ਵਿਸ਼ਵਾਸ ਹੋਣ ਦੀ ਗੱਲ ਵੀ ਸਾਹਮਣੇ ਆ ਰਹੀ ਹੈ। ਹੁਣ ਉਨ੍ਹਾਂ ’ਤੇ ਲੱਗੇ ਦੋਸ਼ਾਂ ਕਾਰਨ ਉਨ੍ਹਾਂ ਦੀ ਪੁਲੀਸ ਸੇਵਾ ਅਤੇ ਸਮਾਜ ਸੇਵਾ ਨਾਲ ਜੁੜਿਆ ਪੂਰਾ ਸਫ਼ਰ ਵੀ ਚਰਚਾ ਵਿੱਚ ਆ ਗਿਆ ਹੈ।

ਕਿਵੇਂ ਸਾਹਮਣੇ ਆਇਆ ਵੱਡੀ ਰਕਮ ਦੀ ਕਥਿਤ ਧੋਖਾਧੜੀ ਦਾ ਮਾਮਲਾ?

ਜਾਂਚ ਨਾਲ ਸਬੰਧਤ ਸਾਹਮਣੇ ਆਏ ਵੇਰਵਿਆਂ ਮੁਤਾਬਕ ਦੋਸਾਂਝ ’ਤੇ ਸੈਂਕੜੇ ਨਿਵੇਸ਼ਕਾਂ ਤੋਂ ਰੀਅਲ ਅਸਟੇਟ ਵਿੱਚ ਵੱਡਾ ਮੁਨਾਫ਼ਾ ਦੇਣ ਦੇ ਨਾਂ ’ਤੇ ਲਗਭਗ ਢਾਈ ਕਰੋੜ ਕੈਨੇਡੀਅਨ ਡਾਲਰ ਇਕੱਠੇ ਕਰਨ ਦਾ ਦੋਸ਼ ਹੈ।

ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਪੁਲੀਸ ਨੌਕਰੀ ਅਤੇ ਸਮਾਜ ਵਿੱਚ ਬਣੀ ਸਾਖ ਦਾ ਹਵਾਲਾ ਦਿੰਦਿਆਂ ਨਿਵੇਸ਼ਕਾਂ ਨੂੰ ਜਾਇਦਾਦ ਵਿੱਚ ਪੈਸਾ ਲਗਾਉਣ ਲਈ ਪ੍ਰੇਰਿਤ ਕੀਤਾ। ਕਥਿਤ ਤੌਰ ’ਤੇ ਨਿਵੇਸ਼ਕਾਂ ਨੂੰ ਇਹ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਦੇ ਪੈਸੇ ਨਾਲ ਕੁਝ ਜਾਇਦਾਦਾਂ ਖਰੀਦੀਆਂ ਜਾਣਗੀਆਂ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਵੱਧ ਕੀਮਤ ’ਤੇ ਵੇਚ ਕੇ ਮੁਨਾਫ਼ਾ ਸਾਂਝਾ ਕੀਤਾ ਜਾਵੇਗਾ।

ਜਾਂਚ ਵਿੱਚ ਸਾਹਮਣੇ ਆਏ ਦੋਸ਼ਾਂ ਅਨੁਸਾਰ ਕੁਝ ਜਾਇਦਾਦਾਂ ਨਕਦ ਰਕਮ ਦੇ ਕੇ ਖਰੀਦੀਆਂ ਗਈਆਂ ਸਨ। ਇਸ ਤੋਂ ਬਾਅਦ ਕਥਿਤ ਤੌਰ ’ਤੇ ਇਨ੍ਹਾਂ ਜਾਇਦਾਦਾਂ ਨੂੰ ਬੈਂਕਾਂ ਕੋਲ ਗਿਰਵੀ ਰੱਖ ਕੇ ਕਰਜ਼ੇ ਲਏ ਗਏ ਅਤੇ ਇਸ ਰਕਮ ਨਾਲ ਆਪਣੇ ਨਾਂ ’ਤੇ ਲਗਭਗ ਦੋ ਕਰੋੜ ਡਾਲਰ ਦੀਆਂ ਹੋਰ ਜਾਇਦਾਦਾਂ ਖਰੀਦੀਆਂ ਗਈਆਂ।

ਇਸੇ ਦੌਰਾਨ ਰੀਅਲ ਅਸਟੇਟ ਬਾਜ਼ਾਰ ਵਿੱਚ ਮੰਦੀ ਆਉਣ ਕਾਰਨ ਗਿਰਵੀ ਰੱਖੀਆਂ ਗਈਆਂ ਜਾਇਦਾਦਾਂ ਨਾਲ ਜੁੜੀਆਂ ਵਿੱਤੀ ਮੁਸ਼ਕਲਾਂ ਵਧ ਗਈਆਂ। ਦੋਸ਼ਾਂ ਮੁਤਾਬਕ ਬਾਅਦ ਵਿੱਚ ਬੈਂਕਾਂ ਨੇ ਕੁਝ ਜਾਇਦਾਦਾਂ ’ਤੇ ਕਬਜ਼ਾ ਕਰ ਲਿਆ। ਇਸ ਕਾਰਨ ਨਿਵੇਸ਼ਕਾਂ ਦੀ ਰਕਮ ਫਸ ਗਈ ਅਤੇ ਦੋਸਾਂਝ ਵੱਲੋਂ ਇਹ ਪੈਸਾ ਵਾਪਸ ਕਰਨ ਵਿੱਚ ਮੁਸ਼ਕਲ ਪੈਦਾ ਹੋਈ।

ਇਹ ਸਾਰੇ ਵੇਰਵੇ ਇਸ ਵੇਲੇ ਦੋਸ਼ਾਂ ਅਤੇ ਜਾਂਚ ਨਾਲ ਸਬੰਧਤ ਹਨ ਅਤੇ ਅਦਾਲਤ ਵਿੱਚ ਇਨ੍ਹਾਂ ਦੀ ਅੰਤਿਮ ਪੁਸ਼ਟੀ ਹੋਣੀ ਬਾਕੀ ਹੈ।

ਕੈਲ ਦੋਸਾਂਝ ’ਤੇ ਕਿਹੜੇ ਦੋਸ਼ ਲੱਗੇ ਹਨ?

ਬ੍ਰਿਟਿਸ਼ ਕੋਲੰਬੀਆ ਪ੍ਰੌਸੀਕਿਊਸ਼ਨ ਸਰਵਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ 50 ਸਾਲਾ ਕੈਲ ਦੋਸਾਂਝ ਨੂੰ ਕੁੱਲ ਨੌਂ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਨ੍ਹਾਂ ਵਿੱਚ:

ਪੰਜ ਹਜ਼ਾਰ ਡਾਲਰ ਤੋਂ ਵੱਧ ਦੀ ਧੋਖਾਧੜੀ ਦੇ ਚਾਰ ਮਾਮਲੇ।

ਪੰਜ ਹਜ਼ਾਰ ਡਾਲਰ ਤੋਂ ਵੱਧ ਦੀ ਚੋਰੀ ਦੇ ਚਾਰ ਮਾਮਲੇ।

ਸਰਕਾਰੀ ਜਾਂ ਜਨਤਕ ਅਧਿਕਾਰੀ ਵਜੋਂ ਭਰੋਸੇ ਦੀ ਉਲੰਘਣਾ ਦਾ ਇੱਕ ਮਾਮਲਾ।

ਜਾਂਚ ਅਨੁਸਾਰ ਕਥਿਤ ਅਪਰਾਧ 8 ਦਸੰਬਰ 2017 ਤੋਂ 25 ਜੁਲਾਈ 2025 ਦਰਮਿਆਨ ਵੈਨਕੂਵਰ, ਸਰੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਹੋਰ ਇਲਾਕਿਆਂ ਵਿੱਚ ਕੀਤੇ ਜਾਣ ਦਾ ਦੋਸ਼ ਹੈ।

ਸਹਿ-ਦੋਸ਼ੀ ਸਰਬਜੀਤ ਸਿੰਘ ਗਿੱਲ ਵੀ ਗ੍ਰਿਫ਼ਤਾਰ

ਇਸ ਮਾਮਲੇ ਵਿੱਚ ਦੋਸਾਂਝ ਦੇ ਨਾਲ ਉਨ੍ਹਾਂ ਦੇ ਇੱਕ 51 ਸਾਲਾ ਸਹਿ-ਦੋਸ਼ੀ ਸਰਬਜੀਤ ਸਿੰਘ ਗਿੱਲ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਗਿੱਲ ’ਤੇ ਧੋਖਾਧੜੀ ਅਤੇ ਚੋਰੀ ਨਾਲ ਸਬੰਧਤ ਛੇ ਦੋਸ਼ ਲਗਾਏ ਗਏ ਹਨ।

ਵੈਨਕੂਵਰ ਪੁਲੀਸ ਵਿਭਾਗ ਵੱਲੋਂ ਇਸ ਮਾਮਲੇ ਦੀ ਲਗਭਗ ਢਾਈ ਸਾਲ ਤੱਕ ਗੁਪਤ ਜਾਂਚ ਕੀਤੀ ਗਈ। ਜਾਂਚ ਪੂਰੀ ਹੋਣ ਤੋਂ ਬਾਅਦ ਪੁਲੀਸ ਨੇ ਦੋਸਾਂਝ ਅਤੇ ਉਨ੍ਹਾਂ ਦੇ ਸਹਿ-ਦੋਸ਼ੀ ਵਿਰੁੱਧ ਕਾਰਵਾਈ ਕੀਤੀ।

ਪੁਲੀਸ ਨੇ ਦੋਸਾਂਝ ਦੀ ਰਿਹਾਇਸ਼ ਅਤੇ ਉਨ੍ਹਾਂ ਦੀ ਸਮਾਜ ਸੇਵੀ ਸੰਸਥਾ ਦੇ ਦਫ਼ਤਰ ਦੀ ਤਲਾਸ਼ੀ ਵੀ ਲਈ। ਤਲਾਸ਼ੀ ਦੌਰਾਨ ਕਈ ਅਹਿਮ ਦਸਤਾਵੇਜ਼ ਅਤੇ ਹੋਰ ਸਮੱਗਰੀ ਬਕਸਿਆਂ ਵਿੱਚ ਭਰ ਕੇ ਪੁਲੀਸ ਵੱਲੋਂ ਆਪਣੇ ਕਬਜ਼ੇ ਵਿੱਚ ਲਏ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ।

ਦੋਸਾਂਝ ਦੇ ਵਕੀਲਾਂ ਨੇ ਸਾਰੇ ਦੋਸ਼ ਨਕਾਰੇ

ਦੋਸਾਂਝ ਦੀ ਕਾਨੂੰਨੀ ਨੁਮਾਇੰਦਗੀ ਕਰ ਰਹੀ ਕਾਨੂੰਨੀ ਫ਼ਰਮ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਸਾਰੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਹੈ। ਵਕੀਲਾਂ ਦਾ ਕਹਿਣਾ ਹੈ ਕਿ ਕੈਲ ਦੋਸਾਂਝ ਬੇਕਸੂਰ ਹਨ ਅਤੇ ਉਨ੍ਹਾਂ ਨੇ ਕੋਈ ਅਪਰਾਧ ਨਹੀਂ ਕੀਤਾ।

ਵਕੀਲਾਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਜਾਂ ਉਸ ’ਤੇ ਦੋਸ਼ ਲੱਗਣਾ ਆਪਣੇ ਆਪ ਵਿੱਚ ਉਸ ਦੀ ਅਪਰਾਧਿਕ ਜ਼ਿੰਮੇਵਾਰੀ ਦਾ ਸਬੂਤ ਨਹੀਂ ਹੁੰਦਾ। ਉਨ੍ਹਾਂ ਮੁਤਾਬਕ ਅਦਾਲਤ ਵਿੱਚ ਅਜੇ ਤੱਕ ਇਨ੍ਹਾਂ ਦੋਸ਼ਾਂ ਵਿੱਚੋਂ ਕੋਈ ਵੀ ਸਾਬਤ ਨਹੀਂ ਹੋਇਆ।

ਇਸ ਮਾਮਲੇ ਵਿੱਚ ਦੋਸਾਂਝ ਦੇ ਹੋਰ ਪੱਖ ਨੂੰ ਜਾਣਨ ਲਈ ਉਨ੍ਹਾਂ ਦੇ ਨਿੱਜੀ ਫ਼ੋਨ ’ਤੇ ਸੰਪਰਕ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਫ਼ੋਨ ਬੰਦ ਮਿਲਿਆ।

ਫਿਲਹਾਲ ਮਾਮਲਾ ਕਾਨੂੰਨੀ ਕਾਰਵਾਈ ਦੇ ਪੜਾਅ ਵਿੱਚ ਹੈ। ਕੈਲ ਦੋਸਾਂਝ ’ਤੇ ਲੱਗੇ ਦੋਸ਼ਾਂ ਦੀ ਅੰਤਿਮ ਸੱਚਾਈ ਅਦਾਲਤੀ ਕਾਰਵਾਈ ਤੋਂ ਬਾਅਦ ਹੀ ਤੈਅ ਹੋਵੇਗੀ। ਕਾਨੂੰਨ ਅਨੁਸਾਰ ਅਦਾਲਤ ਵੱਲੋਂ ਦੋਸ਼ ਸਾਬਤ ਹੋਣ ਤੱਕ ਕਿਸੇ ਵੀ ਮੁਲਜ਼ਮ ਨੂੰ ਦੋਸ਼ੀ ਨਹੀਂ ਮੰਨਿਆ ਜਾਂਦਾ।










# ਸਪੋਰਟਸ/ਖੇਡਾਂ

## ਏਸ਼ੀਆਈ ਖੇਡਾਂ ਤੋਂ ਪਹਿਲਾਂ ਭਾਰਤੀ ਮੁੱਕੇਬਾਜ਼ਾਂ ਦੀ ਤਿਆਰੀ ਤੇਜ਼, ਵਿਦੇਸ਼ੀ ਮੁੱਕੇਬਾਜ਼ਾਂ ਨਾਲ ਕਰ ਰਹੇ ਸਖ਼ਤ ਅਭਿਆਸ



ਪਟਿਆਲਾ ਦੇ ਐੱਨ.ਆਈ.ਐੱਸ. ਕੈਂਪ 'ਚ ਇਰਾਨ ਅਤੇ ਡੋਮਿਨੀਕਨ ਗਣਰਾਜ ਦੇ ਮੁੱਕੇਬਾਜ਼ ਵੀ ਹੋਏ ਸ਼ਾਮਲ; ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ ਨਾਲ ਅਭਿਆਸ ਦਾ ਭਾਰਤੀ ਟੀਮ ਨੂੰ ਮਿਲੇਗਾ ਵੱਡਾ ਲਾਭ

ਪਟਿਆਲਾ: ਏਸ਼ੀਆਈ ਖੇਡਾਂ ਦੇ ਨੇੜੇ ਆਉਣ ਦੇ ਨਾਲ ਹੀ ਭਾਰਤੀ ਮੁੱਕੇਬਾਜ਼ੀ ਦਲ ਨੇ ਆਪਣੀਆਂ ਤਿਆਰੀਆਂ ਹੋਰ ਤੇਜ਼ ਕਰ ਦਿੱਤੀਆਂ ਹਨ। ਭਾਰਤੀ ਮੁੱਕੇਬਾਜ਼ ਇਸ ਸਮੇਂ ਪਟਿਆਲਾ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (ਐੱਨ.ਆਈ.ਐੱਸ.) ਵਿੱਚ ਚੱਲ ਰਹੇ ਸਖ਼ਤ ਸਿਖਲਾਈ ਕੈਂਪ ਦੌਰਾਨ ਆਪਣੇ ਹੁਨਰ ਨੂੰ ਨਿਖਾਰਨ ਦੇ ਨਾਲ-ਨਾਲ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ। ਇਸ ਕੈਂਪ ਵਿੱਚ ਵਿਦੇਸ਼ੀ ਮੁੱਕੇਬਾਜ਼ਾਂ ਦੀ ਮੌਜੂਦਗੀ ਭਾਰਤੀ ਖਿਡਾਰੀਆਂ ਲਈ ਤਿਆਰੀ ਨੂੰ ਹੋਰ ਚੁਣੌਤੀਪੂਰਨ ਅਤੇ ਲਾਹੇਵੰਦ ਬਣਾ ਰਹੀ ਹੈ।

ਪਟਿਆਲਾ ਵਿੱਚ ਚੱਲ ਰਹੇ ਇਸ ਸਿਖਲਾਈ ਕੈਂਪ ਵਿੱਚ ਇਰਾਨ ਦੇ ਮੁੱਕੇਬਾਜ਼ ਵੀ ਬੁੱਧਵਾਰ ਨੂੰ ਭਾਰਤੀ ਟੀਮ ਨਾਲ ਅਭਿਆਸ ਲਈ ਜੁੜ ਗਏ। ਇਸ ਤੋਂ ਇਲਾਵਾ ਡੋਮਿਨੀਕਨ ਗਣਰਾਜ ਦੀ 10 ਮੈਂਬਰੀ ਟੀਮ ਵੀ ਐੱਨ.ਆਈ.ਐੱਸ. ਪਟਿਆਲਾ ਪਹੁੰਚੀ ਹੋਈ ਹੈ। ਇਸ ਟੀਮ ਵਿੱਚ ਓਲੰਪਿਕ ਤਗ਼ਮਾ ਜੇਤੂ ਕ੍ਰਿਸਟੀਅਨ ਪੀਨਾਲੇਸ 90 ਕਿਲੋਗ੍ਰਾਮ ਵਰਗ ਅਤੇ ਜੂਨੀਅਰ ਅਲਕਾਂਤਰਾ 55 ਕਿਲੋਗ੍ਰਾਮ ਵਰਗ ਦੇ ਮੁੱਕੇਬਾਜ਼ ਵੀ ਸ਼ਾਮਲ ਹਨ।

ਵਿਦੇਸ਼ੀ ਮੁੱਕੇਬਾਜ਼ਾਂ ਨਾਲ ਸਾਂਝੇ ਅਭਿਆਸ ਨੂੰ ਭਾਰਤੀ ਟੀਮ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਏਸ਼ੀਆਈ ਖੇਡਾਂ ਵਿੱਚ ਭਾਰਤੀ ਮੁੱਕੇਬਾਜ਼ਾਂ ਨੂੰ ਏਸ਼ੀਆ ਦੇ ਮਜ਼ਬੂਤ ਮੁੱਕੇਬਾਜ਼ਾਂ ਨਾਲ ਸਖ਼ਤ ਮੁਕਾਬਲਾ ਕਰਨਾ ਪਵੇਗਾ। ਅਜਿਹੇ ਵਿੱਚ ਵੱਖ-ਵੱਖ ਦੇਸ਼ਾਂ ਦੇ ਉੱਚ ਪੱਧਰੀ ਮੁੱਕੇਬਾਜ਼ਾਂ ਨਾਲ ਅਭਿਆਸ ਕਰਨ ਨਾਲ ਭਾਰਤੀ ਖਿਡਾਰੀਆਂ ਨੂੰ ਵੱਖਰੀਆਂ ਖੇਡ ਸ਼ੈਲੀਆਂ, ਤਕਨੀਕਾਂ ਅਤੇ ਮੁਕਾਬਲੇ ਦੀ ਰਫ਼ਤਾਰ ਨੂੰ ਸਮਝਣ ਦਾ ਮੌਕਾ ਮਿਲੇਗਾ।

ਡੋਮਿਨੀਕਨ ਗਣਰਾਜ ਦੇ ਮੁੱਕੇਬਾਜ਼ ਕ੍ਰਿਸਟੀਅਨ ਪੀਨਾਲੇਸ ਦਾ ਤਜਰਬਾ ਭਾਰਤੀ ਖਿਡਾਰੀਆਂ ਲਈ ਖਾਸ ਤੌਰ 'ਤੇ ਲਾਹੇਵੰਦ ਸਾਬਤ ਹੋ ਸਕਦਾ ਹੈ। ਪੀਨਾਲੇਸ ਨੇ ਹਾਲ ਹੀ ਵਿੱਚ ਕੇਂਦਰੀ ਅਮਰੀਕੀ ਅਤੇ ਕੈਰੇਬੀਅਨ ਖੇਡਾਂ ਦੌਰਾਨ ਕਿਊਬਾ ਦੇ ਦੋ ਵਾਰ ਦੇ ਓਲੰਪਿਕ ਚੈਂਪੀਅਨ ਜੂਲੀਓ ਸੇਸਰ ਲਾ ਕਰੂਜ਼ ਨੂੰ ਹਰਾਇਆ ਸੀ। ਉੱਚ ਪੱਧਰ ਦੇ ਅਜਿਹੇ ਮੁੱਕੇਬਾਜ਼ਾਂ ਨਾਲ ਅਭਿਆਸ ਕਰਨਾ ਭਾਰਤੀ ਖਿਡਾਰੀਆਂ ਨੂੰ ਅਸਲ ਅੰਤਰਰਾਸ਼ਟਰੀ ਮੁਕਾਬਲੇ ਵਰਗਾ ਤਜਰਬਾ ਦੇਵੇਗਾ।

ਭਾਰਤੀ ਮੁੱਕੇਬਾਜ਼ਾਂ ਦਾ ਹਾਲੀਆ ਪ੍ਰਦਰਸ਼ਨ ਵੀ ਉਮੀਦਾਂ ਵਧਾਉਣ ਵਾਲਾ ਰਿਹਾ ਹੈ। ਗਲਾਸਗੋ ਵਿੱਚ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤੀ ਮੁੱਕੇਬਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਈ ਤਗ਼ਮੇ ਆਪਣੇ ਨਾਂ ਕੀਤੇ ਸਨ। ਪੁਰਸ਼ ਵਰਗ ਵਿੱਚ 60 ਕਿਲੋਗ੍ਰਾਮ ਭਾਰ ਵਰਗ ਦੇ ਸਚਿਨ ਅਤੇ 80 ਕਿਲੋਗ੍ਰਾਮ ਵਰਗ ਦੇ ਅੰਕੁਸ਼ ਪੰਘਾਲ ਸੋਨ ਤਗ਼ਮਾ ਜਿੱਤਣ ਵਾਲੇ ਭਾਰਤੀ ਮੁੱਕੇਬਾਜ਼ਾਂ ਵਿੱਚ ਸ਼ਾਮਲ ਸਨ। ਇਸ ਤੋਂ ਇਲਾਵਾ ਭਾਰਤੀ ਮਹਿਲਾ ਮੁੱਕੇਬਾਜ਼ਾਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੰਜ ਸੋਨ ਤਗ਼ਮੇ ਜਿੱਤੇ ਸਨ।

ਐੱਨ.ਆਈ.ਐੱਸ. ਪਟਿਆਲਾ ਵਿੱਚ ਚੱਲ ਰਹੇ ਕੈਂਪ ਤੋਂ ਬਾਅਦ ਭਾਰਤੀ ਮੁੱਕੇਬਾਜ਼ੀ ਟੀਮ ਦੇ ਜਾਪਾਨ ਜਾਣ ਦੀ ਵੀ ਸੰਭਾਵਨਾ ਹੈ। ਜਾਣਕਾਰੀ ਮੁਤਾਬਕ ਟੀਮ 8 ਸਤੰਬਰ ਨੂੰ ਜਾਪਾਨ ਲਈ ਰਵਾਨਾ ਹੋ ਸਕਦੀ ਹੈ, ਜਿੱਥੇ ਏਸ਼ੀਆਈ ਖੇਡਾਂ ਵਿੱਚ ਸੰਭਾਵੀ ਵਿਰੋਧੀਆਂ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਹੋਰ ਸਿਖਲਾਈ ਕੈਂਪ ਲਗਾਇਆ ਜਾਵੇਗਾ। ਜਾਪਾਨ ਵਿੱਚ ਹੋਣ ਵਾਲਾ ਇਹ ਕੈਂਪ ਭਾਰਤੀ ਮੁੱਕੇਬਾਜ਼ਾਂ ਨੂੰ ਹੋਰ ਵਧੇਰੇ ਅੰਤਰਰਾਸ਼ਟਰੀ ਤਜਰਬਾ ਦੇਣ ਦੇ ਨਾਲ-ਨਾਲ ਏਸ਼ੀਆਈ ਖੇਡਾਂ ਤੋਂ ਪਹਿਲਾਂ ਵੱਖਰੇ ਮਾਹੌਲ ਅਤੇ ਮੁਕਾਬਲੇ ਦੀਆਂ ਸਥਿਤੀਆਂ ਨਾਲ ਆਪਣੇ ਆਪ ਨੂੰ ਢਾਲਣ ਵਿੱਚ ਮਦਦ ਕਰੇਗਾ।

ਭਾਰਤੀ ਟੀਮ ਲਈ ਵਿਦੇਸ਼ੀ ਖਿਡਾਰੀਆਂ ਨਾਲ ਲਗਾਤਾਰ ਅਭਿਆਸ ਅਤੇ ਅੰਤਰਰਾਸ਼ਟਰੀ ਪੱਧਰ ਦੇ ਕੈਂਪਾਂ ਵਿੱਚ ਹਿੱਸਾ ਲੈਣਾ ਏਸ਼ੀਆਈ ਖੇਡਾਂ ਦੀ ਤਿਆਰੀ ਨੂੰ ਹੋਰ ਮਜ਼ਬੂਤ ਕਰਨ ਵਾਲਾ ਕਦਮ ਮੰਨਿਆ ਜਾ ਰਿਹਾ ਹੈ।

## ਅਰਜਨਟੀਨਾ ਨੇ ਨੀਦਰਲੈਂਡਜ਼ ਨੂੰ ਸ਼ੂਟਆਊਟ 'ਚ ਹਰਾਇਆ, ਤੀਜੀ ਵਾਰ ਬਣੀ ਮਹਿਲਾ ਹਾਕੀ ਵਿਸ਼ਵ ਚੈਂਪੀਅਨ

### ਨੌਂ ਵਾਰ ਦੀ ਚੈਂਪੀਅਨ ਨੀਦਰਲੈਂਡਜ਼ ਨੂੰ 3-1 ਨਾਲ ਮਾਤ; ਅਰਜਨਟੀਨਾ ਨੇ ਪਿਛਲੇ ਵਿਸ਼ਵ ਕੱਪ ਦੀ ਹਾਰ ਦਾ ਲਿਆ ਬਦਲਾ

ਅਰਜਨਟੀਨਾ ਨੇ ਨੀਦਰਲੈਂਡਜ਼ ਦਾ ਲਗਾਤਾਰ ਚੌਥੀ ਵਾਰ ਮਹਿਲਾ ਹਾਕੀ ਵਿਸ਼ਵ ਕੱਪ ਜਿੱਤਣ ਦਾ ਸੁਪਨਾ ਤੋੜਦਿਆਂ ਸ਼ਨਿਚਰਵਾਰ ਨੂੰ ਪੈਨਲਟੀ ਸ਼ੂਟਆਊਟ ਵਿੱਚ 3-1 ਨਾਲ ਹਰਾ ਦਿੱਤਾ। ਇਸ ਜਿੱਤ ਨਾਲ ਅਰਜਨਟੀਨਾ ਨੇ ਤੀਜੀ ਵਾਰ ਮਹਿਲਾ ਹਾਕੀ ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਂ ਕਰ ਲਿਆ। ਇਸ ਦੇ ਨਾਲ ਹੀ ਟੀਮ ਨੇ ਪਿਛਲੇ ਵਿਸ਼ਵ ਕੱਪ ਦੇ ਫਾਈਨਲ ਵਿੱਚ ਨੀਦਰਲੈਂਡਜ਼ ਹੱਥੋਂ ਮਿਲੀ ਹਾਰ ਦਾ ਵੀ ਬਦਲਾ ਲੈ ਲਿਆ।



ਪਿਛਲੇ ਵਿਸ਼ਵ ਕੱਪ ਦੇ ਫਾਈਨਲ ਵਿੱਚ ਨੀਦਰਲੈਂਡਜ਼ ਨੇ ਅਰਜਨਟੀਨਾ ਨੂੰ 3-1 ਨਾਲ ਹਰਾਇਆ ਸੀ। ਇਸ ਵਾਰ ਅਰਜਨਟੀਨਾ ਨੇ ਉਸੇ ਟੀਮ ਨੂੰ ਫਾਈਨਲ ਵਿੱਚ ਸ਼ੂਟਆਊਟ ਰਾਹੀਂ ਮਾਤ ਦੇ ਕੇ ਖਿਤਾਬ ਆਪਣੇ ਨਾਂ ਕੀਤਾ। ਅਰਜਨਟੀਨਾ ਨੇ ਇਸ ਤੋਂ ਪਹਿਲਾਂ 2002 ਅਤੇ 2010 ਵਿੱਚ ਵੀ ਨੀਦਰਲੈਂਡਜ਼ ਨੂੰ ਹਰਾ ਕੇ ਹੀ ਵਿਸ਼ਵ ਕੱਪ ਦਾ ਖਿਤਾਬ ਜਿੱਤਿਆ ਸੀ।

ਨੌਂ ਵਾਰ ਦੀ ਵਿਸ਼ਵ ਚੈਂਪੀਅਨ ਨੀਦਰਲੈਂਡਜ਼ ਇਸ ਹਾਰ ਨਾਲ 10ਵੀਂ ਵਾਰ ਖਿਤਾਬ ਜਿੱਤਣ ਤੋਂ ਖੁੰਝ ਗਈ। ਪੈਨਲਟੀ ਸ਼ੂਟਆਊਟ ਵਿੱਚ ਅਰਜਨਟੀਨਾ ਲਈ ਵਿਕਟੋਰੀਆ ਗਰਾਨਾਟੋ, ਬ੍ਰਿਸਾ ਬ੍ਰਗੇਸਰ ਅਤੇ ਸੋਫੀਆ ਕਾਈਰੋ ਨੇ ਗੋਲ ਕੀਤੇ। ਡਿਆਜ਼ ਜੋ ਵੱਲੋਂ ਕੀਤਾ ਗਿਆ ਗੋਲ ਰੱਦ ਹੋ ਗਿਆ। ਦੂਜੇ ਪਾਸੇ ਨੀਦਰਲੈਂਡਜ਼ ਲਈ ਸਿਰਫ਼ ਮਾਰਿਨ ਹੀ ਗੋਲ ਕਰਨ ਵਿੱਚ ਸਫ਼ਲ ਰਹੀ, ਜਦਕਿ ਪੀਏਨ ਸੈਂਡਰਸ, ਫੇਲਿਸ ਅਲਬਰਸ ਅਤੇ ਮੋਏਸ ਫ੍ਰੀਕੇ ਆਪਣੇ ਨਿਸ਼ਾਨੇ ਨੂੰ ਗੋਲ ਵਿੱਚ ਨਹੀਂ ਬਦਲ ਸਕੀਆਂ।

ਫਾਈਨਲ ਮੁਕਾਬਲੇ ਵਿੱਚ ਨੀਦਰਲੈਂਡਜ਼ ਨੇ ਪਹਿਲਾ ਗੋਲ 30ਵੇਂ ਮਿੰਟ ਵਿੱਚ ਕੀਤਾ। ਡਰੈਗ-ਫਲਿੱਕ ਲਈ ਜਾਣੀ ਜਾਂਦੀ ਯਿਬਬੀ ਯਾਨਸੇਨ ਨੇ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲਦਿਆਂ ਆਪਣੀ ਟੀਮ ਨੂੰ 1-0 ਦੀ ਬੜ੍ਹਤ ਦਿਵਾਈ। ਇਹ ਟੂਰਨਾਮੈਂਟ ਵਿੱਚ ਯਾਨਸੇਨ ਦਾ ਅੱਠਵਾਂ ਗੋਲ ਸੀ।

ਮੁਕਾਬਲੇ ਦੇ ਪਹਿਲੇ 15 ਮਿੰਟਾਂ ਵਿੱਚ ਦੋਵੇਂ ਟੀਮਾਂ ਵਿਚਕਾਰ ਸਖ਼ਤ ਟੱਕਰ ਦੇਖਣ ਨੂੰ ਮਿਲੀ। ਦੋਵੇਂ ਟੀਮਾਂ ਇੱਕ-ਦੂਜੇ ਦੀ ਖੇਡ ਨੂੰ ਪਰਖਦੀਆਂ ਰਹੀਆਂ ਅਤੇ ਕਿਸੇ ਨੂੰ ਵੀ ਆਸਾਨ ਮੌਕਾ ਨਹੀਂ ਮਿਲਿਆ। ਨੀਦਰਲੈਂਡਜ਼ ਨੇ ਮੈਚ ਦੇ ਅੱਠਵੇਂ ਮਿੰਟ ਵਿੱਚ ਪਹਿਲਾ ਹਮਲਾ ਕੀਤਾ। ਮਾਰਲਿਨ ਜੋਕੇਮਸ ਨੇ ਗੇਂਦ ਸਰਕਲ ਦੇ ਅੰਦਰ ਪਹੁੰਚਾਈ, ਪਰ ਉੱਥੇ ਨੀਦਰਲੈਂਡਜ਼ ਦੀ ਕੋਈ ਖਿਡਾਰਨ ਮੌਜੂਦ ਨਾ ਹੋਣ ਕਾਰਨ ਮੌਕਾ ਹੱਥੋਂ ਨਿਕਲ ਗਿਆ।

ਇਸ ਤੋਂ ਦੋ ਮਿੰਟ ਬਾਅਦ ਪੀਏਨ ਸੈਂਡਰਸ ਨੇ ਸਰਕਲ ਵਿੱਚ ਦਾਖ਼ਲ ਹੋ ਕੇ ਹਮਲਾ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਅਰਜਨਟੀਨਾ ਦੇ ਰੱਖਿਆ ਖਿਡਾਰੀਆਂ ਨੇ ਸਮੇਂ ਸਿਰ ਦਖ਼ਲ ਦੇ ਕੇ ਗੇਂਦ ਨੂੰ ਸੁਰੱਖਿਅਤ ਬਾਹਰ ਕੱਢ ਦਿੱਤਾ।

ਦੂਜੇ ਕੁਆਰਟਰ ਦੇ ਚੌਥੇ ਮਿੰਟ ਵਿੱਚ ਨੀਦਰਲੈਂਡਜ਼ ਦੀ ਤਜਰਬੇਕਾਰ ਖਿਡਾਰਨ ਜਾਨ ਡਿ ਵਾਰਡ ਨੇ ਆਪਣਾ 252ਵਾਂ ਅੰਤਰਰਾਸ਼ਟਰੀ ਮੈਚ ਖੇਡਦਿਆਂ ਗੇਂਦ 'ਤੇ ਕਬਜ਼ਾ ਕੀਤਾ ਅਤੇ ਅੱਗੇ ਵਧੀ। ਉਸ ਨੇ ਮਾਰਿਨ ਨੂੰ ਸ਼ਾਨਦਾਰ ਪਾਸ ਦਿੱਤਾ, ਪਰ ਮਾਰਿਨ ਗੇਂਦ 'ਤੇ ਕਾਬੂ ਨਹੀਂ ਰੱਖ ਸਕੀ ਅਤੇ ਨੀਦਰਲੈਂਡਜ਼ ਨੂੰ ਮਿਲਿਆ ਚੰਗਾ ਮੌਕਾ ਵੀ ਗੋਲ ਵਿੱਚ ਨਹੀਂ ਬਦਲ ਸਕਿਆ।

ਪਹਿਲੇ ਅੱਧ ਦੇ ਆਖਰੀ ਮਿੰਟ ਵਿੱਚ ਨੀਦਰਲੈਂਡਜ਼ ਨੂੰ ਪਹਿਲਾ ਪੈਨਲਟੀ ਕਾਰਨਰ ਮਿਲਿਆ। ਯਿਬਬੀ ਯਾਨਸੇਨ ਨੇ ਇਸ ਮੌਕੇ ਦਾ ਪੂਰਾ ਲਾਭ ਉਠਾਉਂਦਿਆਂ ਸ਼ਾਨਦਾਰ ਡਰੈਗ-ਫਲਿੱਕ ਰਾਹੀਂ ਗੇਂਦ ਨੂੰ ਗੋਲ ਵਿੱਚ ਪਹੁੰਚਾਇਆ ਅਤੇ ਆਪਣੀ ਟੀਮ ਨੂੰ 1-0 ਨਾਲ ਅੱਗੇ ਕਰ ਦਿੱਤਾ। ਇਸ ਗੋਲ ਨਾਲ ਯਾਨਸੇਨ ਨੇ ਟੂਰਨਾਮੈਂਟ ਵਿੱਚ ਆਪਣੇ ਗੋਲਾਂ ਦੀ ਗਿਣਤੀ ਅੱਠ ਕਰ ਲਈ।

ਬਰੇਕ ਤੋਂ ਬਾਅਦ ਅਰਜਨਟੀਨਾ ਨੇ ਹਮਲਾਵਰ ਰੁਖ਼ ਅਪਣਾਇਆ। 33ਵੇਂ ਮਿੰਟ ਵਿੱਚ ਟੀਮ ਨੂੰ ਆਪਣਾ ਪਹਿਲਾ ਪੈਨਲਟੀ ਕਾਰਨਰ ਮਿਲਿਆ, ਪਰ ਇਸ ਨੂੰ ਗੋਲ ਵਿੱਚ ਨਹੀਂ ਬਦਲਿਆ ਜਾ ਸਕਿਆ। ਅਰਜਨਟੀਨਾ ਨੇ ਹਮਲੇ ਜਾਰੀ ਰੱਖੇ ਅਤੇ ਇਸ ਤੋਂ ਦੋ ਮਿੰਟ ਬਾਅਦ ਕਪਤਾਨ ਮਾਰੀਆ ਗ੍ਰਾਨਾਟੋ ਨੂੰ ਸਰਕਲ ਵਿੱਚ ਰੁਕਾਵਟ ਪਹੁੰਚਾਉਣ ਕਾਰਨ ਦੂਜਾ ਪੈਨਲਟੀ ਕਾਰਨਰ ਮਿਲਿਆ। ਹਾਲਾਂਕਿ ਨੀਦਰਲੈਂਡਜ਼ ਦੀ ਗੋਲਕੀਪਰ ਐਨੇ ਵੀਨੇਨਡਾਲ ਨੇ ਸ਼ਾਨਦਾਰ ਬਚਾਅ ਕਰਦਿਆਂ ਆਪਣੀ ਟੀਮ ਨੂੰ ਬਚਾ ਲਿਆ।

ਤੀਜੇ ਕੁਆਰਟਰ ਦੇ ਆਖਰੀ ਦੋ ਮਿੰਟਾਂ ਵਿੱਚ ਅਰਜਨਟੀਨਾ ਨੂੰ ਲਗਾਤਾਰ ਦੋ ਪੈਨਲਟੀ ਕਾਰਨਰ ਮਿਲੇ। ਹਾਲਾਂਕਿ ਆਗਸਟੀਨਾ ਗੋਰਜੇਲਾਨੀ ਦੀ ਟਰੈਪਿੰਗ ਅਤੇ ਇਸ ਤੋਂ ਬਾਅਦ ਲਗਾਇਆ ਗਿਆ ਸ਼ਾਟ ਪ੍ਰਭਾਵਸ਼ਾਲੀ ਨਹੀਂ ਰਿਹਾ ਅਤੇ ਅਰਜਨਟੀਨਾ ਬਰਾਬਰੀ ਕਰਨ ਤੋਂ ਖੁੰਝ ਗਈ।

ਇਸ ਤੋਂ ਬਾਅਦ ਅਰਜਨਟੀਨਾ ਨੇ ਦਬਾਅ ਬਣਾਈ ਰੱਖਿਆ ਅਤੇ ਅੱਠਵੇਂ ਪੈਨਲਟੀ ਕਾਰਨਰ 'ਤੇ ਆਖ਼ਰਕਾਰ ਬਰਾਬਰੀ ਦਾ ਗੋਲ ਕਰਨ ਵਿੱਚ ਸਫ਼ਲ ਰਹੀ। ਕਪਤਾਨ ਮਾਰੀਆ ਗ੍ਰਾਨਾਟੋ ਨੇ 54ਵੇਂ ਮਿੰਟ ਵਿੱਚ ਰੀਬਾਉਂਡ 'ਤੇ ਗੋਲ ਕਰਕੇ ਸਕੋਰ 1-1 ਕਰ ਦਿੱਤਾ। ਨਿਰਧਾਰਤ ਸਮੇਂ ਤੱਕ ਦੋਵੇਂ ਟੀਮਾਂ ਬਰਾਬਰੀ 'ਤੇ ਰਹੀਆਂ, ਜਿਸ ਤੋਂ ਬਾਅਦ ਫੈਸਲਾ ਪੈਨਲਟੀ ਸ਼ੂਟਆਊਟ ਰਾਹੀਂ ਹੋਇਆ।

ਸ਼ੂਟਆਊਟ ਵਿੱਚ ਅਰਜਨਟੀਨਾ ਨੇ ਵਧੇਰੇ ਸਬਰ ਅਤੇ ਸਟੀਕਤਾ ਦਿਖਾਈ। ਵਿਕਟੋਰੀਆ ਗਰਾਨਾਟੋ, ਬ੍ਰਿਸਾ ਬ੍ਰਗੇਸਰ ਅਤੇ ਸੋਫੀਆ ਕਾਈਰੋ ਨੇ ਆਪਣੇ ਮੌਕੇ ਗੋਲ ਵਿੱਚ ਬਦਲ ਦਿੱਤੇ। ਨੀਦਰਲੈਂਡਜ਼ ਵੱਲੋਂ ਸਿਰਫ਼ ਮਾਰਿਨ ਗੋਲ ਕਰ ਸਕੀ, ਜਦਕਿ ਪੀਏਨ ਸੈਂਡਰਸ, ਫੇਲਿਸ ਅਲਬਰਸ ਅਤੇ ਮੋਏਸ ਫ੍ਰੀਕੇ ਦੇ ਸ਼ਾਟ ਨਿਸ਼ਾਨੇ ਤੋਂ ਖੁੰਝ ਗਏ।

ਇਸ ਤਰ੍ਹਾਂ ਅਰਜਨਟੀਨਾ ਨੇ ਪੈਨਲਟੀ ਸ਼ੂਟਆਊਟ ਵਿੱਚ 3-1 ਨਾਲ ਜਿੱਤ ਦਰਜ ਕਰਦਿਆਂ ਮਹਿਲਾ ਹਾਕੀ ਵਿਸ਼ਵ ਕੱਪ ਦਾ ਤੀਜੀ ਵਾਰ ਖਿਤਾਬ ਆਪਣੇ ਨਾਂ ਕੀਤਾ। ਇਸ ਜਿੱਤ ਨਾਲ ਅਰਜਨਟੀਨਾ ਨੇ ਨਾ ਸਿਰਫ਼ ਨੌਂ ਵਾਰ ਦੀ ਚੈਂਪੀਅਨ ਨੀਦਰਲੈਂਡਜ਼ ਨੂੰ 10ਵਾਂ ਖਿਤਾਬ ਜਿੱਤਣ ਤੋਂ ਰੋਕਿਆ, ਸਗੋਂ ਪਿਛਲੇ ਵਿਸ਼ਵ ਕੱਪ ਦੀ ਫਾਈਨਲ ਹਾਰ ਦਾ ਹਿਸਾਬ ਵੀ ਬਰਾਬਰ ਕਰ ਦਿੱਤਾ।

## ਯੂਐੱਸ ਓਪਨ ਦੇ ਪਹਿਲੇ ਗੇੜ 'ਚ ਵੱਡਾ ਉਲਟਫੇਰ ਟਲਿਆ, ਜ਼ਵੇਰੇਵ ਨੇ ਪੰਜ ਸੈੱਟਾਂ ਦੀ ਜੰਗ ਜਿੱਤੀ



Alexander Zverev: ਲਗਪਗ ਪੰਜ ਘੰਟਿਆਂ ਤੱਕ ਚੱਲੇ ਰੋਮਾਂਚਕ ਮੁਕਾਬਲੇ ਵਿੱਚ ਲੌਰੈਂਜ਼ੋ ਸੋਨੈਗੋ ਨੂੰ ਹਰਾਇਆ; ਗੇਲ ਮੋਨਫਿਲਜ਼ ਨੇ 40ਵੇਂ ਜਨਮ ਦਿਨ 'ਤੇ ਦਰਜ ਕੀਤੀ ਸ਼ਾਨਦਾਰ ਜਿੱਤ

**ਯੂਐੱਸ ਓਪਨ ਟੈਨਿਸ:** ਐਲੇਗਜ਼ੈਂਡਰ ਜ਼ਵੇਰੇਵ ਨੇ ਲਗਪਗ ਪੰਜ ਘੰਟੇ ਤੱਕ ਚੱਲੇ ਰੋਮਾਂਚਕ ਅਤੇ ਸਖ਼ਤ ਮੁਕਾਬਲੇ ਵਿੱਚ ਇਟਲੀ ਦੇ ਲੌਰੈਂਜ਼ੋ ਸੋਨੈਗੋ ਨੂੰ ਹਰਾ ਕੇ ਯੂਐੱਸ ਓਪਨ ਟੈਨਿਸ ਟੂਰਨਾਮੈਂਟ ਦੇ ਪਹਿਲੇ ਗੇੜ ਵਿੱਚ ਵੱਡੇ ਸੰਕਟ ਨੂੰ ਟਾਲ ਦਿੱਤਾ। ਜਰਮਨੀ ਦਾ ਇਹ ਸਿਤਾਰਾ ਕਿਸੇ ਗਰੈਂਡ ਸਲੈਮ ਟੂਰਨਾਮੈਂਟ ਵਿੱਚ ਪਹਿਲੀ ਵਾਰ ਚੋਟੀ ਦੇ ਦਰਜਾ ਪ੍ਰਾਪਤ ਖਿਡਾਰੀ ਵਜੋਂ ਮੈਦਾਨ ਵਿੱਚ ਉਤਰਿਆ ਸੀ ਅਤੇ ਪਹਿਲੇ ਹੀ ਗੇੜ ਵਿੱਚ ਉਸ ਦੇ ਬਾਹਰ ਹੋਣ ਦੀ ਸਥਿਤੀ ਬਣ ਗਈ ਸੀ। ਹਾਲਾਂਕਿ ਜ਼ਵੇਰੇਵ ਨੇ ਦਬਾਅ ਦੇ ਪਲਾਂ ਵਿੱਚ ਆਪਣਾ ਸਬਰ ਕਾਇਮ ਰੱਖਿਆ ਅਤੇ ਆਖ਼ਰਕਾਰ 6-4, 3-6, 6-7(7), 7-5, 6-4 ਨਾਲ ਜਿੱਤ ਦਰਜ ਕਰਕੇ ਅਗਲੇ ਗੇੜ ਵਿੱਚ ਜਗ੍ਹਾ ਬਣਾਈ।

ਜ਼ਵੇਰੇਵ ਚੌਥੇ ਸੈੱਟ ਵਿੱਚ ਉਸ ਸਮੇਂ ਵੱਡੇ ਸੰਕਟ ਵਿੱਚ ਫਸ ਗਿਆ ਸੀ, ਜਦੋਂ ਉਹ 4-5, 30/30 ਦੇ ਸਕੋਰ 'ਤੇ ਆਪਣੀ ਸਰਵਿਸ ਕਰ ਰਿਹਾ ਸੀ। ਉਸ ਵੇਲੇ ਸੋਨੈਗੋ ਸਿਰਫ਼ ਦੋ ਅੰਕ ਦੂਰ ਸੀ ਅਤੇ ਜ਼ਵੇਰੇਵ ਲਈ ਪਹਿਲੇ ਹੀ ਗੇੜ ਵਿੱਚ ਹਾਰ ਦਾ ਖ਼ਤਰਾ ਕਾਫ਼ੀ ਵੱਧ ਗਿਆ ਸੀ। ਪਰ ਜਰਮਨ ਖਿਡਾਰੀ ਨੇ ਇਸ ਨਾਜ਼ੁਕ ਮੌਕੇ 'ਤੇ ਆਪਣੀ ਖੇਡ 'ਤੇ ਕਾਬੂ ਪਾਇਆ ਅਤੇ ਮੈਚ ਨੂੰ ਪੰਜਵੇਂ ਸੈੱਟ ਤੱਕ ਲੈ ਜਾਣ ਵਿੱਚ ਕਾਮਯਾਬ ਰਿਹਾ। ਆਖ਼ਰੀ ਸੈੱਟ ਵਿੱਚ ਵੀ ਉਸ ਨੇ ਆਪਣੀ ਲੈਅ ਕਾਇਮ ਰੱਖੀ ਅਤੇ ਮੁਕਾਬਲਾ ਆਪਣੇ ਨਾਂ ਕਰ ਲਿਆ।

ਜ਼ਵੇਰੇਵ ਇਸ ਸਾਲ ਦੇ ਸ਼ੁਰੂ ਵਿੱਚ ਆਪਣਾ ਪਹਿਲਾ ਗਰੈਂਡ ਸਲੈਮ ਖ਼ਿਤਾਬ ਜਿੱਤ ਚੁੱਕਾ ਹੈ। ਉਸ ਨੇ ਫਰੈਂਚ ਓਪਨ ਦੇ ਫਾਈਨਲ ਵਿੱਚ ਫਲਾਵੀਓ ਕਾਬੋਲੀ ਨੂੰ ਹਰਾ ਕੇ ਖ਼ਿਤਾਬ ਆਪਣੇ ਨਾਂ ਕੀਤਾ ਸੀ। ਹੁਣ ਉਸ ਦੀ ਨਜ਼ਰ ਯੂਐੱਸ ਓਪਨ ਦਾ ਖ਼ਿਤਾਬ ਜਿੱਤ ਕੇ ਆਪਣੇ ਗਰੈਂਡ ਸਲੈਮ ਖ਼ਿਤਾਬਾਂ ਦੀ ਗਿਣਤੀ ਦੋ ਕਰਨ 'ਤੇ ਹੈ। ਪਹਿਲੇ ਗੇੜ ਵਿੱਚ ਮਿਲੀ ਇਸ ਸਖ਼ਤ ਜਿੱਤ ਨੇ ਉਸ ਦੇ ਇਸ ਸੁਪਨੇ ਨੂੰ ਜ਼ਿੰਦਾ ਰੱਖਿਆ ਹੈ।

ਇਸ ਦੌਰਾਨ ਗੇਲ ਮੋਨਫਿਲਜ਼ ਨੇ ਆਪਣੇ 40ਵੇਂ ਜਨਮ ਦਿਨ ਨੂੰ ਯਾਦਗਾਰ ਬਣਾ ਦਿੱਤਾ। ਫਰਾਂਸ ਦੇ ਤਜਰਬੇਕਾਰ ਖਿਡਾਰੀ ਨੇ ਹਾਰਡ ਕੋਰਟ ਦੇ ਇਸ ਵੱਡੇ ਟੂਰਨਾਮੈਂਟ ਵਿੱਚ ਆਪਣੇ 18ਵੇਂ ਅਤੇ ਆਖ਼ਰੀ ਸਫ਼ਰ ਦੀ ਸ਼ੁਰੂਆਤ ਜਿੱਤ ਨਾਲ ਕੀਤੀ। ਮੋਨਫਿਲਜ਼ ਨੇ ਅਡੋਲਫੋ ਡੈਨੀਅਲ ਵੈਲੇਜੋ ਨੂੰ 2-6, 6-1, 6-2, 6-0 ਨਾਲ ਹਰਾਇਆ। ਉਹ ਪਹਿਲਾ ਸੈੱਟ ਹਾਰਨ ਤੋਂ ਬਾਅਦ ਸ਼ਾਨਦਾਰ ਢੰਗ ਨਾਲ ਵਾਪਸ ਆਇਆ ਅਤੇ ਲਗਾਤਾਰ ਤਿੰਨ ਸੈੱਟ ਜਿੱਤ ਕੇ ਮੈਚ ਆਪਣੇ ਨਾਂ ਕਰ ਲਿਆ।

ਮੋਨਫਿਲਜ਼ ਲਈ ਇਹ ਜਿੱਤ ਇਸ ਲਈ ਵੀ ਖ਼ਾਸ ਰਹੀ ਕਿਉਂਕਿ ਉਹ ਆਪਣਾ 40ਵਾਂ ਜਨਮ ਦਿਨ ਮਨਾ ਰਿਹਾ ਸੀ। ਤਜਰਬੇਕਾਰ ਫਰਾਂਸੀਸੀ ਖਿਡਾਰੀ ਨੇ ਪਹਿਲੇ ਸੈੱਟ ਵਿੱਚ 2-6 ਨਾਲ ਹਾਰ ਤੋਂ ਬਾਅਦ ਆਪਣੀ ਖੇਡ ਵਿੱਚ ਜ਼ਬਰਦਸਤ ਸੁਧਾਰ ਕੀਤਾ। ਉਸ ਨੇ ਦੂਜੇ ਸੈੱਟ ਵਿੱਚ 6-1, ਤੀਜੇ ਸੈੱਟ ਵਿੱਚ 6-2 ਅਤੇ ਚੌਥੇ ਸੈੱਟ ਵਿੱਚ 6-0 ਨਾਲ ਜਿੱਤ ਦਰਜ ਕਰਦਿਆਂ ਮੈਚ ਨੂੰ ਇੱਕਤਰਫ਼ਾ ਬਣਾ ਦਿੱਤਾ।

ਮਹਿਲਾ ਵਰਗ ਵਿੱਚ ਕੋਕੋ ਗੌਫ ਨੇ ਵੀ ਯੂਐੱਸ ਓਪਨ ਦੀ ਆਪਣੀ ਮੁਹਿੰਮ ਦੀ ਜਿੱਤ ਨਾਲ ਸ਼ੁਰੂਆਤ ਕੀਤੀ। ਮੰਗਲਵਾਰ ਨੂੰ ਖੇਡੇ ਗਏ ਪਹਿਲੇ ਗੇੜ ਦੇ ਮੁਕਾਬਲੇ ਵਿੱਚ ਦੁਨੀਆ ਦੀ ਚੌਥੇ ਨੰਬਰ ਦੀ ਖਿਡਾਰਨ ਨੇ ਜ਼ੇਨੇਪ ਸੋਨਮੇਜ਼ ਨੂੰ 6-3, 6-4 ਨਾਲ ਹਰਾਇਆ। ਇਹ ਮੁਕਾਬਲਾ 1 ਘੰਟਾ 20 ਮਿੰਟ ਤੱਕ ਚੱਲਿਆ।

ਗੌਫ ਨੂੰ ਪਹਿਲੇ ਸੈੱਟ ਵਿੱਚ ਵੀ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। ਇੱਕ ਗੇਮ ਨੌਂ ਮਿੰਟ ਤੱਕ ਚੱਲੀ, ਜਿਸ ਵਿੱਚ ਛੇ ਵਾਰ ਡਿਊਸ ਹੋਇਆ। ਗੌਫ ਨੇ ਇਸ ਗੇਮ ਦੌਰਾਨ ਤਿੰਨ ਬਰੇਕ ਪੁਆਇੰਟ ਬਚਾਏ ਅਤੇ ਸਕੋਰ 3-3 ਨਾਲ ਬਰਾਬਰ ਰੱਖਣ ਵਿੱਚ ਸਫ਼ਲ ਰਹੀ। ਇਸ ਤੋਂ ਬਾਅਦ ਉਸ ਨੇ ਆਪਣੀ ਲੈਅ ਹਾਸਲ ਕੀਤੀ ਅਤੇ ਪਹਿਲਾ ਸੈੱਟ 6-3 ਨਾਲ ਜਿੱਤ ਲਿਆ। ਦੂਜੇ ਸੈੱਟ ਵਿੱਚ ਵੀ ਉਸ ਨੇ ਦਬਾਅ ਕਾਇਮ ਰੱਖਦਿਆਂ 6-4 ਨਾਲ ਜਿੱਤ ਦਰਜ ਕੀਤੀ ਅਤੇ ਦੂਜੇ ਗੇੜ ਵਿੱਚ ਦਾਖ਼ਲਾ ਹਾਸਲ ਕੀਤਾ।

ਦੂਜੇ ਪਾਸੇ ਫਿਲਪੀਨਜ਼ ਦੀ ਉਭਰਦੀ ਹੋਈ ਟੈਨਿਸ ਸਟਾਰ ਐਲੇਗਜ਼ੈਂਡਰਾ ਈਲਾ ਨੇ ਵੀ ਯੂਐੱਸ ਓਪਨ ਵਿੱਚ ਆਪਣਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਜਾਰੀ ਰੱਖਿਆ। ਉਸ ਨੇ ਅਮਰੀਕੀ ਕੁਆਲੀਫਾਇਰ ਮੈਰੀ ਸਟੋਆਨਾ ਨੂੰ ਸਿਰਫ਼ 1 ਘੰਟਾ 17 ਮਿੰਟ ਵਿੱਚ 6-1, 6-2 ਨਾਲ ਹਰਾ ਦਿੱਤਾ।

ਈਲਾ ਨੇ ਮੈਚ ਦੀ ਸ਼ੁਰੂਆਤ ਤੋਂ ਹੀ ਹਮਲਾਵਰ ਖੇਡ ਦਿਖਾਈ ਅਤੇ ਪਹਿਲੇ ਸੈੱਟ ਵਿੱਚ ਆਪਣੀ ਵਿਰੋਧੀ ਨੂੰ ਕੋਈ ਵੱਡਾ ਮੌਕਾ ਨਹੀਂ ਦਿੱਤਾ। ਉਸ ਨੇ 6-1 ਨਾਲ ਪਹਿਲਾ ਸੈੱਟ ਜਿੱਤਣ ਤੋਂ ਬਾਅਦ ਦੂਜੇ ਸੈੱਟ ਵਿੱਚ ਵੀ ਆਪਣਾ ਦਬਦਬਾ ਕਾਇਮ ਰੱਖਿਆ ਅਤੇ 6-2 ਨਾਲ ਜਿੱਤ ਦਰਜ ਕੀਤੀ। ਇਸ ਜਿੱਤ ਨਾਲ ਐਲੇਗਜ਼ੈਂਡਰਾ ਈਲਾ ਲਗਾਤਾਰ ਦੂਜੇ ਸਾਲ ਯੂਐੱਸ ਓਪਨ ਦੇ ਦੂਜੇ ਗੇੜ ਵਿੱਚ ਪਹੁੰਚਣ ਵਿੱਚ ਸਫ਼ਲ ਰਹੀ।

ਇਸ ਤਰ੍ਹਾਂ ਯੂਐੱਸ ਓਪਨ ਦੇ ਪਹਿਲੇ ਗੇੜ ਵਿੱਚ ਜ਼ਵੇਰੇਵ ਦੀ ਲਗਪਗ ਪੰਜ ਘੰਟਿਆਂ ਦੀ ਜੱਦੋਜਹਿਦ ਤੋਂ ਬਾਅਦ ਮਿਲੀ ਜਿੱਤ, ਮੋਨਫਿਲਜ਼ ਦੀ ਜਨਮ ਦਿਨ ਵਾਲੀ ਸ਼ਾਨਦਾਰ ਵਾਪਸੀ, ਗੌਫ ਦੀ ਸਿੱਧੇ ਸੈੱਟਾਂ ਵਿੱਚ ਜਿੱਤ ਅਤੇ ਐਲੇਗਜ਼ੈਂਡਰਾ ਈਲਾ ਦੇ ਲਗਾਤਾਰ ਦੂਜੇ ਸਾਲ ਦੂਜੇ ਗੇੜ ਵਿੱਚ ਪਹੁੰਚਣ ਨਾਲ ਟੂਰਨਾਮੈਂਟ ਵਿੱਚ ਰੋਮਾਂਚ ਹੋਰ ਵਧ ਗਿਆ ਹੈ।

## ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 11ਵੀਂ ਪੰਜਾਬ ਰਾਜ ਗਤਕਾ ਚੈਂਪੀਅਨਸ਼ਿਪ ਦਾ ਆਗ਼ਾਜ਼



ਚਾਰ ਰੋਜ਼ਾ ਗਤਕਾ ਮੁਕਾਬਲਿਆਂ ਵਿੱਚ ਪੰਜਾਬ ਭਰ ਤੋਂ 1000 ਤੋਂ ਵੱਧ ਖਿਡਾਰੀ ਲੈ ਰਹੇ ਹਨ ਹਿੱਸਾ; ਨੌਜਵਾਨਾਂ ਨੂੰ ਵਿਰਸੇ ਨਾਲ ਜੋੜਨ ਲਈ ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ

ਤਲਵੰਡੀ ਸਾਬੋ ਸਥਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਪੰਜਾਬ ਗਤਕਾ ਐਸੋਸੀਏਸ਼ਨ ਵੱਲੋਂ ਚਾਰ ਰੋਜ਼ਾ 11ਵੀਂ ਪੰਜਾਬ ਰਾਜ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਗਤਕਾ ਚੈਂਪੀਅਨਸ਼ਿਪ ਦਾ ਅੱਜ ਆਗ਼ਾਜ਼ ਕੀਤਾ ਗਿਆ। ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ 1000 ਤੋਂ ਵੱਧ ਖਿਡਾਰੀ ਹਿੱਸਾ ਲੈ ਰਹੇ ਹਨ।

ਸਮਾਗਮ ਦੀ ਪ੍ਰਧਾਨਗੀ ਆਲ ਇੰਡੀਆ ਗਤਕਾ ਫੈਡਰੇਸ਼ਨ ਦੇ ਪ੍ਰਧਾਨ ਡਾ. ਰਾਜਿੰਦਰ ਸਿੰਘ ਸੋਹਲ ਨੇ ਕੀਤੀ। ਉਨ੍ਹਾਂ ਇਸ ਮੌਕੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗਤਕੇ ਨੂੰ ਕੌਮੀ ਪੱਧਰ 'ਤੇ ਮਾਨਤਾ ਮਿਲ ਚੁੱਕੀ ਹੈ ਅਤੇ ਸਰਕਾਰੀ ਨੌਕਰੀਆਂ ਵਿੱਚ ਵੀ ਗਤਕਾ ਖਿਡਾਰੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਡਾ. ਰਾਜਿੰਦਰ ਸਿੰਘ ਸੋਹਲ ਨੇ ਬੱਚਿਆਂ ਨੂੰ ਖੇਡਾਂ ਵਿੱਚ ਅੱਗੇ ਵਧਣ ਦੇ ਨਾਲ-ਨਾਲ ਖੇਡ ਭਾਵਨਾ ਅਤੇ ਮਰਿਆਦਾ ਨੂੰ ਕਾਇਮ ਰੱਖਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਆਪਣੀ ਵਿਰਾਸਤ ਅਤੇ ਸੱਭਿਆਚਾਰ ਨਾਲ ਜੁੜੇ ਰਹਿਣਾ ਚਾਹੀਦਾ ਹੈ।

ਇਸ ਮੌਕੇ ਤਲਵੰਡੀ ਸਾਬੋ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਵੀ ਪ੍ਰੀਤ ਸਿੰਘ ਸਿੱਧੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਰਹੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ 50 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ।

ਰਵੀ ਪ੍ਰੀਤ ਸਿੰਘ ਸਿੱਧੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਲਈ ਗਤਕੇ ਵਰਗੀਆਂ ਰਵਾਇਤੀ ਖੇਡਾਂ ਨੂੰ ਵੱਧ ਤੋਂ ਵੱਧ ਪ੍ਰਫੁੱਲਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਖੇਡਾਂ ਨੌਜਵਾਨਾਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਦੇ ਨਾਲ-ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਹਿੰਮਤ ਅਤੇ ਖੇਡ ਭਾਵਨਾ ਵੀ ਪੈਦਾ ਕਰਦੀਆਂ ਹਨ।

ਗਤਕਾ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਨੇ ਇਸ ਮੌਕੇ ਪੰਜਾਬ ਗਤਕਾ ਐਸੋਸੀਏਸ਼ਨ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਉਨ੍ਹਾਂ ਚੈਂਪੀਅਨਸ਼ਿਪ ਦੇ ਸੁਚੱਜੇ ਪ੍ਰਬੰਧਾਂ ਲਈ ਸਹਿਯੋਗ ਦੇਣ ਵਾਲੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਵੀ ਕੀਤਾ।

ਬਲਜਿੰਦਰ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਸਹਿਯੋਗ ਨਾਲ ਗਤਕੇ ਨੂੰ ਹੋਰ ਵੱਡੇ ਪੱਧਰ 'ਤੇ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਇਸ ਰਵਾਇਤੀ ਖੇਡ ਨਾਲ ਜੋੜਨ ਵਿੱਚ ਮਦਦ ਮਿਲਦੀ ਹੈ।

ਚਾਰ ਰੋਜ਼ਾ ਇਸ ਚੈਂਪੀਅਨਸ਼ਿਪ ਦੌਰਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪਹੁੰਚੇ 1000 ਤੋਂ ਵੱਧ ਖਿਡਾਰੀ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਵਰਗਾਂ ਵਿੱਚ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕਰਨਗੇ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸ਼ੁਰੂ ਹੋਈ ਇਹ ਚੈਂਪੀਅਨਸ਼ਿਪ ਗਤਕੇ ਨੂੰ ਪ੍ਰਫੁੱਲਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਸਿੱਖ ਮਾਰਸ਼ਲ ਪਰੰਪਰਾ ਨਾਲ ਜੋੜਨ ਵੱਲ ਇੱਕ ਅਹਿਮ ਕਦਮ ਮੰਨੀ ਜਾ ਰਹੀ ਹੈ।





## ਸਿਹਤ-ਸੰਭਾਲ





# ਸੱਪ ਦੇ ਡੰਗ ਨੂੰ ਕੀੜੇ ਦੇ ਕੱਟਣ ਤੋਂ ਪਛਾਣਨਾ ਕਿਉਂ ਮੁਸ਼ਕਲ? ਜਾਣੋ ਡੰਗ ਮਗਰੋਂ ਕੀ ਕਰਨਾ ਹੈ ਤੇ ਕਿਹੜੀਆਂ ਗਲਤੀਆਂ ਤੋਂ ਬਚਣਾ ਹੈ

ਮਾਨਸੂਨ ਵਿੱਚ ਸੱਪ ਦੇ ਡੰਗਣ ਦੀਆਂ ਘਟਨਾਵਾਂ ਵਧੀਆਂ; ਲੁਧਿਆਣਾ ਦੇ ਪਿੰਡ ਬੱਸੀਆਂ ਵਿੱਚ ਦੋ ਮਾਸੂਮ ਭੈਣ-ਭਰਾ ਦੀ ਮੌਤ ਨੇ ਵਧਾਈ ਚਿੰਤਾ, ਮਾਹਿਰਾਂ ਨੇ ਦੱਸੀਆਂ ਅਹਿਮ ਸਾਵਧਾਨੀਆਂ

ਹਰ ਸਾਲ ਮਾਨਸੂਨ ਦੇ ਮੌਸਮ ਵਿੱਚ ਸੱਪ ਦੇ ਡੰਗਣ ਦੀਆਂ ਘਟਨਾਵਾਂ ਵਧਣ ਲੱਗਦੀਆਂ ਹਨ। ਮੀਂਹ ਅਤੇ ਪਾਣੀ ਕਾਰਨ ਸੱਪ ਆਪਣੇ ਠਿਕਾਣਿਆਂ ਤੋਂ ਬਾਹਰ ਨਿਕਲ ਕੇ ਅਕਸਰ ਰਿਹਾਇਸ਼ੀ ਇਲਾਕਿਆਂ ਅਤੇ ਘਰਾਂ ਦੇ ਨੇੜੇ ਪਹੁੰਚ ਜਾਂਦੇ ਹਨ। ਅਜਿਹੇ ਵਿੱਚ ਸੱਪ ਦੇ ਡੰਗਣ ਦੀਆਂ ਘਟਨਾਵਾਂ ਦਾ ਖ਼ਤਰਾ ਵੀ ਵਧ ਜਾਂਦਾ ਹੈ।

ਅਜਿਹੀ ਹੀ ਇੱਕ ਦਰਦਨਾਕ ਘਟਨਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੱਸੀਆਂ ਵਿੱਚ ਵਾਪਰੀ, ਜਿੱਥੇ ਸੱਪ ਦੇ ਡੰਗਣ ਕਾਰਨ ਦੋ ਭੈਣ-ਭਰਾ ਦੀ ਮੌਤ ਹੋ ਗਈ। ਰੱਖੜੀ ਵਾਲੇ ਦਿਨ ਅੱਠ ਸਾਲਾ ਜੋਬਨਪ੍ਰੀਤ ਅਤੇ ਛੇ ਸਾਲਾ ਉਸ ਦੀ ਭੈਣ ਜਸਪ੍ਰੀਤ ਦੀ ਸੱਪ ਦੇ ਡੰਗਣ ਕਾਰਨ ਮੌਤ ਹੋ ਗਈ ਸੀ। ਦੋਵੇਂ ਭੈਣ-ਭਰਾ ਆਪਣੀ ਦਾਦੀ ਦੇ ਕੋਲ ਘਰ ਦੇ ਕਮਰਿਆਂ ਤੋਂ ਬਾਹਰ ਸੁੱਤੇ ਹੋਏ ਸਨ।

ਰਾਤ ਕਰੀਬ ਤਿੰਨ ਵਜੇ ਜੋਬਨਪ੍ਰੀਤ ਨੇ ਆਪਣੀ ਦਾਦੀ ਨੂੰ ਸ਼ਿਕਾਇਤ ਕੀਤੀ ਕਿ ਉਸ ਨੂੰ ਕਿਸੇ ਚੀਜ਼ ਨੇ ਕੱਟਿਆ ਹੈ। ਪਰਿਵਾਰ ਨੇ ਪਹਿਲਾਂ ਸਮਝਿਆ ਕਿ ਸ਼ਾਇਦ ਕਿਸੇ ਕੀੜੇ ਜਾਂ ਮੱਛਰ ਨੇ ਕੱਟਿਆ ਹੋਵੇਗਾ। ਕੁਝ ਸਮੇਂ ਬਾਅਦ ਜਸਪ੍ਰੀਤ ਨੇ ਵੀ ਕਿਸੇ ਚੀਜ਼ ਵੱਲੋਂ ਕੱਟੇ ਜਾਣ ਦੀ ਸ਼ਿਕਾਇਤ ਕੀਤੀ।

ਇਸ ਦੌਰਾਨ ਜਦੋਂ ਦੋਵੇਂ ਬੱਚਿਆਂ ਦੀ ਹਾਲਤ ਵਿਗੜਨੀ ਸ਼ੁਰੂ ਹੋਈ ਅਤੇ ਘਟਨਾ ਵਾਲੀ ਥਾਂ ਦੇ ਨੇੜੇ ਸੱਪ ਵੀ ਨਜ਼ਰ ਆਇਆ ਤਾਂ ਪਰਿਵਾਰ ਤੁਰੰਤ ਬੱਚਿਆਂ ਨੂੰ ਹਸਪਤਾਲ ਲੈ ਕੇ ਗਿਆ।

ਜਸਪ੍ਰੀਤ ਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮੌਤ ਹੋ ਗਈ, ਜਦਕਿ ਜੋਬਨਪ੍ਰੀਤ ਨੇ ਲੁਧਿਆਣਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਦੌਰਾਨ ਦਮ ਤੋੜ ਦਿੱਤਾ।

### ਭਾਰਤ ਵਿੱਚ ਹਰ ਸਾਲ ਲੱਖਾਂ ਲੋਕਾਂ ਨੂੰ ਸੱਪ ਡੰਗਦੇ ਹਨ

ਕੇਂਦਰ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਮੁਤਾਬਕ ਭਾਰਤ ਵਿੱਚ ਹਰ ਸਾਲ ਅੰਦਾਜ਼ਨ 30 ਤੋਂ 40 ਲੱਖ ਸੱਪ ਦੇ ਡੰਗਣ ਦੇ ਮਾਮਲੇ ਸਾਹਮਣੇ ਆਉਂਦੇ ਹਨ। ਇਨ੍ਹਾਂ ਵਿੱਚੋਂ ਲਗਭਗ 50 ਹਜ਼ਾਰ ਲੋਕਾਂ ਦੀ ਮੌਤ ਹੋ ਜਾਂਦੀ ਹੈ।

ਇਹ ਅੰਕੜਾ ਦੁਨੀਆ ਭਰ ਵਿੱਚ ਸੱਪ ਦੇ ਡੰਗ ਨਾਲ ਹੋਣ ਵਾਲੀਆਂ ਕੁੱਲ ਮੌਤਾਂ ਦਾ ਲਗਭਗ ਅੱਧਾ ਹੈ। ਇਸ ਲਈ ਸੱਪ ਦੇ ਡੰਗ ਨੂੰ ਸਿਰਫ਼ ਆਮ ਕੱਟ ਸਮਝ ਕੇ ਨਜ਼ਰਅੰਦਾਜ਼ ਕਰਨਾ ਜਾਨਲੇਵਾ ਸਾਬਤ ਹੋ ਸਕਦਾ ਹੈ।

### ਪੰਜਾਬ ਵਿੱਚ ਕਿਹੜੇ ਜ਼ਹਿਰੀਲੇ ਸੱਪ ਮਿਲਦੇ ਹਨ?

ਨਵਾਂ ਸ਼ਹਿਰ ਦੇ ਰਹਿਣ ਵਾਲੇ ਨਿਖਿਲ ਸਾਂਗਰ ਨੂੰ ਸੱਪਾਂ ਨੂੰ ਬਚਾਉਣ ਅਤੇ ਸੁਰੱਖਿਅਤ ਥਾਵਾਂ ’ਤੇ ਪਹੁੰਚਾਉਣ ਦਾ ਇੱਕ ਦਹਾਕੇ ਤੋਂ ਵੱਧ ਦਾ ਤਜਰਬਾ ਹੈ। ਇਸ ਦੌਰਾਨ ਉਹ ਹਜ਼ਾਰਾਂ ਸੱਪਾਂ ਨੂੰ ਬਚਾ ਚੁੱਕੇ ਹਨ। ਉਹ ਪੰਜਾਬ ਦੇ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਨਾਲ ਵੀ ਲੰਬੇ ਸਮੇਂ ਤੱਕ ਕੰਮ ਕਰ ਚੁੱਕੇ ਹਨ।

ਨਿਖਿਲ ਸਾਂਗਰ ਮੁਤਾਬਕ ਪੰਜਾਬ ਵਿੱਚ ਸੱਪਾਂ ਦੀਆਂ ਚਾਰ ਪ੍ਰਜਾਤੀਆਂ ਮਨੁੱਖਾਂ ਲਈ ਜਾਨਲੇਵਾ ਹੋ ਸਕਦੀਆਂ ਹਨ। ਇਨ੍ਹਾਂ ਵਿੱਚ ਕੋਬਰਾ, ਕਾਮਨ ਕਰੇਟ, ਰਸਲਜ਼ ਵਾਈਪਰ ਅਤੇ ਸਾਅ-ਸਕੇਲਡ ਵਾਈਪਰ ਸ਼ਾਮਲ ਹਨ।

ਹਾਲਾਂਕਿ ਪੰਜਾਬ ਵਿੱਚ ਮਿਲਣ ਵਾਲਾ ਹਰ ਸੱਪ ਜ਼ਹਿਰੀਲਾ ਨਹੀਂ ਹੁੰਦਾ ਅਤੇ ਹਰ ਸੱਪ ਦਾ ਡੰਗ ਵੀ ਜਾਨਲੇਵਾ ਨਹੀਂ ਹੁੰਦਾ, ਪਰ ਸੱਪ ਦੇ ਡੰਗ ਦੀ ਸਥਿਤੀ ਵਿੱਚ ਖ਼ਤਰਾ ਮੰਨ ਕੇ ਤੁਰੰਤ ਡਾਕਟਰੀ ਸਹਾਇਤਾ ਲੈਣਾ ਬਹੁਤ ਜ਼ਰੂਰੀ ਹੈ।

### ਸੱਪ ਦੇ ਡੰਗਣ ਮਗਰੋਂ ਸਭ ਤੋਂ ਜ਼ਰੂਰੀ ਕੰਮ ਕੀ ਹੈ?

ਮਾਹਿਰਾਂ ਮੁਤਾਬਕ ਸੱਪ ਦਾ ਡੰਗਣਾ ਇੱਕ ਡਾਕਟਰੀ ਐਮਰਜੈਂਸੀ ਹੈ। ਪੰਜਾਬ ਵਿੱਚ ਜਾਨਲੇਵਾ ਜ਼ਹਿਰੀਲੇ ਸੱਪ ਮੌਜੂਦ ਹਨ, ਇਸ ਲਈ ਡੰਗੇ ਜਾਣ ਤੋਂ ਬਾਅਦ ਘਰ ਵਿੱਚ ਇਲਾਜ ਕਰਨ ਜਾਂ ਕਿਸੇ ਰਵਾਇਤੀ ਤਰੀਕੇ ’ਤੇ ਭਰੋਸਾ ਕਰਨ ਦੀ ਬਜਾਏ ਮਰੀਜ਼ ਨੂੰ ਜਿੰਨੀ ਜਲਦੀ ਹੋ ਸਕੇ ਹਸਪਤਾਲ ਪਹੁੰਚਾਉਣਾ ਚਾਹੀਦਾ ਹੈ।

ਸਮਾਣਾ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰੀ ਅਧਿਕਾਰੀ ਵਜੋਂ ਤਾਇਨਾਤ ਡਾ. ਦੀਪਕ ਮੌਂਗੀਆ ਦੱਸਦੇ ਹਨ ਕਿ ਸੱਪ ਦੇ ਡੰਗੇ ਜਾਣ ਮਗਰੋਂ ਸਭ ਤੋਂ ਜ਼ਰੂਰੀ ਕੰਮ ਹਸਪਤਾਲ ਪਹੁੰਚਣਾ ਹੈ। ਸੱਪ ਦੇ ਜ਼ਹਿਰ ਦੇ ਇਲਾਜ ਲਈ ਜ਼ਹਿਰ ਵਿਰੋਧੀ ਟੀਕਾ, ਜਿਸ ਨੂੰ ਐਂਟੀ-ਸਨੇਕ ਵੈਨਮ ਵੀ ਕਿਹਾ ਜਾਂਦਾ ਹੈ, ਸਭ ਤੋਂ ਮਹੱਤਵਪੂਰਨ ਇਲਾਜਾਂ ਵਿੱਚੋਂ ਇੱਕ ਹੈ। ਉਨ੍ਹਾਂ ਮੁਤਾਬਕ ਇਹ ਇਲਾਜ ਜਿੰਨੀ ਜਲਦੀ ਮਿਲੇ, ਮਰੀਜ਼ ਲਈ ਉਨਾ ਹੀ ਬਿਹਤਰ ਹੁੰਦਾ ਹੈ।

ਲੁਧਿਆਣਾ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਖੀਲ ਸਰੀਨ ਦੱਸਦੇ ਹਨ ਕਿ ਸੱਪ ਦੇ ਜ਼ਹਿਰ ਦੇ ਲੱਛਣ ਕਿੰਨੇ ਸਮੇਂ ਵਿੱਚ ਸਾਹਮਣੇ ਆਉਣਗੇ, ਜ਼ਹਿਰ ਦਾ ਪ੍ਰਭਾਵ ਕਦੋਂ ਸ਼ੁਰੂ ਹੋਵੇਗਾ ਅਤੇ ਜ਼ਹਿਰ ਵਿਰੋਧੀ ਟੀਕੇ ਦੀ ਲੋੜ ਕਦੋਂ ਪਵੇਗੀ, ਇਹ ਸੱਪ ਦੀ ਕਿਸਮ ਦੇ ਨਾਲ-ਨਾਲ ਮਰੀਜ਼ ਦੀ ਉਮਰ, ਸਿਹਤ ਅਤੇ ਰੋਗ ਪ੍ਰਤੀਰੋਧਕ ਸਮਰੱਥਾ ’ਤੇ ਨਿਰਭਰ ਕਰਦਾ ਹੈ।

### ਡਾਕਟਰੀ ਸਹਾਇਤਾ ਮਿਲਣ ਤੱਕ ਕੀ ਕਰਨਾ ਚਾਹੀਦਾ ਹੈ?

ਕੌਮੀ ਸਿਹਤ ਮਿਸ਼ਨ ਦੀ ਮਿਆਰੀ ਕਾਰਜ ਪ੍ਰਣਾਲੀ ਅਤੇ ਡਾਕਟਰਾਂ ਮੁਤਾਬਕ ਸੱਪ ਦੇ ਡੰਗੇ ਵਿਅਕਤੀ ਨੂੰ ਹਸਪਤਾਲ ਲਿਜਾਣ ਤੋਂ ਪਹਿਲਾਂ ਕੁਝ ਮੁੱਖ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ।

ਮਰੀਜ਼ ਨੂੰ ਸ਼ਾਂਤ ਰੱਖੋ।
ਘਬਰਾਹਟ ਅਤੇ ਜ਼ਿਆਦਾ ਹਿਲਜੁਲ ਤੋਂ ਬਚਾਓ।
ਮਰੀਜ਼ ਨੂੰ ਦੌੜਨ ਜਾਂ ਤੁਰਨ ਲਈ ਮਜਬੂਰ ਨਾ ਕਰੋ।
ਡੰਗੇ ਹੋਏ ਅੰਗ ਨੂੰ ਘੱਟ ਤੋਂ ਘੱਟ ਹਿਲਾਓ।
ਜਿਸ ਹੱਥ ਜਾਂ ਪੈਰ ’ਤੇ ਸੱਪ ਨੇ ਡੰਗਿਆ ਹੈ, ਉਸ ਨੂੰ ਬੇਲੋੜਾ ਨਾ ਹਿਲਾਓ।
ਅੰਗ ਨੂੰ ਕਿਸੇ ਸਹਾਰੇ ਨਾਲ ਇਸ ਤਰ੍ਹਾਂ ਸਥਿਰ ਰੱਖੋ ਕਿ ਖ਼ੂਨ ਦੀ ਸਪਲਾਈ ਨਾ ਰੁਕੇ।
ਡੰਗੇ ਹੋਏ ਅੰਗ ਤੋਂ ਗਹਿਣੇ, ਅੰਗੂਠੀਆਂ, ਕੜੇ, ਜੁੱਤੇ, ਘੜੀ ਅਤੇ ਤੰਗ ਕੱਪੜੇ ਹਟਾ ਦਿਓ। ਬਾਅਦ ਵਿੱਚ ਸੋਜ ਆਉਣ ਕਾਰਨ ਇਹ ਚੀਜ਼ਾਂ ਸਮੱਸਿਆ ਪੈਦਾ ਕਰ ਸਕਦੀਆਂ ਹਨ।
ਜ਼ਖ਼ਮ ਨੂੰ ਨਾ ਢੱਕੋ।
ਮਰੀਜ਼ ਨੂੰ ਖੱਬੇ ਪਾਸੇ ਵੱਲ ਟੇਢਾ ਪਾਓ। ਇਸ ਦੌਰਾਨ ਸਿਰ ਨੂੰ ਹੇਠਲੇ ਹੱਥ ਦਾ ਸਹਾਰਾ ਦਿੱਤਾ ਜਾ ਸਕਦਾ ਹੈ ਅਤੇ ਸੱਜੀ ਲੱਤ ਨੂੰ ਮੋੜ ਕੇ ਰੱਖਿਆ ਜਾ ਸਕਦਾ ਹੈ।

### ਸੱਪ ਦੇ ਡੰਗਣ ਮਗਰੋਂ ਕੀ ਬਿਲਕੁਲ ਨਹੀਂ ਕਰਨਾ ਚਾਹੀਦਾ?

ਕੌਮੀ ਸਿਹਤ ਮਿਸ਼ਨ ਦੀ ਮਿਆਰੀ ਕਾਰਜ ਪ੍ਰਣਾਲੀ ਮੁਤਾਬਕ ਡੰਗ ਵਾਲੀ ਥਾਂ ’ਤੇ ਰੱਸੀ ਜਾਂ ਕੱਪੜਾ ਕੱਸ ਕੇ ਨਹੀਂ ਬੰਨ੍ਹਣਾ ਚਾਹੀਦਾ। ਇਸ ਨਾਲ ਖ਼ੂਨ ਦੀ ਸਪਲਾਈ ਰੁਕ ਸਕਦੀ ਹੈ ਅਤੇ ਪ੍ਰਭਾਵਿਤ ਅੰਗ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਜ਼ਖ਼ਮ ਨੂੰ ਬਲੇਡ, ਚਾਕੂ ਜਾਂ ਕਿਸੇ ਹੋਰ ਚੀਜ਼ ਨਾਲ ਨਹੀਂ ਕੱਟਣਾ ਚਾਹੀਦਾ। ਇਸੇ ਤਰ੍ਹਾਂ ਜ਼ਖ਼ਮ ਵਿੱਚੋਂ ਜ਼ਹਿਰ ਚੂਸਣ ਦੀ ਕੋਸ਼ਿਸ਼ ਵੀ ਨਹੀਂ ਕਰਨੀ ਚਾਹੀਦੀ।

ਡੰਗ ਵਾਲੀ ਥਾਂ ’ਤੇ ਬਰਫ਼, ਸੇਕ, ਬਿਜਲੀ ਜਾਂ ਕਿਸੇ ਰਸਾਇਣ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਅਜਿਹੇ ਤਰੀਕੇ ਮਰੀਜ਼ ਨੂੰ ਹੋਰ ਨੁਕਸਾਨ ਪਹੁੰਚਾ ਸਕਦੇ ਹਨ।

ਡਾ. ਦੀਪਕ ਮੌਂਗੀਆ ਮੁਤਾਬਕ ਤਾਂਤਰਿਕਾਂ, ਬਾਬਿਆਂ ਜਾਂ ਝਾੜ-ਫੂਕ ਦੇ ਚੱਕਰ ਵਿੱਚ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਸੱਪ ਦੇ ਜ਼ਹਿਰ ਦਾ ਵਿਗਿਆਨਕ ਇਲਾਜ ਹਸਪਤਾਲ ਵਿੱਚ ਹੀ ਹੁੰਦਾ ਹੈ ਅਤੇ ਰਵਾਇਤੀ ਇਲਾਜ ਦੇ ਤਰੀਕਿਆਂ ਦੇ ਪ੍ਰਭਾਵਸ਼ਾਲੀ ਹੋਣ ਦਾ ਕੋਈ ਵਿਗਿਆਨਕ ਸਬੂਤ ਮੌਜੂਦ ਨਹੀਂ ਹੈ।

### ਕਿਹੜੇ ਲੱਛਣਾਂ ’ਤੇ ਖਾਸ ਧਿਆਨ ਦੇਣਾ ਚਾਹੀਦਾ ਹੈ?

ਡਾ. ਮੌਂਗੀਆ ਮੁਤਾਬਕ ਸੱਪ ਦੇ ਡੰਗਣ ਤੋਂ ਬਾਅਦ ਹੇਠ ਲਿਖੇ ਲੱਛਣਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ:

ਡੰਗ ਵਾਲੀ ਥਾਂ ’ਤੇ ਦਰਦ
ਵਧਦੀ ਹੋਈ ਸੋਜ
ਖ਼ੂਨ ਵਗਣਾ
ਛਾਲੇ ਪੈਣਾ
ਅੱਖਾਂ ਦੀਆਂ ਪਲਕਾਂ ਥੱਲੇ ਡਿੱਗਣਾ
ਧੁੰਦਲਾ ਜਾਂ ਦੋਹਰਾ ਦਿਖਾਈ ਦੇਣਾ
ਬੋਲਣ ਵਿੱਚ ਦਿੱਕਤ
ਨਿਗਲਣ ਵਿੱਚ ਮੁਸ਼ਕਲ
ਸਾਹ ਲੈਣ ਵਿੱਚ ਦਿੱਕਤ
ਮਾਸਪੇਸ਼ੀਆਂ ਵਿੱਚ ਕਮਜ਼ੋਰੀ
ਨੱਕ, ਮਸੂੜਿਆਂ ਜਾਂ ਸਰੀਰ ਦੇ ਹੋਰ ਹਿੱਸਿਆਂ ਤੋਂ ਖ਼ੂਨ ਵਗਣਾ

ਡਾਕਟਰਾਂ ਮੁਤਾਬਕ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਨਜ਼ਰ ਆਉਣ ’ਤੇ ਹਾਲਾਤ ਖ਼ਤਰਨਾਕ ਹੋ ਸਕਦੇ ਹਨ। ਹਾਲਾਂਕਿ ਲੱਛਣ ਨਾ ਹੋਣ ਦੀ ਸਥਿਤੀ ਵਿੱਚ ਵੀ ਸੱਪ ਦੇ ਡੰਗੇ ਵਿਅਕਤੀ ਨੂੰ ਹਸਪਤਾਲ ਲਿਜਾਣਾ ਜ਼ਰੂਰੀ ਹੈ।

ਡਾ. ਮੌਂਗੀਆ ਕਹਿੰਦੇ ਹਨ ਕਿ ਸੱਪ ਜ਼ਹਿਰੀਲਾ ਨਾ ਵੀ ਹੋਵੇ ਤਾਂ ਵੀ ਮਰੀਜ਼ ਨੂੰ ਹਸਪਤਾਲ ਲੈ ਕੇ ਜਾਣਾ ਚਾਹੀਦਾ ਹੈ। ਇਹ ਫ਼ੈਸਲਾ ਡਾਕਟਰ ਜਾਂ ਹਸਪਤਾਲ ’ਤੇ ਛੱਡਣਾ ਚਾਹੀਦਾ ਹੈ ਕਿ ਮਰੀਜ਼ ਨੂੰ ਕਿਸ ਤਰ੍ਹਾਂ ਦੇ ਇਲਾਜ ਦੀ ਲੋੜ ਹੈ ਜਾਂ ਨਹੀਂ।

ਉਨ੍ਹਾਂ ਅਨੁਸਾਰ ਕੁਝ ਜ਼ਹਿਰੀਲੇ ਸੱਪਾਂ ਦੇ ਡੰਗ ਦੇ ਲੱਛਣ ਦੇਰ ਨਾਲ ਵੀ ਵਿਕਸਿਤ ਹੋ ਸਕਦੇ ਹਨ। ਇਸ ਲਈ ਜੇ ਸ਼ੁਰੂਆਤ ਵਿੱਚ ਮਰੀਜ਼ ਆਪਣੇ ਆਪ ਨੂੰ ਠੀਕ ਮਹਿਸੂਸ ਕਰ ਰਿਹਾ ਹੋਵੇ, ਤਾਂ ਵੀ ਹਸਪਤਾਲ ਜਾਣਾ ਜ਼ਰੂਰੀ ਹੈ।

### ਹਸਪਤਾਲ ਵਿੱਚ ਮਰੀਜ਼ ਦਾ ਕੀ ਇਲਾਜ ਹੁੰਦਾ ਹੈ?

ਲੁਧਿਆਣਾ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਖੀਲ ਸਰੀਨ ਦੱਸਦੇ ਹਨ ਕਿ ਹਸਪਤਾਲ ਪਹੁੰਚਣ ’ਤੇ ਸਭ ਤੋਂ ਪਹਿਲਾਂ ਮਰੀਜ਼ ਨੂੰ ਐਮਰਜੈਂਸੀ ਵਿਭਾਗ ਵਿੱਚ ਲਿਜਾਇਆ ਜਾਂਦਾ ਹੈ। ਉੱਥੇ ਹੀ ਮਰੀਜ਼ ਦੇ ਇਲਾਜ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਹੈ।

ਡਾਕਟਰ ਸਭ ਤੋਂ ਪਹਿਲਾਂ ਮਰੀਜ਼ ਦੀ ਜਾਂਚ ਕਰਦੇ ਹਨ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਡੰਗ ਜ਼ਹਿਰੀਲਾ ਹੈ ਜਾਂ ਨਹੀਂ। ਇਸ ਤੋਂ ਬਾਅਦ ਮਰੀਜ਼ ਦੀ ਸਥਿਤੀ ਅਤੇ ਲੱਛਣਾਂ ਮੁਤਾਬਕ ਇਲਾਜ ਕੀਤਾ ਜਾਂਦਾ ਹੈ।

ਉਨ੍ਹਾਂ ਮੁਤਾਬਕ ਸੱਪ ਦੇ ਡੰਗ ਦੇ ਇਲਾਜ ਲਈ ਜ਼ਹਿਰ ਵਿਰੋਧੀ ਟੀਕਾ ਉਨ੍ਹਾਂ ਸਰਕਾਰੀ ਹਸਪਤਾਲਾਂ ਵਿੱਚ ਉਪਲਬਧ ਹੁੰਦਾ ਹੈ, ਜਿੱਥੇ ਐਮਰਜੈਂਸੀ ਵਿਭਾਗ ਮੌਜੂਦ ਹੁੰਦਾ ਹੈ।

ਜੇ ਡੰਗ ਜ਼ਹਿਰੀਲਾ ਹੋਵੇ ਅਤੇ ਮਰੀਜ਼ ਵਿੱਚ ਜ਼ਹਿਰ ਦੇ ਪ੍ਰਭਾਵ ਦੇ ਲੱਛਣ ਦਿਖਾਈ ਦੇਣ ਤਾਂ ਐਂਟੀ-ਸਨੇਕ ਵੈਨਮ ਦਿੱਤਾ ਜਾਂਦਾ ਹੈ। ਇਹ ਸੱਪ ਦੇ ਜ਼ਹਿਰ ਦੇ ਗੰਭੀਰ ਪ੍ਰਭਾਵਾਂ ਦੇ ਇਲਾਜ ਲਈ ਵਿਸ਼ੇਸ਼ ਇਲਾਜ ਹੈ।

ਜੇਕਰ ਮਰੀਜ਼ ਦੀ ਹਾਲਤ ਗੰਭੀਰ ਹੋਵੇ ਅਤੇ ਸਿਰਫ਼ ਜ਼ਹਿਰ ਵਿਰੋਧੀ ਟੀਕੇ ਨਾਲ ਸਥਿਤੀ ਕਾਬੂ ਵਿੱਚ ਨਾ ਆਵੇ ਤਾਂ ਉਸ ਨੂੰ ਜੀਵਨ-ਰੱਖਿਆ ਸਹਾਇਕ ਪ੍ਰਬੰਧ ’ਤੇ ਰੱਖਿਆ ਜਾ ਸਕਦਾ ਹੈ। ਇਸ ਦੌਰਾਨ ਜ਼ਹਿਰ ਕਾਰਨ ਪੈਦਾ ਹੋਏ ਲੱਛਣਾਂ ਅਤੇ ਸਰੀਰ ਦੇ ਪ੍ਰਭਾਵਿਤ ਅੰਗਾਂ ਦੀ ਸਹਾਇਤਾ ਲਈ ਇਲਾਜ ਕੀਤਾ ਜਾਂਦਾ ਹੈ।

### ਕੀੜੇ ਦੇ ਕੱਟਣ ਅਤੇ ਸੱਪ ਦੇ ਡੰਗ ਵਿੱਚ ਕੀ ਫ਼ਰਕ ਹੁੰਦਾ ਹੈ?

ਡਾ. ਦੀਪਕ ਮੌਂਗੀਆ ਮੁਤਾਬਕ ਸੱਪਾਂ ਦੇ ਡੰਗ ਦੇ ਨਿਸ਼ਾਨ ਹਰ ਵਾਰ ਇੱਕੋ ਜਿਹੇ ਨਹੀਂ ਹੁੰਦੇ। ਕਈ ਵਾਰ ਡੰਗ ਦੇ ਚਾਰ ਨਿਸ਼ਾਨ ਦਿਖਾਈ ਦੇ ਸਕਦੇ ਹਨ, ਕਈ ਵਾਰ ਦੋ ਅਤੇ ਕਈ ਵਾਰ ਸਿਰਫ਼ ਇੱਕ ਨਿਸ਼ਾਨ ਵੀ ਹੋ ਸਕਦਾ ਹੈ।

ਇਸ ਲਈ ਆਮ ਵਿਅਕਤੀ ਲਈ ਸਿਰਫ਼ ਡੰਗ ਦੇ ਨਿਸ਼ਾਨ ਨੂੰ ਦੇਖ ਕੇ ਇਹ ਪਛਾਣਨਾ ਮੁਸ਼ਕਲ ਹੁੰਦਾ ਹੈ ਕਿ ਕਿਸ ਕਿਸਮ ਦੇ ਸੱਪ ਨੇ ਡੰਗਿਆ ਹੈ। ਇਹ ਪਛਾਣ ਮਾਹਿਰਾਂ ਅਤੇ ਡਾਕਟਰਾਂ ਵੱਲੋਂ ਮਰੀਜ਼ ਦੀ ਸਥਿਤੀ ਅਤੇ ਹੋਰ ਲੱਛਣਾਂ ਨੂੰ ਦੇਖ ਕੇ ਕੀਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਮੱਛਰ ਜਾਂ ਕਿਸੇ ਕੀੜੇ ਦੇ ਕੱਟਣ ਦਾ ਭੁਲੇਖਾ ਖਾਸ ਤੌਰ ’ਤੇ ਕਾਮਨ ਕਰੇਟ ਦੇ ਡੰਗ ਤੋਂ ਪੈ ਸਕਦਾ ਹੈ। ਕਾਮਨ ਕਰੇਟ ਦੇ ਡੰਗ ਦਾ ਨਿਸ਼ਾਨ ਬਹੁਤ ਪਤਲਾ ਹੁੰਦਾ ਹੈ। ਕਈ ਵਾਰ ਇਸ ਨੂੰ ਦੇਖਣਾ ਵੀ ਮੁਸ਼ਕਲ ਹੋ ਜਾਂਦਾ ਹੈ।

ਕਈ ਮਾਮਲਿਆਂ ਵਿੱਚ ਡੰਗ ਦਾ ਨਿਸ਼ਾਨ ਸਿਰਫ਼ ਇੱਕ ਝਰੀਟ ਵਰਗਾ ਦਿਖਾਈ ਦੇ ਸਕਦਾ ਹੈ ਅਤੇ ਕਈ ਵਾਰ ਇਹ ਸਪੱਸ਼ਟ ਤੌਰ ’ਤੇ ਨਜ਼ਰ ਵੀ ਨਹੀਂ ਆਉਂਦਾ। ਇਸੇ ਕਰਕੇ ਸਿਰਫ਼ ਜ਼ਖ਼ਮ ਦੇ ਨਿਸ਼ਾਨ ਨੂੰ ਦੇਖ ਕੇ ਇਹ ਮੰਨ ਲੈਣਾ ਕਿ ਕੀੜੇ ਨੇ ਕੱਟਿਆ ਹੈ, ਖ਼ਤਰਨਾਕ ਹੋ ਸਕਦਾ ਹੈ।

### ਮਾਨਸੂਨ ਵਿੱਚ ਸੱਪ ਦੇ ਡੰਗਣ ਦੀਆਂ ਘਟਨਾਵਾਂ ਕਿਉਂ ਵਧਦੀਆਂ ਹਨ?

ਸੱਪਾਂ ਨੂੰ ਬਚਾਉਣ ਦਾ ਲੰਬਾ ਤਜਰਬਾ ਰੱਖਣ ਵਾਲੇ ਨਿਖਿਲ ਸਾਂਗਰ ਦੱਸਦੇ ਹਨ ਕਿ ਮਾਨਸੂਨ ਸੱਪਾਂ ਦੇ ਪ੍ਰਜਨਨ ਦਾ ਸਮਾਂ ਹੁੰਦਾ ਹੈ। ਇਸ ਕਾਰਨ ਇਨ੍ਹਾਂ ਦਿਨਾਂ ਵਿੱਚ ਆਮ ਦਿਨਾਂ ਦੇ ਮੁਕਾਬਲੇ ਸੱਪਾਂ ਦੀ ਸਰਗਰਮੀ ਅਤੇ ਗਿਣਤੀ ਵਧੀ ਹੋਈ ਨਜ਼ਰ ਆ ਸਕਦੀ ਹੈ।

ਇਸੇ ਤਰ੍ਹਾਂ ਮਾਨਸੂਨ ਦੌਰਾਨ ਕੀੜੇ-ਮਕੌੜਿਆਂ ਦੀ ਗਿਣਤੀ ਵੀ ਵਧ ਜਾਂਦੀ ਹੈ। ਸੱਪ ਕੀੜਿਆਂ ਅਤੇ ਹੋਰ ਜੀਵਾਂ ਦਾ ਪਿੱਛਾ ਕਰਦਿਆਂ ਰਿਹਾਇਸ਼ੀ ਇਲਾਕਿਆਂ ਵਿੱਚ ਵੀ ਪਹੁੰਚ ਸਕਦੇ ਹਨ।

ਇਸ ਲਈ ਮਾਨਸੂਨ ਦੌਰਾਨ ਘਰਾਂ ਦੇ ਆਲੇ-ਦੁਆਲੇ ਸਫ਼ਾਈ ਰੱਖਣ, ਰਾਤ ਸਮੇਂ ਸਾਵਧਾਨ ਰਹਿਣ ਅਤੇ ਸੱਪ ਨਜ਼ਰ ਆਉਣ ’ਤੇ ਉਸ ਦੇ ਨੇੜੇ ਜਾਣ ਜਾਂ ਉਸ ਨੂੰ ਫੜਨ ਦੀ ਕੋਸ਼ਿਸ਼ ਕਰਨ ਦੀ ਬਜਾਏ ਮਾਹਿਰਾਂ ਦੀ ਮਦਦ ਲੈਣਾ ਜ਼ਰੂਰੀ ਹੈ।

ਸੱਪ ਦੇ ਡੰਗ ਦੀ ਸਥਿਤੀ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਘਬਰਾਉਣ ਦੀ ਬਜਾਏ ਮਰੀਜ਼ ਨੂੰ ਘੱਟ ਤੋਂ ਘੱਟ ਹਿਲਜੁਲ ਨਾਲ ਜਲਦੀ ਤੋਂ ਜਲਦੀ ਹਸਪਤਾਲ ਪਹੁੰਚਾਇਆ ਜਾਵੇ। ਘਰੇਲੂ ਨੁਸਖ਼ਿਆਂ, ਝਾੜ-ਫੂਕ ਜਾਂ ਡੰਗ ਵਾਲੀ ਥਾਂ ਨੂੰ ਕੱਟਣ ਵਰਗੇ ਤਰੀਕਿਆਂ ਵਿੱਚ ਸਮਾਂ ਗੁਆਉਣ ਦੀ ਬਜਾਏ ਤੁਰੰਤ ਡਾਕਟਰੀ ਸਹਾਇਤਾ ਲੈਣਾ ਜਾਨ ਬਚਾਉਣ ਵਿੱਚ ਸਭ ਤੋਂ ਅਹਿਮ ਕਦਮ ਹੋ ਸਕਦਾ ਹੈ।

# ਪ੍ਰਤੀ ਮਿੰਟ ਕਿੰਨੇ ਸਾਹ ਲੈਣਾ ਆਮ? ਸਾਹ ਰੋਕਣ ਵਾਲੇ ਵਾਇਰਲ ‘ਟੈਸਟ’ ਕਿੰਨੇ ਭਰੋਸੇਯੋਗ, ਜਾਣੋ ਮਾਹਿਰਾਂ ਦੀ ਰਾਇ

ਫੇਫੜਿਆਂ ਦੀ ਸਮਰੱਥਾ ਜਾਣਨ ਲਈ ਸੋਸ਼ਲ ਮੀਡੀਆ ’ਤੇ ਕੀਤੇ ਜਾਂਦੇ ਸਾਹ ਰੋਕਣ ਅਤੇ ਗੁਬਾਰੇ ਫੁਲਾਉਣ ਵਾਲੇ ਪ੍ਰੀਖਣ ਫ਼ੈਸਲਾਕੁੰਨ ਨਹੀਂ; ਕੁਝ ਲੋਕਾਂ ਲਈ ਇਹ ਖ਼ਤਰਨਾਕ ਵੀ ਹੋ ਸਕਦੇ ਹਨ

ਜੇ ਤੁਸੀਂ ਸੋਸ਼ਲ ਮੀਡੀਆ ’ਤੇ ਸਰਗਰਮ ਹੋ ਤਾਂ ਤੁਸੀਂ ਫੇਫੜਿਆਂ ਦੀ ਕਾਰਜ ਸਮਰੱਥਾ ਦੀ ਜਾਂਚ ਨਾਲ ਸਬੰਧਿਤ ਕਈ ਵਾਇਰਲ ਵੀਡੀਓ ਜ਼ਰੂਰ ਦੇਖੀਆਂ ਹੋਣਗੀਆਂ। ਇਨ੍ਹਾਂ ਵਿੱਚ ਅਕਸਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਜੇ ਕੋਈ ਵਿਅਕਤੀ 50 ਸਕਿੰਟ ਤੋਂ ਲੈ ਕੇ ਇੱਕ ਮਿੰਟ ਤੱਕ ਆਪਣਾ ਸਾਹ ਰੋਕ ਸਕਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਉਸ ਦੇ ਫੇਫੜੇ ਸਿਹਤਮੰਦ ਹਨ।

ਅਜਿਹੀਆਂ ਵੀਡੀਓਜ਼ ਦੇਖਣ ਤੋਂ ਬਾਅਦ ਕਈ ਲੋਕ ਖੁਦ ਵੀ ਇਹ ਪ੍ਰੀਖਣ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਸਵਾਲ ਇਹ ਹੈ ਕਿ ਕੀ ਕੁਝ ਸਮੇਂ ਲਈ ਸਾਹ ਰੋਕ ਕੇ ਰੱਖਣ ਨਾਲ ਅਸਲ ਵਿੱਚ ਫੇਫੜਿਆਂ ਦੀ ਸਮਰੱਥਾ ਦਾ ਪਤਾ ਲੱਗ ਸਕਦਾ ਹੈ? ਕੀ ਹਰ ਵਿਅਕਤੀ ਨੂੰ ਅਜਿਹਾ ਪ੍ਰੀਖਣ ਕਰਨਾ ਚਾਹੀਦਾ ਹੈ? ਅਤੇ ਕੀ ਇਹ ਤਰੀਕੇ ਸਿਹਤ ਲਈ ਸੁਰੱਖਿਅਤ ਹਨ?

ਇਨ੍ਹਾਂ ਸਵਾਲਾਂ ਦੇ ਜਵਾਬ ਜਾਣਨ ਤੋਂ ਪਹਿਲਾਂ ਫੇਫੜਿਆਂ ਦੇ ਕੰਮ ਅਤੇ ਸਾਹ ਲੈਣ ਦੀ ਪ੍ਰਕਿਰਿਆ ਬਾਰੇ ਕੁਝ ਬੁਨਿਆਦੀ ਜਾਣਕਾਰੀ ਸਮਝਣਾ ਜ਼ਰੂਰੀ ਹੈ।

### ਫੇਫੜਿਆਂ ਦਾ ਕੰਮ ਕੀ ਹੈ?

ਫੇਫੜੇ ਸਾਡੇ ਸਰੀਰ ਵਿੱਚ ਦੋ ਬਹੁਤ ਮਹੱਤਵਪੂਰਨ ਕੰਮ ਕਰਦੇ ਹਨ। ਪਹਿਲਾ, ਇਹ ਹਵਾ ਵਿੱਚੋਂ ਆਕਸੀਜਨ ਲੈ ਕੇ ਉਸ ਨੂੰ ਖ਼ੂਨ ਦੇ ਪ੍ਰਵਾਹ ਵਿੱਚ ਪਹੁੰਚਾਉਂਦੇ ਹਨ। ਦੂਜਾ, ਇਹ ਸਰੀਰ ਵਿੱਚ ਬਣਨ ਵਾਲੀ ਫਾਲਤੂ ਗੈਸ ਕਾਰਬਨ ਡਾਈਆਕਸਾਈਡ ਨੂੰ ਬਾਹਰ ਕੱਢਦੇ ਹਨ।

ਸਾਡੇ ਸਰੀਰ ਦੀ ਹਰ ਕੋਸ਼ਿਕਾ ਨੂੰ ਜਿਉਂਦੇ ਰਹਿਣ ਅਤੇ ਆਪਣਾ ਕੰਮ ਕਰਨ ਲਈ ਆਕਸੀਜਨ ਦੀ ਲੋੜ ਹੁੰਦੀ ਹੈ। ਫੇਫੜੇ ਆਕਸੀਜਨ ਨੂੰ ਸਰੀਰ ਵਿੱਚ ਪਹੁੰਚਾਉਣ ਅਤੇ ਕਾਰਬਨ ਡਾਈਆਕਸਾਈਡ ਨੂੰ ਬਾਹਰ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਾਹ ਬਾਹਰ ਕੱਢਣ ਸਮੇਂ ਕਾਰਬਨ ਡਾਈਆਕਸਾਈਡ ਸਰੀਰ ਵਿੱਚੋਂ ਬਾਹਰ ਨਿਕਲਦੀ ਹੈ।

ਚੇਨਈ ਦੀ ਫੇਫੜਿਆਂ ਦੀਆਂ ਬਿਮਾਰੀਆਂ ਦੀ ਮਾਹਿਰ ਅਤੇ ਨੀਂਦ ਦੌਰਾਨ ਸਾਹ ਰੁਕਣ ਦੀ ਸਮੱਸਿਆ ਦੀ ਮਾਹਿਰ ਜਯਾ ਰਮਨ ਕਹਿੰਦੇ ਹਨ, “ਸਰਲ ਸ਼ਬਦਾਂ ਵਿੱਚ ਕਹੀਏ ਤਾਂ ਫੇਫੜਿਆਂ ਦਾ ਕੰਮ ਸਾਹ ਲੈਣਾ ਅਤੇ ਛੱਡਣਾ ਹੈ। ਯਾਨੀ ਆਕਸੀਜਨ ਲੈਣਾ ਅਤੇ ਕਾਰਬਨ ਡਾਈਆਕਸਾਈਡ ਬਾਹਰ ਕੱਢਣਾ। ਜਦੋਂ ਕਾਰਬਨ ਡਾਈਆਕਸਾਈਡ ਲੋੜੀਂਦੀ ਮਾਤਰਾ ਵਿੱਚ ਬਾਹਰ ਨਹੀਂ ਨਿਕਲ ਪਾਉਂਦੀ ਅਤੇ ਅੰਦਰ ਹੀ ਰਹਿ ਜਾਂਦੀ ਹੈ ਜਾਂ ਜਦੋਂ ਲੋੜੀਂਦੀ ਮਾਤਰਾ ਵਿੱਚ ਆਕਸੀਜਨ ਅੰਦਰ ਨਹੀਂ ਲਈ ਜਾਂਦੀ ਤਾਂ ਇਸ ਨੂੰ ਫੇਫੜਿਆਂ ਦੀ ਅਸਫਲਤਾ ਕਹਿੰਦੇ ਹਨ।”

### ਸਾਹ ਲੈਣ ਦੀ ਦਰ ਕੀ ਹੁੰਦੀ ਹੈ?

ਸਾਹ ਲੈਣ ਦੀ ਦਰ ਦਾ ਮਤਲਬ ਹੈ ਕਿ ਇੱਕ ਸਿਹਤਮੰਦ ਵਿਅਕਤੀ ਇੱਕ ਮਿੰਟ ਵਿੱਚ ਕਿੰਨੀ ਵਾਰ ਸਾਹ ਲੈਂਦਾ ਹੈ।

ਇੱਕ ਬਾਲਗ ਵਿਅਕਤੀ ਵਿੱਚ ਆਮ ਤੌਰ ’ਤੇ ਪ੍ਰਤੀ ਮਿੰਟ 15 ਤੋਂ 20 ਸਾਹ ਲੈਣ ਦੀ ਦਰ ਮੰਨੀ ਜਾਂਦੀ ਹੈ। ਅਮਰੀਕਨ ਲੰਗ ਐਸੋਸੀਏਸ਼ਨ ਅਨੁਸਾਰ, ਪ੍ਰਤੀ ਮਿੰਟ 12 ਤੋਂ ਘੱਟ ਜਾਂ 25 ਤੋਂ ਵੱਧ ਸਾਹ ਲੈਣ ਦੀ ਦਰ ਕਿਸੇ ਸਮੱਸਿਆ ਦਾ ਸੰਕੇਤ ਹੋ ਸਕਦੀ ਹੈ।

ਅਜਿਹੀ ਸਥਿਤੀ ਨੂੰ ਤੇਜ਼ ਸਾਹ ਲੈਣ ਦੀ ਸਮੱਸਿਆ ਜਾਂ ਹੋਰ ਸਿਹਤ ਸਬੰਧੀ ਗੜਬੜ ਨਾਲ ਜੋੜਿਆ ਜਾ ਸਕਦਾ ਹੈ। ਸਾਹ ਲੈਣ ਦੀ ਆਮ ਦਰ ਉਮਰ ਦੇ ਨਾਲ ਬਦਲਦੀ ਰਹਿੰਦੀ ਹੈ। ਬੱਚਿਆਂ ਵਿੱਚ ਇਹ ਦਰ ਬਾਲਗਾਂ ਦੇ ਮੁਕਾਬਲੇ ਵੱਧ ਹੁੰਦੀ ਹੈ। ਜੀਵਨ ਦੇ ਪਹਿਲੇ ਸਾਲ ਵਿੱਚ ਪ੍ਰਤੀ ਮਿੰਟ 30 ਤੋਂ 60 ਸਾਹ ਲੈਣਾ ਆਮ ਮੰਨਿਆ ਜਾਂਦਾ ਹੈ ਅਤੇ ਉਮਰ ਵਧਣ ਨਾਲ ਇਹ ਦਰ ਹੌਲੀ-ਹੌਲੀ ਘਟਦੀ ਜਾਂਦੀ ਹੈ।

### ਕੀ ਘਰ ਵਿੱਚ ਹੀ ਸਾਹ ਰੋਕ ਕੇ ਫੇਫੜਿਆਂ ਦੀ ਜਾਂਚ ਕੀਤੀ ਜਾ ਸਕਦੀ ਹੈ?

ਜਦੋਂ ਜਯਾ ਰਮਨ ਤੋਂ ਪੁੱਛਿਆ ਗਿਆ ਕਿ ਕੀ ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓਜ਼ ਵਿੱਚ ਦਿਖਾਏ ਗਏ ਤਰੀਕੇ ਨਾਲ ਇੱਕ ਨਿਸ਼ਚਿਤ ਸਮੇਂ ਤੱਕ ਸਾਹ ਰੋਕ ਕੇ ਘਰ ਵਿੱਚ ਹੀ ਫੇਫੜਿਆਂ ਦੀ ਸਮਰੱਥਾ ਦੀ ਜਾਂਚ ਕੀਤੀ ਜਾ ਸਕਦੀ ਹੈ, ਤਾਂ ਉਨ੍ਹਾਂ ਨੇ ਇਸ ਨੂੰ ਭਰੋਸੇਯੋਗ ਤਰੀਕਾ ਨਹੀਂ ਮੰਨਿਆ।

ਉਨ੍ਹਾਂ ਕਿਹਾ, “ਸੋਸ਼ਲ ਮੀਡੀਆ ’ਤੇ ਵੀਡੀਓ ਵਿੱਚ ਦਿਖਾਈਆਂ ਗਈਆਂ ਕਸਰਤਾਂ ਨੂੰ ਦੇਖ ਕੇ ਕਿਸੇ ਵਿਅਕਤੀ ਦੀ ਉਮਰ ਜਾਂ ਫੇਫੜਿਆਂ ਦੀ ਕਾਰਜ ਕੁਸ਼ਲਤਾ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਇਸ ਲਈ ਕਈ ਤਰ੍ਹਾਂ ਦੇ ਡਾਕਟਰੀ ਪ੍ਰੀਖਣ ਹੁੰਦੇ ਹਨ। ਵੀਡੀਓ ਵਿੱਚ ਦਿਖਾਈਆਂ ਗਈਆਂ ਕਸਰਤਾਂ ਸਿਰਫ਼ ਫੇਫੜਿਆਂ ਦੀ ਕਾਰਜ ਕੁਸ਼ਲਤਾ ਦਾ ਅਸਿੱਧੇ ਤੌਰ ’ਤੇ ਅਨੁਮਾਨ ਲਗਾਉਣ ਦਾ ਇੱਕ ਸਰਲ ਤਰੀਕਾ ਹੋ ਸਕਦੀਆਂ ਹਨ।”

ਇਸ ਲਈ 50 ਸਕਿੰਟ, ਇੱਕ ਮਿੰਟ ਜਾਂ ਕਿਸੇ ਹੋਰ ਨਿਸ਼ਚਿਤ ਸਮੇਂ ਤੱਕ ਸਾਹ ਰੋਕ ਲੈਣ ਨੂੰ ਸਿਹਤਮੰਦ ਫੇਫੜਿਆਂ ਦੀ ਪੱਕੀ ਨਿਸ਼ਾਨੀ ਨਹੀਂ ਮੰਨਿਆ ਜਾ ਸਕਦਾ।

### ਕਿਨ੍ਹਾਂ ਲੋਕਾਂ ਲਈ ਇਹ ਖ਼ਤਰਨਾਕ ਹੋ ਸਕਦਾ ਹੈ?

ਡਾ. ਜਯਾ ਰਮਨ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓਜ਼ ਵਿੱਚ ਦਿਖਾਏ ਗਏ ਸਾਹ ਰੋਕਣ ਵਾਲੇ ਪ੍ਰੀਖਣ ਕੁਝ ਲੋਕਾਂ ਲਈ ਜੋਖ਼ਮ ਪੈਦਾ ਕਰ ਸਕਦੇ ਹਨ।

ਉਨ੍ਹਾਂ ਮੁਤਾਬਕ ਦਿਲ ਦੀਆਂ ਬਿਮਾਰੀਆਂ ਜਾਂ ਉੱਚ ਰਕਤਚਾਪ ਤੋਂ ਪੀੜਤ ਲੋਕ ਜੇ ਲੰਬੇ ਸਮੇਂ ਤੱਕ ਸਾਹ ਰੋਕਦੇ ਹਨ ਤਾਂ ਉਨ੍ਹਾਂ ਦੇ ਬੇਹੋਸ਼ ਹੋਣ ਦਾ ਖ਼ਤਰਾ ਰਹਿ ਸਕਦਾ ਹੈ।

ਨਿਊਯਾਰਕ ਦੇ ਮਾਊਂਟ ਸਿਨਾਈ ਮੈਡੀਕਲ ਸੈਂਟਰ ਅਤੇ ਐਸਯੂਐਨਵਾਈ ਡਾਊਨਸਟੇਟ ਮੈਡੀਕਲ ਸੈਂਟਰ ਨਾਲ ਜੁੜੀ ਪ੍ਰੋਫੈਸਰ ਅਤੇ ਡਾਕਟਰੀ ਅਧਿਆਪਕਾ ਪਾਇਲ ਗੁਪਤਾ ਨੇ ਅਮਰੀਕਨ ਲੰਗ ਐਸੋਸੀਏਸ਼ਨ ਦੀ ਵੈੱਬਸਾਈਟ ’ਤੇ ਪ੍ਰਕਾਸ਼ਿਤ ਇੱਕ ਲੇਖ ਵਿੱਚ ਵੀ ਅਜਿਹੇ ਪ੍ਰੀਖਣਾਂ ਨੂੰ ਲੈ ਕੇ ਸਾਵਧਾਨ ਕੀਤਾ ਹੈ।

ਉਨ੍ਹਾਂ ਮੁਤਾਬਕ ਅਸਥਮਾ, ਦਿਲ ਦੀ ਧੜਕਣ ਦੀ ਅਨਿਯਮਿਤਤਾ ਅਤੇ ਦੌਰੇ ਪੈਣ ਦੀ ਬਿਮਾਰੀ ਤੋਂ ਪੀੜਤ ਲੋਕਾਂ ਲਈ ਲੰਬੇ ਸਮੇਂ ਤੱਕ ਸਾਹ ਰੋਕ ਕੇ ਰੱਖਣਾ ਸਮੱਸਿਆ ਪੈਦਾ ਕਰ ਸਕਦਾ ਹੈ।

### ਸਾਹ ਰੋਕਣ ਨਾਲ ਫੇਫੜਿਆਂ ਦੀ ਸਮਰੱਥਾ ਵਧਦੀ ਹੈ?

ਮਾਹਿਰਾਂ ਮੁਤਾਬਕ ਕੁਝ ਸਮੇਂ ਲਈ ਸਾਹ ਰੋਕ ਕੇ ਰੱਖਣ ਨਾਲ ਫੇਫੜਿਆਂ ਦੀ ਸਮਰੱਥਾ ਆਪਣੇ ਆਪ ਨਹੀਂ ਵਧਦੀ।

ਇਹ ਧਾਰਨਾ ਮੁੱਖ ਤੌਰ ’ਤੇ ਅਥਲੀਟਾਂ ਅਤੇ ਗੋਤਾਖੋਰਾਂ ਨਾਲ ਜੁੜੀ ਹੈ, ਜੋ ਲੰਬੇ ਸਮੇਂ ਤੱਕ ਸਾਹ ਰੋਕ ਕੇ ਰੱਖਣ ਦਾ ਅਭਿਆਸ ਕਰਦੇ ਹਨ।

ਪਾਇਲ ਗੁਪਤਾ ਮੁਤਾਬਕ, ਸਾਹ ਰੋਕਣ ਨਾਲ ਅਸਲ ਵਿੱਚ ਫੇਫੜਿਆਂ ਨੂੰ ਸਿੱਧੇ ਤੌਰ ’ਤੇ ‘ਸਿਖਲਾਈ’ ਨਹੀਂ ਦਿੱਤੀ ਜਾਂਦੀ। ਇਸ ਦੀ ਬਜਾਏ ਸਰੀਰ ਦੀ ਕਾਰਬਨ ਡਾਈਆਕਸਾਈਡ ਨੂੰ ਸਹਿਣ ਕਰਨ ਦੀ ਸਮਰੱਥਾ ਅਤੇ ਖ਼ੂਨ ਵਿੱਚ ਕਾਰਬਨ ਡਾਈਆਕਸਾਈਡ ਦੇ ਵਧੇ ਹੋਏ ਪੱਧਰ ਪ੍ਰਤੀ ਸਰੀਰ ਦੀ ਪ੍ਰਤੀਕਿਰਿਆ ਵਿੱਚ ਤਬਦੀਲੀ ਆ ਸਕਦੀ ਹੈ।

ਡਾ. ਜਯਾ ਰਮਨ ਕਹਿੰਦੇ ਹਨ, “ਅਸੀਂ ਘਰ ਵਿੱਚ ਹੀ ਸਾਹ ਬਾਰੇ ਅਜਿਹੇ ਪ੍ਰੀਖਣ ਕਰਨ ਦੀ ਸਲਾਹ ਨਹੀਂ ਦਿੰਦੇ। ਫੇਫੜਿਆਂ ਦੀ ਸਮਰੱਥਾ ਅਤੇ ਸਾਹ ਰੋਕਣ ਦੀ ਸਮਰੱਥਾ ਹਰ ਵਿਅਕਤੀ ਦੀ ਉਮਰ ਅਤੇ ਸਿਹਤ ਮੁਤਾਬਕ ਵੱਖਰੀ ਹੁੰਦੀ ਹੈ।”

ਉਨ੍ਹਾਂ ਮੁਤਾਬਕ ਵਾਇਰਲ ਵੀਡੀਓ ਵਿੱਚ ਦਿਖਾਏ ਤਰੀਕੇ ਨਾਲ ਕਿਸੇ ਨਿਸ਼ਚਿਤ ਸਮੇਂ ਜਾਂ ਨਿਸ਼ਚਿਤ ਪ੍ਰਤੀਸ਼ਤ ਤੱਕ ਸਾਹ ਰੋਕ ਸਕਣਾ ਸਿਹਤਮੰਦ ਹੋਣ ਦੀ ਪੱਕੀ ਨਿਸ਼ਾਨੀ ਨਹੀਂ ਹੈ।

### ਗੁਬਾਰੇ ਫੁਲਾਉਣ ਵਾਲਾ ਪ੍ਰੀਖਣ ਵੀ ਫ਼ੈਸਲਾਕੁੰਨ ਨਹੀਂ

ਸੋਸ਼ਲ ਮੀਡੀਆ ’ਤੇ ਫੇਫੜਿਆਂ ਦੀ ਕਾਰਜ ਸਮਰੱਥਾ ਦਾ ਅੰਦਾਜ਼ਾ ਲਗਾਉਣ ਲਈ ਇੱਕ ਹੋਰ ਤਰੀਕਾ ਵੀ ਵਾਇਰਲ ਹੁੰਦਾ ਹੈ। ਇਸ ਵਿੱਚ ਇਹ ਦੇਖਿਆ ਜਾਂਦਾ ਹੈ ਕਿ ਕੋਈ ਵਿਅਕਤੀ ਕਿੰਨੇ ਗੁਬਾਰੇ ਫੁਲਾ ਸਕਦਾ ਹੈ ਅਤੇ ਉਹ ਗੁਬਾਰੇ ਕਿੰਨੇ ਵੱਡੇ ਹੁੰਦੇ ਹਨ।

ਪਰ ਡਾ. ਜਯਾ ਰਮਨ ਮੁਤਾਬਕ ਇਹ ਵੀ ਫੇਫੜਿਆਂ ਦੀ ਸਮਰੱਥਾ ਮਾਪਣ ਦਾ ਸਿੱਧਾ ਜਾਂ ਫ਼ੈਸਲਾਕੁੰਨ ਤਰੀਕਾ ਨਹੀਂ ਹੈ।

ਉਨ੍ਹਾਂ ਕਿਹਾ, “ਇਹ ਵੀ ਇੱਕ ਅਸਿੱਧਾ ਪ੍ਰੀਖਣ ਹੈ। ਇਹ ਫ਼ੈਸਲਾਕੁੰਨ ਨਹੀਂ ਹੈ। ਇਸ ਤੋਂ ਇਲਾਵਾ ਇਸ ਅਭਿਆਸ ਦਾ ਉਪਯੋਗ ਇਲਾਜ ਦੇ ਇੱਕ ਹਿੱਸੇ ਵਜੋਂ ਕੀਤਾ ਜਾਂਦਾ ਹੈ।”

### ਫੇਫੜਿਆਂ ਦੀ ਅਸਲ ਕਾਰਜ ਸਮਰੱਥਾ ਕਿਵੇਂ ਜਾਂਚੀ ਜਾਂਦੀ ਹੈ?

ਫੇਫੜਿਆਂ ਦੀ ਕਾਰਜ ਪ੍ਰਣਾਲੀ ਦੀ ਸਹੀ ਜਾਂਚ ਲਈ ਕਈ ਤਰ੍ਹਾਂ ਦੇ ਡਾਕਟਰੀ ਪ੍ਰੀਖਣ ਉਪਲਬਧ ਹਨ। ਇਨ੍ਹਾਂ ਦੇ ਨਤੀਜਿਆਂ ਦੇ ਆਧਾਰ ’ਤੇ ਡਾਕਟਰ ਇਹ ਪਤਾ ਲਗਾ ਸਕਦੇ ਹਨ ਕਿ ਫੇਫੜਿਆਂ ਵਿੱਚ ਕਿਸੇ ਤਰ੍ਹਾਂ ਦੀ ਗੜਬੜ ਜਾਂ ਬਿਮਾਰੀ ਤਾਂ ਨਹੀਂ।

ਡਾ. ਜਯਾ ਰਮਨ ਮੁਤਾਬਕ ਇਨ੍ਹਾਂ ਪ੍ਰੀਖਣਾਂ ਰਾਹੀਂ ਫੇਫੜਿਆਂ ਦਾ ਆਕਾਰ, ਹਵਾ ਦੀ ਮਾਤਰਾ ਅਤੇ ਹਵਾ ਦੇ ਦਬਾਅ ਨਾਲ ਸਬੰਧਿਤ ਵੱਖ-ਵੱਖ ਪੱਖਾਂ ਦੀ ਜਾਂਚ ਕੀਤੀ ਜਾਂਦੀ ਹੈ। ਜੇ ਕੋਈ ਅਸਮਾਨਤਾ ਸਾਹਮਣੇ ਆਉਂਦੀ ਹੈ ਤਾਂ ਡਾਕਟਰ ਇਹ ਨਿਰਧਾਰਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸਮੱਸਿਆ ਲੰਬੇ ਸਮੇਂ ਦੀ ਸਾਹ-ਨਲੀ ਰੁਕਾਵਟ ਵਾਲੀ ਬਿਮਾਰੀ ਹੈ ਜਾਂ ਫੇਫੜਿਆਂ ਦੇ ਸਿਕੁੜਨ ਨਾਲ ਸਬੰਧਿਤ ਬਿਮਾਰੀ।

### ਕਿਹੜੇ-ਕਿਹੜੇ ਡਾਕਟਰੀ ਪ੍ਰੀਖਣ ਉਪਲਬਧ ਹਨ?

ਡਾ. ਜਯਾ ਰਮਨ ਨੇ ਫੇਫੜਿਆਂ ਦੀ ਕਾਰਜ ਸਮਰੱਥਾ ਦੀ ਜਾਂਚ ਲਈ ਤਿੰਨ ਮੁੱਖ ਤਰੀਕਿਆਂ ਬਾਰੇ ਦੱਸਿਆ ਹੈ।

**ਸਪਾਈਰੋਮੈਟਰੀ** — ਇਹ ਪ੍ਰੀਖਣ ਸਪਾਈਰੋਮੀਟਰ ਨਾਮ ਦੇ ਉਪਕਰਨ ਦੀ ਮਦਦ ਨਾਲ ਕੀਤਾ ਜਾਂਦਾ ਹੈ। ਇਸ ਰਾਹੀਂ ਸਾਹ ਅੰਦਰ ਲੈਣ ਅਤੇ ਬਾਹਰ ਕੱਢਣ ਸਮੇਂ ਹਵਾ ਦੀ ਮਾਤਰਾ ਨੂੰ ਸਹੀ ਤਰੀਕੇ ਨਾਲ ਮਾਪਿਆ ਜਾਂਦਾ ਹੈ। ਨੱਕ ’ਤੇ ਨਰਮ ਕਲਿੱਪ ਲਗਾਈ ਜਾਂਦੀ ਹੈ ਅਤੇ ਵਿਅਕਤੀ ਇੱਕ ਮੂੰਹ ਵਾਲੀ ਨਲੀ ਰਾਹੀਂ ਸਾਹ ਲੈਂਦਾ ਅਤੇ ਛੱਡਦਾ ਹੈ। ਇਹ ਪ੍ਰੀਖਣ ਫੇਫੜਿਆਂ ਦੀ ਕਾਰਜ ਸਮਰੱਥਾ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਸਾਹ ਨਾਲ ਸਬੰਧਿਤ ਲੱਛਣਾਂ, ਜਿਵੇਂ ਸੀਨੇ ਵਿੱਚ ਦਰਦ, ਖਾਂਸੀ ਅਤੇ ਸਾਹ ਲੈਣ ਵਿੱਚ ਦਿੱਕਤ ਦੀ ਜਾਂਚ ਵਿੱਚ ਵੀ ਮਦਦ ਕਰ ਸਕਦਾ ਹੈ।

*ਪੀਕ ਫਲੋ ਮਾਪਣ** — ਇਸ ਲਈ ਛੋਟੇ ਹੱਥ ਵਿੱਚ ਫੜੇ ਜਾਣ ਵਾਲੇ ਉਪਕਰਨ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪਤਾ ਲਗਾਉਣ ਵਿੱਚ ਮਦਦ ਕਰਦਾ ਹੈ ਕਿ ਕੋਈ ਵਿਅਕਤੀ ਆਪਣੇ ਫੇਫੜਿਆਂ ਵਿੱਚੋਂ ਕਿੰਨੀ ਤੇਜ਼ੀ ਅਤੇ ਕਿੰਨੇ ਜ਼ੋਰ ਨਾਲ ਹਵਾ ਬਾਹਰ ਕੱਢ ਸਕਦਾ ਹੈ।

*ਦੋਲਨਪਾਮੀ** — ਇਸ ਪ੍ਰੀਖਣ ਵਿੱਚ ਆਮ ਸਾਹ ਲੈਣ ਦੌਰਾਨ ਮੂੰਹ ਰਾਹੀਂ ਹਵਾ ਜਾਂ ਦਬਾਅ ਦੀਆਂ ਵੱਖ-ਵੱਖ ਤਰੰਗਾਂ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਦੀ ਆਮ ਤੌਰ ’ਤੇ 5 ਤੋਂ 40 ਹਰਟਜ਼ ਤੱਕ ਦੀ ਆਵ੍ਰਿਤੀ ਹੁੰਦੀ ਹੈ, ਜੋ ਆਮ ਸਾਹ ਲੈਣ ਦੀ ਆਵ੍ਰਿਤੀ ਨਾਲੋਂ ਵੱਧ ਹੁੰਦੀ ਹੈ।

ਇਸ ਤੋਂ ਬਾਅਦ ਉਪਕਰਨ ਫੇਫੜਿਆਂ ਵਿੱਚੋਂ ਇਨ੍ਹਾਂ ਧੁਨੀ ਤਰੰਗਾਂ ਕਾਰਨ ਪੈਦਾ ਹੋਣ ਵਾਲੇ ਦਬਾਅ ਜਾਂ ਹਵਾ ਦੇ ਪ੍ਰਵਾਹ ਵਿੱਚ ਹੋਣ ਵਾਲੇ ਬਦਲਾਅ ਨੂੰ ਮਾਪਦਾ ਹੈ।

### ਕੁਝ ਉੱਨਤ ਪ੍ਰੀਖਣ ਵੀ ਕੀਤੇ ਜਾਂਦੇ ਹਨ

ਡਾ. ਜਯਾ ਰਮਨ ਨੇ ਕੁਝ ਉੱਨਤ ਪ੍ਰੀਖਣਾਂ ਬਾਰੇ ਵੀ ਜਾਣਕਾਰੀ ਦਿੱਤੀ।

**ਘੱਟ ਆਕਸੀਜਨ ਵਾਲੀ ਸਥਿਤੀ ਦੀ ਜਾਂਚ** — ਇਹ ਪ੍ਰੀਖਣ ਉਨ੍ਹਾਂ ਲੋਕਾਂ ਲਈ ਕੀਤਾ ਜਾ ਸਕਦਾ ਹੈ ਜੋ ਹਿਮਾਲਿਆ ਸਮੇਤ ਉੱਚੇ ਅਤੇ ਕਠਿਨ ਪਹਾੜੀ ਇਲਾਕਿਆਂ ਵਿੱਚ ਚੜ੍ਹਾਈ ਜਾਂ ਸਿਖਲਾਈ ਕਰਨਾ ਚਾਹੁੰਦੇ ਹਨ। ਇਸੇ ਤਰ੍ਹਾਂ ਲੰਬੀ ਹਵਾਈ ਯਾਤਰਾ ਕਰਨ ਵਾਲੇ ਕੁਝ ਲੋਕਾਂ ਲਈ ਵੀ ਇਹ ਪ੍ਰੀਖਣ ਲਾਭਦਾਇਕ ਹੋ ਸਕਦਾ ਹੈ। ਇਸ ਰਾਹੀਂ ਇਹ ਪਤਾ ਲਗਾਉਣ ਵਿੱਚ ਮਦਦ ਮਿਲਦੀ ਹੈ ਕਿ ਅਜਿਹੀ ਸਥਿਤੀ ਵਿੱਚ ਵਿਅਕਤੀ ਨੂੰ ਵਾਧੂ ਆਕਸੀਜਨ ਦੀ ਲੋੜ ਪੈ ਸਕਦੀ ਹੈ ਜਾਂ ਨਹੀਂ।

**ਦਿਲ-ਫੇਫੜਾ ਕਸਰਤ ਪ੍ਰੀਖਣ** — ਇਹ ਅਜਿਹਾ ਪ੍ਰੀਖਣ ਹੈ ਜਿਸ ਰਾਹੀਂ ਕਸਰਤ ਜਾਂ ਸਰੀਰਕ ਮਿਹਨਤ ਦੌਰਾਨ ਦਿਲ ਅਤੇ ਫੇਫੜਿਆਂ ਦੇ ਸਾਂਝੇ ਪ੍ਰਦਰਸ਼ਨ ਦਾ ਮੁਲਾਂਕਣ ਕੀਤਾ ਜਾਂਦਾ ਹੈ।

### ਇਹ ਪ੍ਰੀਖਣ ਕਦੋਂ ਕਰਵਾਉਣੇ ਚਾਹੀਦੇ ਹਨ?

ਡਾ. ਜਯਾ ਰਮਨ ਮੁਤਾਬਕ ਜੇ ਕਿਸੇ ਵਿਅਕਤੀ ਨੂੰ ਸਾਹ ਲੈਣ ਵਿੱਚ ਤੇਜ਼ੀ, ਸੀਨੇ ਵਿੱਚ ਜਕੜਨ, ਲਗਾਤਾਰ ਖਾਂਸੀ, ਸਾਹ ਲੈਂਦੇ ਸਮੇਂ ਆਵਾਜ਼ ਆਉਣਾ, ਸੌਂਦੇ ਸਮੇਂ ਘਰਾੜੇ ਆਉਣਾ, ਸਾਹ ਲੈਂਦੇ ਸਮੇਂ ਸੀਟੀ ਵਰਗੀ ਆਵਾਜ਼ ਸੁਣਾਈ ਦੇਣਾ ਜਾਂ ਸਾਹ ਲੈਂਦੇ ਸਮੇਂ ਸੀਨੇ ਵਿੱਚ ਦਰਦ ਵਰਗੇ ਲੱਛਣ ਮਹਿਸੂਸ ਹੋਣ ਤਾਂ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ।

ਅਜਿਹੀ ਸਥਿਤੀ ਵਿੱਚ ਡਾਕਟਰ ਲੋੜ ਮੁਤਾਬਕ ਫੇਫੜਿਆਂ ਦੀ ਕਾਰਜ ਸਮਰੱਥਾ ਨਾਲ ਸਬੰਧਿਤ ਪ੍ਰੀਖਣ ਕਰਵਾਉਣ ਦੀ ਸਲਾਹ ਦੇ ਸਕਦੇ ਹਨ।

ਉਹ ਇਹ ਵੀ ਸੁਝਾਅ ਦਿੰਦੇ ਹਨ ਕਿ 40 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਆਪਣੀ ਨਿਯਮਿਤ ਸਿਹਤ ਜਾਂਚ ਦੌਰਾਨ ਫੇਫੜਿਆਂ ਦੀ ਕਾਰਜ ਸਮਰੱਥਾ ਬਾਰੇ ਵੀ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

ਉਨ੍ਹਾਂ ਕਿਹਾ, “ਸਾਨੂੰ ਛਾਤੀ ਦਾ ਐਕਸ-ਰੇਅ ਅਤੇ ਫੇਫੜਿਆਂ ਦੀ ਬਣਤਰ ਦੀ ਜਾਂਚ ਕਰਨੀ ਚਾਹੀਦੀ ਹੈ। ਅਸੀਂ ਫੇਫੜਿਆਂ ਦੀ ਬਣਤਰ ਦੇਖਾਂਗੇ ਅਤੇ ਪਤਾ ਲਗਾਵਾਂਗੇ ਕਿ ਉਹ ਸੁੰਗੜੇ ਹੋਏ ਹਨ ਜਾਂ ਸੁੱਜੇ ਹੋਏ ਹਨ।”

### ਫੇਫੜਿਆਂ ਨੂੰ ਸਿਹਤਮੰਦ ਰੱਖਣ ਲਈ ਕੀ ਕਰੀਏ?

ਡਾ. ਜਯਾ ਰਮਨ ਮੁਤਾਬਕ ਫੇਫੜਿਆਂ ਦੀ ਸਿਹਤ ਨੂੰ ਬਿਹਤਰ ਰੱਖਣ ਲਈ ਰੋਜ਼ਾਨਾ ਜੀਵਨ ਵਿੱਚ ਕੁਝ ਚੰਗੀਆਂ ਆਦਤਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।

* ਤੁਰਨਾ, ਤੈਰਨਾ ਅਤੇ ਸਾਈਕਲ ਚਲਾਉਣ ਵਰਗੀਆਂ ਸਰੀਰਕ ਕਸਰਤਾਂ ਕਰੋ।
* ਪ੍ਰਾਣਾਯਾਮ ਅਤੇ ਸਾਹ ਨਾਲ ਸਬੰਧਿਤ ਕਸਰਤਾਂ ਕੀਤੀਆਂ ਜਾ ਸਕਦੀਆਂ ਹਨ।
* ਪ੍ਰੋਟੀਨ ਵਾਲਾ ਭੋਜਨ ਅਤੇ ਸੰਤੁਲਿਤ ਖ਼ੁਰਾਕ ਲਵੋ।
* ਹਵਾ ਪ੍ਰਦੂਸ਼ਣ ਵਾਲੇ ਇਲਾਕਿਆਂ ਵਿੱਚ ਬੇਲੋੜੀ ਜਾਣ ਤੋਂ ਬਚੋ।
* ਸਿਗਰਟਨੋਸ਼ੀ ਤੋਂ ਪੂਰੀ ਤਰ੍ਹਾਂ ਬਚੋ।

### ਸਾਹ ਨਾਲ ਸਬੰਧਿਤ ਕਿਹੜੀਆਂ ਕਸਰਤਾਂ ਕੀਤੀਆਂ ਜਾ ਸਕਦੀਆਂ ਹਨ?

ਅਮਰੀਕਨ ਲੰਗ ਐਸੋਸੀਏਸ਼ਨ ਵੱਲੋਂ ਵੀ ਸਾਹ ਨਾਲ ਸਬੰਧਿਤ ਕੁਝ ਕਸਰਤਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਪੇਟ ਰਾਹੀਂ ਡੂੰਘਾ ਸਾਹ ਲੈਣ ਦੀ ਵਿਧੀ** — ਇਸ ਵਿੱਚ ਡਾਇਆਫ੍ਰਾਮ ਮਾਸਪੇਸ਼ੀ ਦੀ ਵਰਤੋਂ ਕਰਕੇ ਡੂੰਘਾ ਅਤੇ ਪ੍ਰਭਾਵਸ਼ਾਲੀ ਸਾਹ ਲੈਣ ਦਾ ਅਭਿਆਸ ਕੀਤਾ ਜਾਂਦਾ ਹੈ। ਇਹ ਵਿਧੀ ਅਸਥਮਾ ਵਾਲੇ ਲੋਕਾਂ ਲਈ ਵੀ ਸਿਫਾਰਸ਼ ਕੀਤੀ ਜਾ ਸਕਦੀ ਹੈ।

**ਸੁੰਘੜੇ ਬੁੱਲ੍ਹਾਂ ਰਾਹੀਂ ਸਾਹ ਲੈਣ ਦੀ ਵਿਧੀ** — ਇਸ ਵਿੱਚ ਪਹਿਲਾਂ ਮੂੰਹ ਬੰਦ ਰੱਖ ਕੇ ਨੱਕ ਰਾਹੀਂ ਸਾਹ ਅੰਦਰ ਲਿਆ ਜਾਂਦਾ ਹੈ। ਇਸ ਤੋਂ ਬਾਅਦ ਬੁੱਲ੍ਹਾਂ ਨੂੰ ਸੀਟੀ ਵਜਾਉਣ ਵਰਗੀ ਮੁਦਰਾ ਵਿੱਚ ਸੁੰਘਾੜ ਕੇ ਹੌਲੀ-ਹੌਲੀ ਸਾਹ ਬਾਹਰ ਕੱਢਿਆ ਜਾਂਦਾ ਹੈ। ਇਸ ਅਭਿਆਸ ਨੂੰ ਗਿਣਤੀ ਦੇ ਨਾਲ ਨਿਯੰਤਰਿਤ ਢੰਗ ਨਾਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

**ਚੌਰਸ ਸਾਹ ਲੈਣ ਦੀ ਵਿਧੀ** — ਇਸ ਨੂੰ 4-4-4 ਅਭਿਆਸ ਵੀ ਕਿਹਾ ਜਾਂਦਾ ਹੈ। ਇਸ ਵਿੱਚ ਚਾਰ ਦੀ ਗਿਣਤੀ ਤੱਕ ਸਾਹ ਅੰਦਰ ਲਿਆ ਜਾਂਦਾ ਹੈ, ਫਿਰ ਚਾਰ ਦੀ ਗਿਣਤੀ ਤੱਕ ਸਾਹ ਰੋਕਿਆ ਜਾਂਦਾ ਹੈ ਅਤੇ ਇਸ ਤੋਂ ਬਾਅਦ ਚਾਰ ਦੀ ਗਿਣਤੀ ਤੱਕ ਸਾਹ ਬਾਹਰ ਕੱਢਿਆ ਜਾਂਦਾ ਹੈ। ਇਸ ਤੋਂ ਬਾਅਦ ਕੁਝ ਸਮਾਂ ਅਰਾਮ ਕੀਤਾ ਜਾਂਦਾ ਹੈ।

ਹਾਲਾਂਕਿ ਕਿਸੇ ਵੀ ਤਰ੍ਹਾਂ ਦੀ ਸਾਹ ਨਾਲ ਸਬੰਧਿਤ ਕਸਰਤ ਜਾਂ ਪ੍ਰੀਖਣ ਆਪਣੀ ਮਰਜ਼ੀ ਨਾਲ ਕਰਨ ਦੀ ਬਜਾਏ ਮਾਹਿਰ ਡਾਕਟਰ ਦੀ ਸਲਾਹ ਅਤੇ ਸਿਫਾਰਸ਼ ਮੁਤਾਬਕ ਹੀ ਕਰਨਾ ਚਾਹੀਦਾ ਹੈ।

ਖਾਸ ਤੌਰ ’ਤੇ ਦਿਲ ਦੀ ਬਿਮਾਰੀ, ਉੱਚ ਰਕਤਚਾਪ, ਅਸਥਮਾ, ਦਿਲ ਦੀ ਧੜਕਣ ਦੀ ਅਨਿਯਮਿਤਤਾ ਜਾਂ ਦੌਰੇ ਪੈਣ ਵਰਗੀਆਂ ਸਮੱਸਿਆਵਾਂ ਵਾਲੇ ਲੋਕਾਂ ਨੂੰ ਸੋਸ਼ਲ ਮੀਡੀਆ ’ਤੇ ਵਾਇਰਲ ਸਾਹ ਰੋਕਣ ਵਾਲੇ ਪ੍ਰੀਖਣਾਂ ਨੂੰ ਅਜ਼ਮਾਉਣ ਤੋਂ ਪਹਿਲਾਂ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

# ਸਭਿਆਚਾਰ

## ਮੈਂ ਇਨ ਨਜ਼ਾਰੋਂ ਕਾ ਅੰਧਾ ਤਮਾਸ਼ਬੀਨ ਨਹੀਂ...

-ਬਲਦੇਵ ਸਿੰਘ (ਸੜਕਨਾਮਾ)



ਪਿਛਲੇ ਕੁਝ ਸਮੇਂ ਤੋਂ ਪ੍ਰੋ. ਕੌਤਕੀ ਨੂੰ ਮਿਲਣ ਤੋਂ ਮੈਂ ਕਤਰਾਉਣ ਲੱਗਾ ਹਾਂ। ਇੱਕ ਤਾਂ 'ਓਡਾਂ ਦੀ ਗਧੀ' ਵਾਂਗੂ ਉਸ ਦੇ ਟਿਕਾਣੇ ਦਾ ਪਤਾ ਨਹੀਂ ਲੱਗਦਾ। ਮਹੀਨੇ ਦੇ ਪਹਿਲੇ ਦਿਨਾਂ ਵਿੱਚ ਉਹ ਪੰਜਾਬ ਹੁੰਦਾ ਹੈ, ਅੱਧ ਮਹੀਨੇ ਵਿੱਚ ਫੋਨ ਆਉਂਦਾ, ''ਯੂ ਐੱਸ ਤੋਂ ਬੋਲ ਰਿਹੈ।'' ਅੰਤਲੇ ਦਿਨੀਂ ਫਿਰ ਪੰਜਾਬ ਫਿਰਦਾ ਹੁੰਦੈ। ਵਿਦੇਸ਼ ਉਸ ਨੇ ਇਉਂ ਬਣਾਇਐ, ਜਿਵੇਂ ਮੋਗੇ ਤੋਂ ਲੰਢੇਕੇ ਜਾਣਾ ਹੁੰਦੈ। ਉੱਪਰੋਂ ਇਹ ਪੰਗਾ, ਜਦ ਵੀ ਆਉਂਦਾ ਹੈ ਅਜਿਹਾ ਸੱਪ ਕੱਢਦੈ, ਨਾ ਉਹ ਕੀਲਿਆ ਜਾਵੇ, ਨਾ ਪਟਾਰੀ ਵਿੱਚ ਪਵੇ। ਬਹੁਤੀ ਵਾਰ ਚਿੜੀਆਂ ਦੇ ਮਰਨ ਤੇ ਗੰਵਾਰਾਂ ਦੇ ਹਾਸੇ ਵਾਲੀ ਹਾਲਤ ਹੋ ਜਾਂਦੀ ਹੈ।

ਜਦੋਂ ਗੱਲ ਕਰੂ, ਮੈਟਰੋਪੌਲੀਟਨ ਸਿਟੀ, ਮੌਅਲਜ਼, ਮਲਟੀਪਲੈਕਸ ਤੋਂ ਹੇਠਾਂ ਨਹੀਂ ਉਤਰਦਾ। ਗਿਆ ਉਹ ਛੋਟੇ ਨਗਰਾਂ ਤੋਂ ਹੀ ਹੈ, ਪਰ ਅੱਜਕੱਲ੍ਹ ਉਸ ਨੂੰ ਮਹਾਨਗਰਾਂ ਦਾ ਵਿਦੇਸ਼ੀ ਰੰਗ ਚੜ੍ਹਿਆ ਹੋਇਐ। ਇਸ ਵਾਰ ਆਇਆ, ਗ਼ਲਤੀ ਮੈਥੋਂ ਹੋ ਗਈ, ਪੁੱਛ ਬੈਠਾ, ਕੀ ਲੈਣ ਆਉਨੈਂ ਇੱਥੇ ਬਾਰ ਬਾਰ, ਹੈ ਕੀ ਇੱਥੇ? ਖਾਲੀ ਤਾਂ ਹੋਇਐ ਪਿਐ ਪੰਜਾਬ।

ਪ੍ਰੋ. ਕੌਤਕੀ ਤਾਂ ਜਿਵੇਂ ਮੌਕਾ ਭਾਲਦਾ ਸੀ। ''ਪੰਜਾਬ ਖਾਲੀ ਇਉਂ ਨ੍ਹੀਂ ਹੋਇਆ, ਜਿਵੇਂ ਤੂੰ ਸੋਚਦੈ?''

ਮੈਨੂੰ ਲੱਗਿਆ ਉਹ ਮੇਰੀ ਅਕਲ ਉੱਤੇ ਹੱਸਿਆ। ''ਕਿਵੇਂ ਹੋਇਐ ਫਿਰ?'' ਮੈਂ ਕੁਝ ਰੁੱਖਾ ਬੋਲਿਆ।

''ਮੇਰੀ ਜਾਨ, ਤੈਨੂੰ ਪਤਾ ਹੋਣਾ ਚਾਹੀਦੈ, ਪੰਜਾਬ ਦੀ ਇੱਕ ਪੀੜ੍ਹੀ 1947 ਦੀ ਦੇਸ਼ ਵੰਡ ਨੇ ਖਾ ਲਈ। ਅਜੇ ਮਸਾਂ ਪੈਰ ਟਿਕਾਉਣ ਜੋਗੇ ਹੋਏ। ਜ਼ਖਮਾਂ ਨੂੰ ਭੁੱਲਣ ਲੱਗੇ। ਫੇਰ ਦੂਜੀ ਪੀੜ੍ਹੀ ਅਤਿਵਾਦ ਨੇ, ਭਾਵੇਂ ਇਹ ਮਨ ਦੀ ਤਸੱਲੀ ਲਈ ਖਾੜਕੂਵਾਦ ਕਹਿ ਲਈਏ, ਇਸ ਦੌਰ ਨੇ ਖਤਮ ਕਰ ਦਿੱਤੀ। ਫੇਰ ਪਤੈ ਕੀ ਹੋਇਆ ਇਸ ਤੋਂ ਬਾਅਦ?'' ਮੇਰਾ ਗਿਆਨ ਪਰਖਣ ਲਈ, ਉਹ ਫਿਰ ਮੇਰੇ ਵੱਲ ਸਿੱਧਾ ਝਾਕਿਆ। ਜਿਵੇਂ ਵੰਗਾਰਦਾ ਹੋਵੇ।

''ਤੂੰ ਹੀ ਦੱਸੀ ਚੱਲ।'' ਮੈਂ ਜਿਵੇਂ ਹੱਥ ਖੜ੍ਹੇ ਕਰ ਦਿੱਤੇ।

''ਭਾਈ ਜਾਨ, ਪੰਜਾਬ ਦੀ ਤੀਜੀ ਪੀੜ੍ਹੀ ਨੂੰ ਚਿੱਠਾ ਨਿਗਲ ਗਿਆ ਤੇ ਅੱਜ ਕੀ ਦੇਖਦੈਂ?'' ਉਹ ਮੇਰਾ ਇਮਤਿਹਾਨ ਲੈਣ ਲੱਗਾ।

''ਮੈਂ ਤੈਨੂੰ ਦੇਖ ਰਿਹਾਂ।'' ਮੈਂ ਕਿਹਾ।

''ਇਹ ਮਜ਼ਾਕ ਨਹੀਂ, ਫ਼ਿਕਰ ਕਰਨ ਵਾਲੀ ਗੱਲ ਹੈ, ਇਹ ਪੰਜਾਬ ਲਈ ਬੜਾ ਖ਼ਤਰਨਾਕ ਰੁਝਾਨ ਹੈ। ਸਾਡੀ ਚੌਥੀ ਪੀੜ੍ਹੀ ਆਈਲੈਟਸ ਨੇ ਖਾ ਲਈ। ਹਰ ਸਾਲ ਘੱਟੋ ਘੱਟ ਡੇਢ ਲੱਖ ਨੌਜਵਾਨ ਮੁੰਡੇ-ਕੁੜੀਆਂ ਪੰਜਾਬ ਤੋਂ ਜਾ ਰਹੇ ਨੇ। ਤੈਨੂੰ ਹੋਰ ਦੱਸਾਂ, ਪੰਜਾਬ ਦੀ ਪੰਜਵੀਂ ਪੀੜ੍ਹੀ ਰਾਜਨੀਤੀ ਨੇ ਖਤਮ ਕਰ ਦੇਣੀ ਹੈ, ਏਥੇ ਕੀ ਬਚਣੈ, ਬਾਬਾ ਜੀ ਕਾ ਠੁੱਲੂ? ਪੰਜਾਬ ਤੇਰਾ ਕੌਣ ਬੇਲੀ? ਸਾਡੇ ਆਗੂਆਂ ਨੂੰ ਆਪਣੀਆਂ ਕੁਰਸੀਆਂ ਬਚਾਉਣਾ ਦਾ ਫ਼ਿਕਰ ਲੱਗਾ ਰਹਿੰਦੈ ਜਾਂ ਫਿਰ ਵਿਰੋਧੀਆਂ ਦੇ ਪੋਤੜੇ ਫਰੋਲਣ ਤੋਂ ਹੀ ਵਿਹਲ ਨਹੀਂ ਮਿਲਦੀ। ਪੰਜਾਬ ਦੇ ਲੋਕਾਂ ਬਾਰੇ, ਵਿਹਲੇ ਫਿਰਦੇ ਨੌਜਵਾਨਾਂ ਬਾਰੇ, ਕਿਸਾਨਾਂ ਬਾਰੇ ਮਜ਼ਦੂਰਾਂ ਬਾਰੇ ਕਿਸ ਨੇ ਸੋਚਣੈ? ਇਹੀ ਅੱਚਵੀਂ ਮੈਨੂੰ ਟਿਕਣ ਨਹੀਂ ਦਿੰਦੀ। ਇੱਧਰ ਆਉਂਦਾ ਹਾਂ, ਉੱਧਰ ਭੱਜ ਜਾਨੈ, ਉੱਧਰ ਜਾਂਦਾ ਹਾਂ ਇੱਧਰ ਭੱਜ ਆਉਨੈਂ...।'' ਉਸ ਨੇ ਸਾਹ ਲਿਆ ਤੇ ਪ੍ਰਤੀਕਰਮ ਜਾਣਨ ਲਈ ਮੇਰੇ ਵੱਲ ਵੇਖਣ ਲੱਗਾ।

ਮੈਨੂੰ ਕੁਝ ਤਾਂ ਕਹਿਣਾ ਪੈਣਾ ਸੀ, ਮੈਂ ਕਿਹਾ:''ਕੌਤਕੀ, ਤੇਰੀਆਂ ਗੱਲਾਂ ਸੁਣ ਕੇ ਮੈਨੂੰ ਗੁਲਜ਼ਾਰ ਦੀ ਇੱਕ ਕਵਿਤਾ ਯਾਦ ਆ ਰਹੀ ਹੈ। ਨਿੱਕੇ ਹੁੰਦੇ ਸਾਂ ਤਾਂ ਮਦਾਰੀ ਖੁਦਾ ਲੱਗਦਾ ਸੀ। ਵੱਡੇ ਹੋ ਕੇ ਦੇਖਦੇ ਹਾਂ, ਖੁਦਾ ਮਦਾਰੀ ਲੱਗਦਾ ਹੈ।''

''ਤੂੰਮੈਨੂੰ ਵੀ ਇਵੇਂ ਲੱਗਦੈਂ। ਮੈਂ ਛੋਟੇ ਨਗਰਾਂ ਦਾ ਰਹਿਣ ਵਾਲਾ, ਮੇਰੇ ਸਾਧਨ ਵੀ ਛੋਟੇ, ਮੇਰੀ ਸੀਮਾ ਵੱਡੀ ਨਹੀਂ। ਤੇਰੇ ਵਾਂਗ ਨਾ ਸੋਚ ਸਕਦਾ ਹਾਂ, ਨਾ ਵਿਹਾਰ ਕਰ ਸਕਦਾ ਹਾਂ। ਅਸੀਂ ਲੋਕ ਸਿਆਸਤ ਨੇ ਅੰਨ੍ਹੇ ਬਣਾਏ ਹਾਂ। ਉਸ ਉੱਪਰ ਵੀ ਕਿਹਾ ਜਾਂਦਾ ਹੈ- ਮਹਾਤਮਾ ਗਾਂਧੀ ਦੇ ਤਿੰਨ ਬਾਂਦਰ ਬਣੇ ਰਹੋ। ਅਸੀਂ ਲੋਕ ਬਣੇ ਹੋਏ ਹਾਂ। ਕੀ ਪਤਾ, ਉਨ੍ਹਾਂ ਬਾਂਦਰਾਂ ਲਾਗੇ ਇੱਕ ਚੌਥਾ ਬਾਂਦਰ ਬਿਠਾ ਦਿੱਤਾ ਜਾਵੇ ਜਿਸ ਦਾ ਸਿਰ ਨਾ ਹੋਵੇ। ਨਾ ਦੇਖੇ, ਨਾ ਸੁਣੇ, ਨਾ ਬੋਲੇ, ਨਾ ਸੋਚੇ। ਸਿਰਫ਼ ਇੱਕ ਧੜ। ਲੋਕਤੰਤਰ ਪ੍ਰਣਾਲੀ ਵਿੱਚਇੱਕ ਵੋਟ।''

''ਲੀਡਰਾਂ ਦੇ ਆਪਣੇ ਫ਼ਿਕਰ ਹੁੰਦੇ ਨੇ। ਸਮਾਜ ਦੇ ਹਰ ਵਰਗ ਨੂੰ ਸੰਤੁਸ਼ਟ ਤਾਂ ਕੀਤਾ ਜਾ ਨਹੀਂ ਸਕਦਾ।'' ਮੈਂਦਲੀਲ ਦਿੱਤੀ।

''ਕਿਉਂ ਨਹੀਂ ਸੰਤੁਸ਼ਟ ਕੀਤਾ ਜਾ ਸਕਦਾ?'' ਕੌਤਕੀ ਕਾਹਲੀ ਨਾਲ ਬੋਲਿਆ।

''ਤੂੰਮੁੱਖ ਮੰਤਰੀ ਹੋਵੇਂ ਕੀ ਕਰੇਂ?'' ਮੇਰੇ ਮੂੰਹੋਂ ਨਿਕਲ ਗਿਆ।

ਕੌਤਕੀ ਹੱਸ ਪਿਆ, ''ਪਹਿਲੀ ਗੱਲ ਇਹ ਹੈ, ਨਾ ਮੇਰੀ ਕੋਈ ਉਮਰ ਹੈ, ਦੂਜੀ ਗੱਲ ਨਾ ਮੇਰੀ ਕੋਈ ਲਾਲਸਾ ਹੈ, ਤੀਜੀ ਗੱਲ ਮੈਂ ਮੁੱਖ ਮੰਤਰੀ ਕਿਉਂ ਹੋਵਾਂ? ਲਿੱਦ ਹੀ ਖਾਣੀ ਹੈ ਤਾਂ ਸਿਆਣੇ ਆਖਦੇ ਨੇ ਜ਼ਰੂਰੀ ਖੋਤੇ ਦੀ ਖਾਣੀ ਹੈ, ਹਾਥੀ ਦੀ ਖਾਓ, ਵੱਡੇ ਸੁਪਨੇ ਲਓ ਤੇ ਮੈਂਪ੍ਰਧਾਨ ਮੰਤਰੀ ਦੇ ਸੁਪਨੇ ਕਿਉਂ ਨਾ ਲਵਾਂ? ਜੇ ਇਹ ਹੋ ਜਾਵੇ ਤਾਂ ਸਭ ਤੋਂ ਪਹਿਲਾ ਕੰਮ ਇਹ ਕਰਾਂ, ਅਜਿਹਾ ਕਾਨੂੰਨ ਪਾਸ ਕਰਾਵਾਂ, ਜਿਹੜੀ ਪਾਰਟੀ ਦਾ ਮੈਂਬਰ ਚਾਹੇ ਕਿਸੇ ਰਾਜ ਦੀ ਜਾਂ ਕੇਂਦਰ ਦੀ ਚੋਣ ਜਿੱਤ ਕੇ ਆਇਆ ਹੈ, ਉਹ ਪੰਜ ਸਾਲ ਉਸੇ ਪਾਰਟੀ ਵਿੱਚ ਰਹੇਗਾ। ਦਲਬਦਲੀ ਕਰੇਗਾ ਤਾਂ ਉਹ ਮੈਂਬਰੀ ਤੋਂ ਬਰਖਾਸਤ ਹੋਵੇਗਾ, ਫਿਰ ਜਿਹੜੀ ਪਾਰਟੀ ਵਿੱਚ ਜਾਣਾ ਚਾਹੇ, ਚਲਾ ਜਾਵੇ ਤੇ ਦੁਬਾਰਾ ਚੋਣ ਲੜੇ। ਦੂਜਾ ਕੰਮ ਮੈਂ ਇਹ ਕਰਾਂ ਕਿ ਚੋਣ ਕਮਿਸ਼ਨ ਨੂੰ ਮੁਕੰਮਲ ਤੌਰ ਉੱਤੇ ਖ਼ੁਦਮੁਖਤਿਆਰੀ ਦੇ ਦੇਵਾਂ। ਤੀਜਾ ਕੰਮ ਇਹ ਕਰਾਂ, ਚੋਣਾਂ ਸਮੇਂ ਜਾਂ ਅੱਗੇ ਪਿੱਛੇ ਕਦੇ ਵੀ ਰੋਡ ਸ਼ੋਅ ਨਾ ਕੀਤੇ ਜਾਣ, ਨਾ ਵੱਡੀਆਂ ਰੈਲੀਆਂ ਕੀਤੀਆਂ ਜਾਣ। ਜਿਸ ਨੇ ਚੋਣ ਪ੍ਰਚਾਰ ਕਰਨਾ ਹੈ, ਆਪਣੇ ਪੰਜ, ਦਸ ਜਾਂ ਪੰਦਰਾਂ ਪ੍ਰਸੰਸਕ ਲੈ ਕੇ ਘਰ-ਘਰ ਮੁਹੱਲੇ-ਮੁਹੱਲੇ ਜਾਵੇ। ਫਿਰ...।''

ਮੈਂ ਕੁਝ ਬੋਲਣ ਲਈ ਮੂੰਹ ਖੋਲ੍ਹਣ ਲੱਗਾ ਤਾਂ ਉਸ ਨੇ ਰੋਕਿਆ- ''ਸਬਰ ਕਰ, ਸੁਣ ਲੈ ਪਹਿਲਾਂ।''

''ਅਗਲੀ ਗੱਲ ਇਹ ਕਰਾਂ, ਬੱਸਾਂ ਵਿੱਚ ਮੁਫ਼ਤ ਸੈਰ ਕਰਨ ਵਾਲੀਆਂ ਬੀਬੀਆਂ ਭਾਵੇਂ ਗੁੱਸੇ ਹੋਣ, ਇਨ੍ਹਾਂ ਦੀ ਅਤੇ ਬਜ਼ੁਰਗਾਂ ਦੀ ਅੱਧੀ ਟਿਕਟ ਕਰਾਂ। ਕਿਸੇ ਨੂੰ ਮੁਫ਼ਤ ਬਿਜਲੀ ਤੇ ਗੈਸ ਸਿਲੰਡਰ ਨਹੀਂ,ਅੱਧੇ ਰੇਟ ਕਰ ਦਿਆਂ। ਕਾਰਪੋਰੇਟ ਘਰਾਣਿਆਂ ਦੇ ਟੈਕਸ ਰੇਟ ਡਬਲ ਕਰਾਂ। ਸਿਰਫ਼ ਸਿੱਖਿਆ ਅਤੇ ਮੈਡੀਕਲ ਸੇਵਾਵਾਂ ਸਭ ਲਈ ਮੁਫ਼ਤ ਕਰਾਂ....।''

ਮੇਰੇ ਕੋਲੋਂ ਚੁੱਪ ਨਾ ਰਿਹਾ ਗਿਆ ਤੇ ਕਿਹਾ;

''ਨਾ ਨੌਂ ਮਣ ਤੇਲ ਹੋਵੇਗਾ ਨਾ ਰਾਧਾ ਨੱਚੇ। ਆਪਣੇ ਤਾਂ ਇਹ ਕਹਿੰਦੇ ਨੇ,-'ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ।''

ਕੌਤਕੀ ਬੋਲਿਆ- ''ਕੁੱਬਾ ਘੋੜੀ ਚੜ੍ਹਿਆ ਹੋਵੇ ਜਾਂ ਨਾ ਚੜ੍ਹਿਆ ਹੋਵੇ, ਜੇ ਮੌਕਾ ਮਿਲੇ ਤਾਂ ਸਾਰਿਆਂ ਦੇ ਕੁੱਬ ਕੱਢ ਦਿਆਂ। ਤੂੰ ਇਨ੍ਹਾਂ ਦੇ ਗੁਣ ਗਾਈ ਚੱਲ, ਪਰ ਮੈਂ ਇਹੀ ਕਹਾਂਗਾ:

ਮੈਂ ਬੇਪਨਾਹ ਅੰਧੇਰੋਂ ਕੋ ਕੈਸੇ ਸੁਬਹਾ ਕਹੂੰ,
ਮੈਂ ਇਨ ਨਜ਼ਾਰੋਂ ਕਾ ਅੰਧਾ ਤਮਾਸ਼ਬੀਨ ਨਹੀਂ।

''ਚਾਹ ਕੌਫ਼ੀ ਤਾਂ ਮਰ ਲੈ।'' ਮੈਂ ਖਿਝ ਕੇ ਕਿਹਾ ਤੇ ਉੱਠ ਕੇ ਰਸੋਈ ਵੱਲ ਤੁਰ ਪਿਆ।

### ਬੁੱਧ ਬਾਣ

# ਮੱਛੀਆਂ ਖਾਣ ਵਾਲੇ ਮਗਰਮੱਛ !

ਸਾਹਿਤ ਦੀਆਂ ਮੱਛੀਆਂ ਦੀ ਚਰਚਾ ਕਰਦਿਆਂ ਕਈ ਪਾਠਕਾਂ ਨੇ ਕਿਹਾ ਕਿ ਤੁਸੀਂ ਮੱਛੀਆਂ ਦੀਆਂ ਕਿਸਮਾਂ ਤਾਂ ਲੱਛਣਾਂ ਸਮੇਤ ਦੱਸ ਦਿੱਤੀਆਂ, ਪਰ ਉਹਨਾਂ ਨੂੰ ਨਿਗਲਣ ਵਾਲੇ ਮਗਰਮੱਛਾਂ ਦੀ ਗੱਲ ਕਦੋਂ ਕਰੋਗੇ?

ਸੋ, ਅੱਜ ਗੱਲ ਮੱਛੀਆਂ ਦੀ ਨਹੀਂ, ਮਗਰਮੱਛਾਂ ਦੀ ਹੈ।

ਸਮਾਜ ਇੱਕ ਵਿਸ਼ਾਲ ਸਮੁੰਦਰ ਹੈ। ਇਸ ਵਿੱਚ ਮੱਛੀਆਂ ਵੀ ਹਨ ਤੇ ਮਗਰਮੱਛ ਵੀ। ਫ਼ਰਕ ਸਿਰਫ਼ ਇਹ ਹੈ ਕਿ ਮੱਛੀ ਨੂੰ ਆਪਣੀ ਜਾਨ ਬਚਾਉਣੀ ਪੈਂਦੀ ਹੈ, ਜਦਕਿ ਮਗਰਮੱਛ ਨੂੰ ਆਪਣਾ ਪੇਟ ਭਰਨਾ ਆਉਂਦਾ ਹੈ।

ਮੈਨੂੰ ਮਗਰਮੱਛਾਂ ਤੋਂ ਪਹਿਲਾਂ ਬੜਾ ਡਰ ਲੱਗਦਾ ਸੀ। ਇਸ ਕਰਕੇ ਦਰਿਆ, ਝੀਲ ਤੇ ਸਮੁੰਦਰ ਤੋਂ ਦੂਰ ਹੀ ਰਿਹਾ। ਫਿਰ ਸਮਝ ਆਈ ਕਿ ਪਾਣੀ ਵਾਲੇ ਮਗਰਮੱਛਾਂ ਨਾਲੋਂ ਧਰਤੀ ਉੱਤੇ ਤੁਰਦੇ ਮਗਰਮੱਛ ਜ਼ਿਆਦਾ ਖ਼ਤਰਨਾਕ ਹੁੰਦੇ ਹਨ। ਇਹ ਤੁਹਾਨੂੰ ਡੰਗ ਦੇ ਨਹੀਂ, ਪਹਿਲਾਂ ਆਪਣਾ ਬਣਾ ਲੈਂਦੇ ਹਨ; ਫਿਰ ਹੌਲੀ-ਹੌਲੀ ਤੁਹਾਡੀ ਮੱਛੀ ਖਾ ਜਾਂਦੇ ਹਨ।

ਸਿਆਣੇ ਕਹਿੰਦੇ ਹਨ ਕਿ ਜਦੋਂ ਦਿਨ ਮਾੜੇ ਹੋਣ ਤਾਂ ਊਠ ਉੱਤੇ ਬੈਠੇ ਨੂੰ ਵੀ ਕੁੱਤਾ ਵੱਢ ਜਾਂਦਾ ਹੈ। ਮੇਰੀ ਹਾਲਤ ਵੀ ਕਈ ਵਾਰ ਅਸਮਾਨ ਤੋਂ ਡਿੱਗੇ ਤੇ ਖਜੂਰ ਵਿੱਚ ਅਟਕੇ ਬੰਦੇ ਵਰਗੀ ਹੋ ਜਾਂਦੀ ਹੈ। ਸਮਾਜ ਦੇ ਮਗਰਮੱਛਾਂ ਦੀਆਂ ਕਿਸਮਾਂ ਗਿਣਦਿਆਂ ਬੰਦਾ ਅੱਕ ਜਾਂਦਾ ਹੈ।

ਸਿਆਸੀ ਮਗਰਮੱਛ ਲੋਕਾਂ ਦੀਆਂ ਭਾਵਨਾਵਾਂ ਖਾਂਦੇ ਹਨ।

ਅਫ਼ਸਰੀ ਮਗਰਮੱਛ ਅਧਿਕਾਰਾਂ ਨੂੰ ਚੱਬਦੇ ਹਨ।

ਪੁਲਸੀਏ ਮਗਰਮੱਛ ਡਰ ਦਾ ਕਾਰੋਬਾਰ ਕਰਦੇ ਹਨ। ਧਾਰਮਿਕ ਮਗਰਮੱਛ ਸ਼ਰਧਾ ਨੂੰ ਆਪਣਾ ਚਾਰਾ ਬਣਾਉਂਦੇ ਹਨ। ਸਾਹਿਤਕ ਮਗਰਮੱਛ ਕਲਮ ਨੂੰ ਆਪਣੀ ਜਗੀਰ ਸਮਝਦੇ ਹਨ। ਅਕਾਦਮਿਕ ਮਗਰਮੱਛ ਗਿਆਨ ਦੇ ਤਲਾਬ ਉੱਤੇ ਕਬਜ਼ਾ ਕਰਕੇ ਹੋਰਾਂ ਨੂੰ ਤੈਰਨ ਨਹੀਂ ਦਿੰਦੇ। ਇਹਨਾਂ ਦਾ ਸਭ ਤੋਂ ਵੱਡਾ ਹੁਨਰ ਇਹ ਹੈ ਕਿ ਇਹ ਮੱਛੀ ਨੂੰ ਖਾਣ ਤੋਂ ਪਹਿਲਾਂ ਉਸਨੂੰ ਇਹ ਯਕੀਨ ਦਿਵਾ ਦਿੰਦੇ ਹਨ ਕਿ ਉਹ ਉਸਦੀ ਸੇਵਾ ਕਰ ਰਹੇ ਹਨ। ਕੋਈ ਨਿਸ਼ਕਾਮ ਸੇਵਾ ਦੇ ਨਾਮ ਉੱਤੇ ਆਪਣਾ ਜਾਲ ਵਿਛਾਉਂਦਾ ਹੈ, ਕੋਈ ਸੰਸਥਾ ਦੇ ਨਾਮ ਉੱਤੇ, ਕੋਈ ਅਹੁਦੇ ਦੇ ਨਾਮ ਉੱਤੇ ਤੇ ਕੋਈ ਧਰਮ ਦੇ ਨਾਮ ਉੱਤੇ। ਪਰਦੇ ਪਿੱਛੇ ਹਿਸਾਬ ਆਪਣਾ ਹੁੰਦਾ ਹੈ ਤੇ ਮੰਚ ਉੱਤੇ ਬੋਲ ਲੋਕ-ਸੇਵਾ ਦੇ ਹੁੰਦੇ ਹਨ।

ਸਿਹਤ ਦੇ ਮਗਰਮੱਛ ਉਹ ਹਨ, ਕਿਉਂਕਿ ਖੁਰਾਕ ਸੁਰੱਖਿਆ ਦੇ ਮਾਮਲੇ ਵਿੱਚ ਵੀ ਸਵਾਲ ਖੜ੍ਹੇ ਹੁੰਦੇ ਹਨ। ਜੇ ਬਾਜ਼ਾਰ ਵਿੱਚ ਮਿਲਾਵਟੀ ਖਾਣ-ਪੀਣ ਦਾ ਸਾਮਾਨ ਵਿਕ ਰਿਹਾ ਹੈ ਤਾਂ ਸਿਰਫ਼ ਦੁਕਾਨਦਾਰ ਹੀ ਦੋਸ਼ੀ ਕਿਉਂ? ਨਿਗਰਾਨੀ ਕਰਨ ਵਾਲੀਆਂ ਸੰਸਥਾਵਾਂ ਦੀ ਜ਼ਿੰਮੇਵਾਰੀ ਕਿੱਥੇ ਜਾਂਦੀ ਹੈ? ਜਦੋਂ ਰੱਖਿਅਕ ਹੀ ਸੁੱਤਾ ਹੋਵੇ ਤਾਂ ਚੋਰ ਨੂੰ ਚੌਕੀਦਾਰ ਦੀ ਲੋੜ ਨਹੀਂ ਰਹਿੰਦੀ।

ਵਿਦਿਆ ਦੇ ਤਲਾਬ ਦੇ ਮਗਰਮੱਛ, ਸਭ ਤੋਂ ਅਜੀਬ ਮਗਰਮੱਛ ਉਹ ਹਨ ਜੋ ਗਿਆਨ ਦੇ ਤਲਾਬ ਵਿੱਚ ਬੈਠੇ ਹਨ। ਇਹਨਾਂ ਕੋਲ ਡਿਗਰੀਆਂ ਹਨ, ਅਹੁਦੇ ਹਨ, ਕੁਰਸੀਆਂ



ਹਨ, ਪ੍ਰਭਾਵ ਹੈ ਪਰ ਕਈ ਵਾਰ ਗਿਆਨ ਨਾਲੋਂ ਜ਼ਿਆਦਾ ਡਰ ਪੈਦਾ ਕਰਨ ਦੀ ਕਲਾ ਹੁੰਦੀ ਹੈ।

ਜਿਹੜੀ ਮੱਛੀ ਉਹਨਾਂ ਦੀ ਕੁੰਡੀ ਵਿੱਚ ਨਾ ਫਸੇ, ਉਸ ਲਈ ਨਵੇਂ ਜਾਲ ਤਿਆਰ ਹੋ ਜਾਂਦੇ ਹਨ। ਉਸਦੇ ਕੰਮ ਵਿੱਚ ਨੁਕਸ ਲੱਭੇ ਜਾਂਦੇ ਹਨ, ਉਸਦੀ ਆਵਾਜ਼ ਨੂੰ ਦਬਾਉਣ ਦੇ ਤਰੀਕੇ ਲੱਭੇ ਜਾਂਦੇ ਹਨ। ਜੇ ਉਹ ਇੱਕ ਤਲਾਬ ਵਿਚੋਂ ਨਿਕਲ ਜਾਵੇ ਤਾਂ ਦੂਜੇ ਤਲਾਬ ਤੱਕ ਉਸਦਾ ਪਿੱਛਾ ਕੀਤਾ ਜਾਂਦਾ ਹੈ।

ਜਦਕਿ ਗਿਆਨ ਦਾ ਕੰਮ ਮਨੁੱਖ ਨੂੰ ਆਜ਼ਾਦ ਕਰਨਾ ਹੈ, ਕਿਸੇ ਦੀ ਗੁਲਾਮੀ ਕਰਵਾਉਣਾ ਨਹੀਂ।

ਇਸੇ ਕਰਕੇ ਯੂਨੀਵਰਸਿਟੀਆਂ, ਸਾਹਿਤਕ ਸੰਸਥਾਵਾਂ ਅਤੇ ਸੱਭਿਆਚਾਰਕ ਮੰਚਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਕੁਰਸੀ ਕਿਸੇ ਦੀ ਜਾਇਦਾਦ ਨਹੀਂ। ਅਹੁਦਾ ਸੇਵਾ ਲਈ ਹੁੰਦਾ ਹੈ, ਸਾਮਰਾਜ ਬਣਾਉਣ ਲਈ ਨਹੀਂ।

ਰਾਜਨੀਤੀ ਦਾ ਤਲਾਬ ਵਿੱਚ ਮਗਰਮੱਛਾਂ ਦੀ ਕੋਈ ਕਮੀ ਨਹੀਂ। ਇੱਥੇ ਮੱਛੀ ਵੋਟਰ ਹੈ ਅਤੇ ਜਾਲ ਵਾਅਦੇ ਹਨ। ਚੋਣਾਂ ਤੋਂ ਪਹਿਲਾਂ ਵੋਟਰ ਮਾਲਕ ਹੁੰਦਾ ਹੈ। ਚੋਣਾਂ ਤੋਂ ਬਾਅਦ ਕਈ ਵਾਰ ਉਹੀ ਵੋਟਰ ਪੰਜ ਸਾਲ ਲਈ ਦਰਵਾਜ਼ੇ ਉੱਤੇ ਖੜ੍ਹਾ ਰਹਿ ਜਾਂਦਾ ਹੈ। ਪਰ ਇਤਿਹਾਸ ਦੱਸਦਾ ਹੈ ਕਿ ਵੋਟਰ ਭੁੱਲਦਾ ਜ਼ਰੂਰ ਹੈ, ਪਰ ਹਮੇਸ਼ਾ ਨਹੀਂ। ਜਿਸਨੇ ਕੁਰਸੀ ਨੂੰ ਸਦੀਵੀ ਸਮਝ ਲਿਆ, ਉਸਨੇ ਲੋਕਤੰਤਰ ਦਾ ਪਹਿਲਾ ਪਾਠ ਹੀ ਨਹੀਂ ਪੜ੍ਹਿਆ।

ਧਰਮ ਦੇ ਚਿੱਟੇ ਮਗਰਮੱਛ ਇਹ ਸਭ ਤੋਂ ਖ਼ਤਰਨਾਕ ਹਨ। ਇਹ ਧਰਮ ਦੀ ਭਾਸ਼ਾ ਬੋਲਦੇ ਹਨ, ਪਰ ਆਪਣਾ ਹਿਸਾਬ ਰੱਖਦੇ ਹਨ। ਸ਼ਰਧਾਲੂ ਨੂੰ ਮੱਛੀ ਸਮਝਦੇ ਹਨ ਤੇ ਆਪਣੀ ਸੰਸਥਾ ਨੂੰ ਤਲਾਬ। ਜਦੋਂ ਧਰਮ ਮਨੁੱਖ ਨੂੰ ਡਰਾਉਣ ਲੱਗੇ, ਸਵਾਲ ਪੁੱਛਣ ਤੋਂ ਰੋਕੇ ਅਤੇ ਸੱਚ ਦੀ ਥਾਂ ਵਿਅਕਤੀ-ਪੂਜਾ ਖੜ੍ਹੀ ਕਰੇ ਤਾਂ ਸਮਝ ਲਓ ਕਿ ਤਲਾਬ ਵਿੱਚ ਮਗਰਮੱਛ ਵੱਧ ਗਏ ਹਨ।

ਸਾਹਿਤ ਦੇ ਮਗਰਮੱਛ ਵੀ ਅਜੀਬ ਹੁੰਦੇ ਹਨ। ਸਾਹਿਤ ਵਿੱਚ ਵੀ ਕੁਝ ਲੋਕ ਕਲਮ ਨੂੰ ਜਨਤਾ ਦੀ ਆਵਾਜ਼ ਨਹੀਂ, ਆਪਣੀ ਦੁਕਾਨ ਸਮਝ ਲੈਂਦੇ ਹਨ। ਉਹ ਨਵੇਂ ਲੇਖਕ ਨੂੰ ਉਤਸ਼ਾਹਿਤ ਕਰਨ ਦੀ ਥਾਂ ਉਸਦੀ ਰਾਹ ਰੋਕਦੇ ਹਨ। ਸਾਹਿਤ ਦੀ ਦੁਨੀਆ ਵਿੱਚ ਸਭ ਤੋਂ ਵੱਡਾ ਮਗਰਮੱਛ ਉਹ ਹੈ ਜੋ ਕਹਿੰਦਾ ਹੈ ਕਿ "ਸਾਹਿਤ ਸਾਡਾ ਹੈ, ਤੁਸੀਂ ਸਿਰਫ਼ ਪਾਠਕ ਹੋ। ਅਸੀਂ ਇਸ ਸੰਸਥਾ ਦੇ ਮਾਲਕ ਹਾਂ। ਤੈਨੂੰ ਇਸ ਦਾ ਮੈਂਬਰ ਬਣਾਈਏ ਜਾਂ ਨਾ, ਸਾਡੀ ਮਰਜ਼ੀ ਹੈ।"

ਨਹੀਂ! ਸਾਹਿਤਕ ਸੰਸਥਾਵਾਂ ਤੇ ਸਾਹਿਤ ਕਿਸੇ ਇੱਕ ਦਾ ਨਹੀਂ। ਕਲਮ ਕਿਸੇ ਦੀ ਜਗੀਰ ਨਹੀਂ। ਸੰਸਥਾ ਕਿਸੇ ਦਾ ਨਿੱਜੀ ਤਲਾਬ ਨਹੀਂ ਹੁੰਦਾ ਕਿ ਉਹ ਕਬਜ਼ਾ ਕਰਕੇ ਸਿਧਾਂਤਾਂ ਨੂੰ ਛਿੱਕੇ ਟੰਗ ਦੇਵੇ।

ਹੁਣ ਤੁਸੀਂ ਪੁੱਛੋਗੇ ਕਿ ਇਹਨਾਂ ਮਗਰਮੱਛਾਂ ਤੋਂ ਬਚਣ ਦਾ ਉਪਾਅ ਕੀ ਹੈ? ਇਹਨਾਂ ਮਗਰਮੱਛਾਂ ਤੋਂ ਬਚਣ ਦਾ ਉਪਾਅ ਬਹੁਤ ਸੌਖਾ ਹੈ, ਪਰ ਅਸੀਂ ਕਰਨਾ ਨਹੀਂ ਚਾਹੁੰਦੇ। ਇਹਨਾਂ ਨੂੰ ਸਵਾਲ ਪੁੱਛੋ। ਇਹਨਾਂ ਤੋਂ ਬੀਤੇ ਸਮੇਂ ਦਾ ਹਿਸਾਬ ਮੰਗੋ। ਇਹਨਾਂ ਤੋਂ ਡਰਨਾ ਛੱਡੋ। ਵਿਅਕਤੀ ਦੀ ਥਾਂ ਸੰਸਥਾ ਨੂੰ ਵੱਡਾ ਸਮਝੋ। ਅਹੁਦੇਦਾਰ ਨੂੰ ਮਾਲਕ ਨਹੀਂ, ਸੇਵਕ ਸਮਝੋ। ਅੰਨ੍ਹੀ ਸ਼ਰਧਾ ਦੀ ਥਾਂ ਜਾਗਦੀ ਚੇਤਨਾ ਰੱਖੋ। ਜਿੱਥੇ ਗਲਤ ਹੋਵੇ, ਉੱਥੇ ਚੁੱਪ ਨਾ ਰਹੋ। ਕਿਉਂਕਿ ਮਗਰਮੱਛ ਦੀ ਸਭ ਤੋਂ ਵੱਡੀ ਤਾਕਤ ਉਸਦੇ ਦੰਦ ਨਹੀਂ ਸਗੋਂ ਸਾਡੀ ਚੁੱਪ ਹੈ। ਜਿਸ ਦਿਨ ਮੱਛੀਆਂ ਇਕੱਠੀਆਂ ਹੋ ਕੇ ਕਹਿਣ ਲੱਗ ਪਈਆਂ "ਅਸੀਂ ਚਾਰਾ ਨਹੀਂ, ਨਾਗਰਿਕ ਹਾਂ।" ਉਸ ਦਿਨ ਮਗਰਮੱਛਾਂ ਦੇ ਤਲਾਬ ਸੁੱਕਣੇ ਸ਼ੁਰੂ ਹੋ ਜਾਣਗੇ।

ਬੁੱਧ ਬਾਣ ਇਹ ਨਹੀਂ ਕਿ ਮਗਰਮੱਛਾਂ ਨਾਲ ਲੜੋ, ਇਹਨਾਂ ਮਗਰਮੱਛਾਂ ਨੂੰ ਪਛਾਣੋ। ਇਹ ਸੇਵਾਦਾਰਾਂ ਦੇ ਭੇਸ ਵਿੱਚ ਕਿਹੜੇ ਮੱਠ ਦੇ ਸੇਵਾਦਾਰ ਹਨ??

!!!

ਬੁੱਧ ਸਿੰਘ ਨੀਲੋਂ
9464370823

# ਸੋਹਣੀਏ ਪੱਤਣਾਂ ਤੇ ਕੂਕ ਪਵੇ !

ਜੇ ਕਿਸੇ ਨੂੰ ਆਖਿਆ ਜਾਵੇ ਕਿ ਤੁਸੀਂ ਫਲ, ਸਬਜ਼ੀ, ਰੋਟੀ ਤੇ ਦੁੱਧ ਖਾ ਪੀ ਲਵੋ ਤਾਂ ਝੱਟ ਖਾ ਪੀ ਲਵੇਗਾ ਪਰ ਜੇ ਕਹਿ ਦੇਈਏ ਕਿ ਸਭ ਜ਼ਹਿਰ ਹੈ। ਤਾਂ ਉਹ ਮੰਨੇਗਾ ਨਹੀਂ ਕਿਉਂਕਿ ਅਸੀਂ ਦੂਜੇ ਦੀ ਨਹੀਂ ਮੰਨਦੇ ਸਗੋਂ ਆਪਣੀ ਹੀ ਮਰਜ਼ੀ ਕਰਦੇ ਹਾਂ। ਜੇ ਕਿਤੇ ਕੋਈ ਗੱਡੀ ਵਾਲਾ ਉਪਰ ਚਾੜ੍ਹਨ ਲੱਗੇ ਤਾਂ ਬੰਦਾ ਛਾਲ ਮਾਰ ਕੇ ਪਾਸੇ ਹੋਣ ਤੋਂ ਪਹਿਲਾਂ ਗਾਲਾਂ ਦੀ ਬੁਛਾੜ ਮਾਰੇਗਾ। ਸੱਚ ਇਹ ਕਿ ਅਸੀਂ ਜ਼ਹਿਰ ਹੀ ਤਾਂ ਖਾ ਤੇ ਪੀ ਰਹੇ ਹਾਂ। ਦੁਨੀਆ ਦੇ ਵਿੱਚ ਇਹ ਜ਼ਹਿਰ ਅਮਰੀਕਾ ਨੇ ਵੀਅਤਨਾਮ ਵਿੱਚ ਵਰਤੀ ਸੀ, ਉਸ ਵੇਲੇ ਗਿਆਰਾਂ ਲੱਖ ਲੋਕ ਪ੍ਰਭਾਵਿਤ ਹੋਏ ਸਨ ਪਰ ਸਾਡੇ ਦੇਸ਼ ਵਿੱਚ ਖਾਸ ਕਰਕੇ ਪੰਜਾਬ ਦੇ ਵਿੱਚ ਹਰੀ, ਚਿੱਟੀ ਤੇ ਨੀਲੀ ਕ੍ਰਾਂਤੀ ਲਿਆਉਣ ਦੇ ਬਹਾਨੇ ਸਾਨੂੰ ਬਲੀ ਦੇ ਬੱਕਰੇ ਬਣਾਇਆ । ਸਾਨੂੰ ਬਲੀ ਦੇ ਬੱਕਰੇ ਬਣਾਉਣ ਦੇ ਲਈ ਬੇਗਾਨਿਆਂ ਨੇ ਘੱਟ ਤੇ ਆਪਣਿਆਂ ਨੇ ਪੂੰਛਾਂ ਵੱਧ ਚੁੱਕ ਲਈਆਂ ਸਨ। ਹੁਣ ਸਭ ਪੂੰਛਾਂ ਚੱਡਿਆਂ ਵਿੱਚ ਲੈ ਕੇ ਬਦੇਸ਼ ਦੌੜ ਗਏ ਤੇ ਦੌੜ ਰਹੇ ਹਨ। ਹੁਣ ਜੋ ਹਾਲਤ ਪੰਜਾਬ ਦੀ ਬਣੀ ਹੈ ਸਭ ਦੇ ਸਾਹਮਣੇ ਹੈ। ਪੰਜਾਬ ਦੇ ਵਿੱਚ ਨਿੱਜੀ ਹਸਪਤਾਲ, ਡੇਰੇ ਤੇ ਧਾਰਮਿਕ ਅਸਥਾਨ ਖੁੰਬਾਂ ਉਗ ਰਹੇ ਹਨ। ਇਹ ਲੋਕਾਂ ਦਾ ਸਰੀਰਕ ਤੇ ਮਾਨਸਿਕ ਇਲਾਜ ਕਰਨ ਦੇ ਨਾਮ ਉਤੇ ਲੁੱਟਮਾਰ ਕਰ ਰਹੇ ਹਨ ਤੇ ਅਸੀਂ ਕਰਵਾ ਰਹੇ ਹਾਂ ਪਰ ਬੀਮਾਰੀ ਦੀਆਂ ਜੜ੍ਹਾਂ ਨੂੰ ਫੜਨ ਦੀ ਵਜਾਏ ਅਸੀਂ ਦਵਾਈਆਂ ਦੇ ਤੇ ਸਾਧਾਂ ਦੇ ਗੁਲਾਮ ਬਣ ਕੇ ਰਹਿ ਗਏ ਹਾਂ। ਪੰਜਾਬ ਦਾ ਪੌਣ ਪਾਣੀ, ਖਾਣ ਪੀਣ ਤੇ ਬੋਲਚਾਲ ਵਿੱਚ ਜ਼ਹਿਰ ਹੈ। ਇਹ ਜ਼ਹਿਰ ਅਚਾਨਕ ਨਹੀਂ ਆਈ। ਇਸਦੇ ਵਿੱਚ ਉਹਨਾਂ ਮਲਟੀ ਕੰਪਨੀਆਂ ਦਾ ਹੱਥ ਹੈ, ਜਿਹਨਾਂ ਸਾਡੇ ਖੇਤੀਬਾੜੀ ਵਿਗਿਆਨੀਆਂ ਦੇ ਮੂੰਹ ਨੂੰ ਖੂਨ ਲਾ ਕੇ ਸਾਡੇ ਹੱਥ, ਪੈਰ ਤੇ ਸਿਰ ਵੱਢਿਆ। ਹੁਣ ਅਸੀਂ ਲੂਲੇ ਲੰਗੜੇ ਤੇ ਬਗੈਰ ਸਿਰਾਂ ਵਾਲੇ ਹਾਂ। ਇਨ੍ਹਾਂ ਨੂੰ ਇਸ ਹਾਲਤ ਤੱਕ ਪੁਜਦਾ ਕਰਨ ਵਾਲੇ ਕੁੱਝ ਕੁ ਸਨ ਤੇ ਹਨ,.ਜਿਹਨਾਂ ਨੇ ਸਾਡੇ ਜੀਵਨ ਵਿੱਚ ਜ਼ਹਿਰ ਘੋਲਿਆ ਸੀ। ਤੁਸੀਂ ਸਭ ਜਾਣਦੇ ਹੋ ਕਿ ਲਾਲਚ ਬੁਰੀ ਬਲਾ ਹੈ। ਤੁਸੀਂ ਲਾਲਚੀ ਕੁੱਤੇ ਦੀ ਕਹਾਣੀ ਪੜ੍ਹੀ ਹੈ। ਕੁੱਤੇ ਦੇ ਬਹਾਨੇ ਕਿਸੇ ਨੇ ਸਾਨੂੰ ਚਿਤਰਿਆ ਹੈ। ਜੇ ਗਲਤ ਹੈ ਤਾਂ ਦੱਸੋ। ਖੇਤੀਬਾੜੀ ਵਿਗਿਆਨੀਆਂ ਨੇ ਲਾਲਚ ਵਸ ਉਹ ਜ਼ਹਿਰੀਲੀਆਂ ਜ਼ਹਿਰਾਂ ਦੀਆਂ ਸਿਫਾਰਸ਼ਾਂ ਕੀਤੀਆਂ ਜੋ ਦੁਨੀਆਂ ਵਿੱਚ ਬੰਦ ਸਨ। ਕਿਸਾਨਾਂ ਨੇ ਵੱਧ ਝਾੜ ਤੇ ਮੁਨਾਫੇ ਦੇ ਚੱਕਰ ਵਿੱਚ ਉਹਨਾਂ ਨੂੰ ਅਪਣਾਇਆ । ਇਕ ਵਾਰ ਗੱਡੀ ਕੀ ਤੋਰੀ ਤੇ ਬੁਲਟ ਰੇਲ ਬਣ ਗਈ। ਜਿਹੜੀ ਹੁਣ ਰੁਕਣ ਦਾ ਨਾਮ ਨਹੀਂ ਲੈ ਰਹੀ। ਅਸੀਂ ਆਪਣੇ ਵਿਰਸੇ ਵੱਲ ਪਿੱਠ ਕੀ ਮੋੜੀ ਸਾਡੇ ਕੋਲ ਸਭ ਕੁੱਝ ਖੁੱਸ ਗਿਆ । ਸਾਡੇ ਕਾਰਸੇਵਾ ਵਾਲੇ ਬਾਬਿਆਂ ਨੇ ਸਭ ਵਿਰਾਸਤੀ ਇਮਾਰਤਾਂ ਤੇ ਯਾਦਗਾਰਾਂ ਤਬਾਹ ਕਰ ਦਿੱਤੀਆਂ ਹਨ । ਚਿੱਟਾ ਸੰਗਮਰਮਰ ਲਾ ਕੇ ਤਪਸ਼ ਵਧਾ ਦਿੱਤੀ ਹੈ । ਗੁਰਦੁਆਰਾ ਸਾਹਿਬ ਪੱਕੇ ਹੋ ਗਏ ਤੇ ਸਿੱਖ ਕੱਚੇ ਹੋ ਗਏ ਹਨ। ਕੀ ਖੱਟਿਆ ਹੈ ਮੈਂ ਤੇਰੀ ਹੀਰ ਬਣ ਕੇ! ਖੈਰ ਅਜੇ ਡੁੱਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ । ਜੇ ਗਲਤੀਆਂ ਸਾਡੇ ਆਪਣਿਆਂ ਨੇ ਕੀਤੀਆਂ ਤੇ ਸੰਤਾਪ ਵੀ ਅਸੀਂ ਹੀ ਭੋਗਿਆ ਤੇ ਭੋਗ ਰਹੇ ਹਾਂ। ਹੁਣ ਇਹ ਸੰਤਾਪ ਸਾਡੀਆਂ ਅਗਲੀਆਂ ਨਸਲਾਂ ਨਾ ਭੁਗਤਣ ਇਸ ਬਾਰੇ ਸੋਚੀਏ। ਸੋਚਣ ਵਾਲਿਆਂ ਤੇ ਸੋਚਿਆ ਹੋਇਆ ਹੀ ਹੈ ਕਿ ਕੁਦਰਤ ਦੇ ਨਾਲ ਟੱਕਰ ਲੈ ਕੇ ਨਹੀਂ ਸਗੋਂ ਕੁਦਰਤ ਦੇ ਨਾਲ ਰਲ ਕੇ ਹੀ ਬਚਾਓ ਹੋ ਸਕਦਾ ਹੈ। ਅਸੀਂ ਬੀਮਾਰੀ ਤੋਂ ਬਚਣ ਲਈ ਦਵਾਈਆਂ ਵਰਤਦੇ ਹਾਂ। ਹੁਣ ਹੋਰ ਇਸ ਨੌਬਤ ਤੱਕ ਹੋਰ ਜਾਣ ਤੋਂ ਪਹਿਲਾਂ ਜੇ ਅਸੀਂ ਕੁਦਰਤ ਦੀ ਗੋਦ ਵਿੱਚ ਬਹਿ ਜਾਈਏ ਤਾਂ ਕੋਈ ਬਚਾ ਹੈ, ਨਹੀਂ ਸਾਡੀਆਂ ਨਸਲਾਂ ਸਾਨੂੰ ਲਾਹਣਤਾਂ ਪਾਉਣਗੀਆਂ ਜਿਵੇਂ ਆਪਾਂ ਹੁਣ ਸਰਕਾਰ ਨੂੰ ਪਾ ਰਹੇ ਹਾਂ । ਕੁਦਰਤ ਨਾਲ ਕਿਵੇਂ ਜੁੜਿਆ ਜਾ ਸਕਦਾ ਕਿਸੇ ਨੂੰ ਦੱਸਣ ਤੇ ਸਮਝਾਉਣ ਦੀ ਜਰੂਰਤ ਨਹੀਂ । ਜੇ ਕਿਸੇ ਨੂੰ ਸਮਝਾਉਣ ਦੀ ਜਰੂਰਤ ਹੈ ਤਾਂ ਆਪਣੇ ਆਪ ਨੂੰ ਸਮਝਾਓ। ਆਪਣੇ ਆਪ ਨੂੰ ਪੁੱਛੋ ਕਿ ਕਿਤੇ ਮੈਂ ਆਉਣ ਵਾਲੀਆਂ ਨਸਲਾਂ ਤੇ ਫਸਲਾਂ ਦਾ ਕਾਤਲ ਤਾਂ ਨਹੀਂ ? ਹੁਣ ਵੀ ਹਰ ਨਾੜ ਫੂਕ ਕੇ ਕੁਦਰਤ ਦੇ ਨਾਲ ਖਿਲਵਾੜ ਕਰ ਰਹੇ ਹਾਂ। ਪ੍ਰਸ਼ਾਸਨ ਅੱਖਾਂ ਬੰਦ ਕਰੀ ਬੈਠਾ ਹੈ। ਲੋਕ ਮਰ ਰਹੇ ਹਨ ਤੇ ਬਹੁਗਿਣਤੀ ਤਮਾਸ਼ਾ ਦੇਖਣ ਲੱਗੀ ਐ। ਜਦੋਂ ਤੁਸੀਂ ਆਪਣੇ ਆਪ ਦੇ ਸਾਹਮਣੇ ਪਾਕਿ




ਪਵਿੱਤਰ ਹੋ ਗਏ ਤਾਂ ਆਲਾ ਦੁਆਲਾ ਵੀ ਪਵਿੱਤਰ ਹੋ ਜਾਵੇਗਾ। ਪੈਸੇ ਤੇ ਜਾਇਦਾਦ ਦੀ ਅੰਨ੍ਹੀ ਦੌੜ ਵਿੱਚੋਂ ਬਾਹਰ ਨਿਕਲੋ । ਕੁਦਰਤ ਤੇ ਆਪਣੇ ਆਪ ਨਾਲ ਜੁੜੋ ਤੇ ਹੋਰਨਾਂ ਨੂੰ ਜੋੜੋ। ਜ਼ਹਿਰ ਦੀਆਂ ਫਸਲਾਂ ਨਾ ਬੀਜੋ..ਮਲਟੀ ਕੰਪਨੀਆਂ ਦੇ ਲਈ ਨਹੀਂ ਸਗੋਂ ਆਪਣੇ ਤੇ ਆਪਣਿਆਂ ਲਈ ਜੀਓ। ਬਹੁਤ ਸਮਾਂ ਗੁਜਰ ਗਿਆ ਹੈ, ਜ਼ਹਿਰ ਖਾਦਿਆਂ ਤੇ ਪੀਦਿਆਂ, ਬਸ ਕਰੋ...ਹੁਣ ਤੇ ਬਸ ਹੋ ਗਈ ਹੈ। ਅਸੀਂ ਤੁਹਾਡੇ ਦਰ ਆਏ ਹਾਂ। ਆਪਣੀਆਂ ਨਸਲਾਂ ਤੇ ਫਸਲਾਂ ਬਚਾ ਲਵੋ । ਜ਼ਹਿਰ ਦੇ ਵਪਾਰੀਆਂ ਨੇ ਮਨੁੱਖਤਾ ਨੂੰ ਤਬਾਹ ਕਰਨ ਲਈ ਸਾਨੂੰ ਦਮੜਿਆਂ ਦੇ ਲਾਲਚ ਵਿੱਚ ਫਸਾ ਕੇ ਸਾਡੇ ਪੌਣ ਤੇ ਪਾਣੀ ਤੇ ਧਰਤੀ ਮਾਂ ਨੂੰ ਪਲੀਤ ਕਰ ਦਿੱਤਾ। ਹੁਣ ਕਿਵੇਂ ਬਚਣਾ ਹੈ ਤੇ ਭਵਿੱਖ ਬਚਾ ਕੇ ਰੱਖਣਾ ਹੈ ? ਇਸ ਬਾਰੇ ਆਪਾਂ ਸਭ ਨੇ ਰਲਮਿਲ ਕੇ ਯਤਨ ਕਰਨਾ ਹੈ। ਕੁਦਰਤੀ ਖੇਤੀਬਾੜੀ ਕਿਵੇਂ ਕਰਨੀ ਹੈ..? ਤੁਹਾਨੂੰ ਦੱਸਣ ਦੀ ਲੋੜ ਨਹੀਂ ਤੁਸੀਂ ਜਾਣਦੇ ਹੀ ਹੋ। ਵਗੈਰ ਜ਼ਹਿਰਾਂ ਦੇ ਕਿਵੇਂ ਫਸਲਾਂ ਬੀਜਣੀਆਂ ਤੇ ਕਿਵੇਂ ਕੁਦਰਤੀ ਖਾਦ ਤਿਆਰ ਕਰਨੀ ਤੇ ਵਰਤਣੀ ਹੈ.ਸਮੇ ਸਮੇ ਤੁਹਾਨੂੰ ਮਾਹਿਰ ਵੀ ਦੱਸਣਗੇ। ਤੁਸੀਂ ਕੁਦਰਤ ਨਾਲ ਜੁੜੋ ਤੇ ਹੋਰਨਾਂ ਨੂੰ ਜੋੜੋ। ਸਿਹਤਮੰਦ ਪੰਜਾਬ ਦੀ ਉਸਾਰੀ ਲਈ ਤੁਹਾਡਾ ਹਰ ਤਰ੍ਹਾਂ ਦੇ ਸਹਿਯੋਗ ਦੀ ਸਮਾਜ ਨੂੰ ਲੋੜ ਹੈ। ਘਰ ਘਰ ਤੇ ਪਿੰਡ ਪਿੰਡ ਕੁਦਰਤੀ ਖੇਤੀਬਾੜੀ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰੋ। ਨਹੀਂ ਹੁਣ ਜ਼ਹਿਰ ਖਾ ਕੇ ਨਿੱਤ ਮਰਨ ਦਾ ਰਾਹ ਤਾਂ ਸਰਕਾਰਾਂ ਤੇ ਅਸੀਂ ਰਲ ਕੇ ਚੁਣਿਆ ਹੀ ਹੋਇਆ ਹੈ। ਪੰਜਾਬੀਓ ਤੁਸੀਂ ਨਿੱਤ ਜ਼ਹਿਰ ਖਾ ਤੇ ਪੀ ਕੇ ਜੀ ਰਹੇ ਹੋ। ਉਨ੍ਹਾਂ ਨੂੰ ਪਛਾਣੋ ਜੋ ਜ਼ਹਿਰ ਦਾ ਵਪਾਰ ਕਰਦੇ ਹਨ ਤੇ ਝੋਲੀਆਂ ਭਰਦੇ ਹਨ ? ਇਸ ਸਭ ਸਾਡੇ ਸਮਿਆਂ ਵਿਚ ਹੋ ਰਿਹਾ ਜਦੋਂ ਮਨੁੱਖ ਕੋਲ ਗਿਆਨ ਹਾਸਲ ਕਰਨ ਦੇ ਸਾਧਨ ਹਨ, ਸੋਸ਼ਲ ਮੀਡੀਆ ਉਤੇ ਸਭ ਕੁੱਝ ਦਿਖਾਇਆ ਜਾ ਰਿਹਾ ਹੈ, ਅਸੀਂ ਸੁੱਤੇ ਪਏ ਹਾਂ, ਨੌਜਵਾਨ ਹਾਰਟ ਅਟੈਕ ਨਾਲ ਮਰ ਰਹੇ ਹਨ, ਅਸੀਂ ਗੁਰੂ ਦਾ ਭਾਣਾ ਮੰਨ ਕੇ ਬਹਿ ਜਾਂਦੇ ਹਾਂ, ਪੰਜਾਬ ਦੇ ਲੋਕ ਐਨੇ ਬੇਗੁਰੇ ਤੇ ਬੇਸਮਝ ਕਿਉਂ ਹੋ ਗਏ ? ਸਭ ਨੂੰ ਆਪੋ ਆਪਣੀ ਪਈ ਹੈ, ਦੁੱਖੀ ਸਭ ਹਨ, ਪਰ ਬੋਲਦਾ ਕੋਈ ਨਹੀਂ, ਕਦੋਂ ਤੱਕ ਮੂੰਹ 'ਤੇ ਮਿੱਟੀ ਮਲ ਕੇਬੈਠੇ ਰਹੋਗੇ, ਇਕ ਦਿਨ ਬੋਲਣਾ ਪਵੇਗਾ! ਜੇ ਹੁਣ ਨਾ ਬੋਲੇ ਤਾਂ ਅਗਲੀਆਂ ਨਸਲਾਂ ਤੁਹਾਨੂੰ ਲਾਹਨਤਾਂ ਪਾਉਣਗੀਆਂ। ਉਂਝ ਲਾਹਨਤਾਂ ਤਾਂ ਹੁਣ ਵੀ ਪੈ ਰਹੀਆਂ ਹਨ। ਇਸੇ ਕਰਕੇ ਅਮਰ ਸਿੰਘ ਚਮਕੀਲਾ ਕਹਿੰਦਾ ਹੈ। ਸੋਹਣੀਏ ਪੱਤਣਾਂ ਤੇ ਕੂਕ ਪਵੇ।

ਕੂਕਾਂ ਤਾਂ ਘਰ ਘਰ ਪੈ ਰਹੀਆਂ ਹਨ ਪਰ ਕਿਸੇ ਨੂੰ ਸੁਣਦੀਆਂ ਨਹੀਂ। ਤੁਹਾਨੂੰ ਸੁਣਦੀਆਂ ਹਨ ਕਿ ਨਹੀਂ?

ਬੁੱਧ ਸਿੰਘ ਨੀਲੋਂ
94643 70823

# .ਗ਼ਜ਼ਲ

ਗੁਰਭਜਨ ਗਿੱਲ



ਬੰਦੇ ਅੰਦਰ ਸਭ ਕੁਝ ਹੁੰਦੈ, ਖ਼ੁਦ ਵੇਖਣ ਤੋਂ ਡਰ ਜਾਂਦਾ ਹੈ।
ਹੌਲ਼ੀ ਹੌਲ਼ੀ ਗੂੜ੍ਹ-ਹਨ੍ਹੇਰਾ ਰੂਹ ਦੇ ਅੰਦਰ ਭਰ ਜਾਂਦਾ ਹੈ।

ਜਿੰਨਾ ਚਿਰ ਹੈ ਤੁਰਦਾ,
ਤਰਦਾ ਮਨ ਹਿਰਨੋਟਾ ਚੁੰਗੀਆਂ ਭਰਦਾ,
ਬੇਬਸੀਆਂ ਵਿੱਚ ਡੁੱਬਿਆ
ਬੰਦਾ ਲਾਸ਼ ਬਣਦਿਆਂ ਤਰ ਜਾਂਦਾ ਹੈ।

ਅਣੂੰਆਂ ਤੋਂ ਪਰਮਾਣੂੰ ਅੱਗੇ, ਅਗਨ-ਪਲੀਤੇ ਕਰਨ ਤਬਾਹੀ,
ਆਲਮ ਤੇ ਸਰਦਾਰੀ ਖ਼ਾਤਰ,
ਜ਼ਾਲਮ ਕੀ ਕੁਝ ਕਰ ਜਾਂਦਾ ਹੈ?

ਜਿਸਨੂੰ ਇਹ ਗੱਲ ਪੱਲੇ ਪੈ ਗਈ,
ਉਸ ਦੀ ਰੂਹ ਵਿਸਮਾਦ ਮਾਣਦੀ,
ਧਰਤੀ ਮਾਂ ਦੀ ਬੁੱਕਲ਼ ਵਿੱਚ ਜੋ,
ਬਿਰਖ-ਨਿਸ਼ਾਨੀ ਧਰ ਜਾਂਦਾ ਹੈ।


ਆਪਣੀ ਰਾਖੀ ਆਪ ਕਰਨ ਲਈ
ਜੋ ਕੁਝ ਬੰਦਾ ਚੁੱਕੀ ਫਿਰਦੈ,
ਹਥਿਆਰਾਂ ਨੂੰ ਰਾਖਾ ਮੰਨ ਕੇ,
ਉਨ੍ਹਾਂ ਹੱਥੋਂ ਮਰ ਜਾਂਦਾ ਹੈ।

ਜਦ ਤੱਕ ਖ਼ੂਨ ਰਗਾਂ ਵਿੱਚ ਦੌੜੇ,
ਨਬਜ਼ ਰੁਕੇ ਨਾ, ਧੜਕਣ ਧੜਕੇ,
ਸਾਹਾਂ ਦੀ ਡੋਰੀ ਦੇ ਟੁੱਟਿਆਂ,
ਸਾਰਾ ਕੁਝ ਹੀ ਠਰ ਜਾਂਦਾ ਹੈ।

ਜਿਸ ਵਿਸ਼ਵਾਸ 'ਚ ਉਮਰ ਬਿਤਾਈ,
ਹਰ ਰਿਸ਼ਤਾ ਸਿਰਤੋੜ ਨਿਭਾਉਣੈਂ,
ਪਿੱਛੇ ਮੁੜਦਿਆਂ ਕਹਿ ਗਏ ਏਦਾਂ,
ਤੇਰੇ ਬਿਨ ਵੀ ਸਰ ਜਾਂਦਾ ਹੈ।




ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL PATIO COVERS
RAILING & GATES INSTALLATION, REPAIR & CLEANING
SERVING ALL LOWER MAINLAND / ISLAND
SPECIALIST IN:
ALUMINUM PANELS AND CLEAR GLASS OR LIGHT TINTED GLASS
WE INSTALLED PATIO COVERS AND RAILING, GATES IN REASONABLE PRICE
QUALITY WORKMANSHIP, BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com



## ਦੁਨੀਆਦਾਰੀ



# ਨੇਪਾਲ ਦੇ ਹੜ੍ਹ ਪੀੜਤਾਂ ਲਈ ਸ਼੍ਰੋਮਣੀ ਕਮੇਟੀ ਨੇ ਸ਼ੁਰੂ ਕੀਤੀ ਲੰਗਰ ਸੇਵਾ, ਰਾਹਤ ਸਮੱਗਰੀ ਪਹੁੰਚਾਉਣ ਦੀ ਵੀ ਤਿਆਰੀ

ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਲੰਗਰ ਦਾ ਪਹਿਲਾ ਟਰੱਕ ਰਵਾਨਾ; ਆਉਣ ਵਾਲੇ ਦਿਨਾਂ ਵਿੱਚ ਪੀੜਤ ਪਰਿਵਾਰਾਂ ਤੱਕ ਰਾਹਤ ਸਮੱਗਰੀ ਪਹੁੰਚਾਈ ਜਾਵੇਗੀ: ਗੁਰਚਰਨ ਸਿੰਘ ਗਰੇਵਾਲ




ਨੇਪਾਲ ਵਿੱਚ ਆਈ ਕੁਦਰਤੀ ਆਫ਼ਤ ਕਾਰਨ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨੁੱਖਤਾ ਦੀ ਸੇਵਾ ਤਹਿਤ ਲੰਗਰ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੀਤੇ ਦਿਨਾਂ ਤੋਂ ਇੱਕ ਵਫ਼ਦ ਨੇਪਾਲ ਵਿੱਚ ਮੌਜੂਦ ਹੈ, ਜੋ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਸਹਾਇਤਾ ਪਹੁੰਚਾਉਣ ਲਈ ਸਥਾਨਕ ਪੱਧਰ ’ਤੇ ਕਾਰਜ ਕਰ ਰਿਹਾ ਹੈ।

ਇਸ ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਅਤੇ ਮੀਤ ਸਕੱਤਰ ਆਜ਼ਾਦ ਦੀਪ ਸਿੰਘ ਸ਼ਾਮਲ ਹਨ। ਵਫ਼ਦ ਵੱਲੋਂ ਨੇਪਾਲ ਵਿੱਚ ਹੜ੍ਹਾਂ ਕਾਰਨ ਪੈਦਾ ਹੋਏ ਹਾਲਾਤ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਪ੍ਰਭਾਵਿਤ ਲੋਕਾਂ ਦੀਆਂ ਜ਼ਰੂਰਤਾਂ ਬਾਰੇ ਵੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ।

ਨੇਪਾਲ ਤੋਂ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਅੱਜ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਲੰਗਰ ਦਾ ਪਹਿਲਾ ਟਰੱਕ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੜ੍ਹ ਪੀੜਤ ਪਰਿਵਾਰਾਂ ਤੱਕ ਰਾਹਤ ਸਮੱਗਰੀ ਪਹੁੰਚਾਉਣ ਦਾ ਉਪਰਾਲਾ ਵੀ ਕੀਤਾ ਜਾਵੇਗਾ, ਤਾਂ ਜੋ ਕੁਦਰਤੀ ਆਫ਼ਤ ਨਾਲ ਪ੍ਰਭਾਵਿਤ ਲੋਕਾਂ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ।

ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਬੀਤੇ ਦਿਨੀਂ ਨੇਪਾਲ ਸਰਕਾਰ ਨਾਲ ਗੱਲਬਾਤ ਕੀਤੀ ਗਈ ਸੀ। ਇਸ ਦੌਰਾਨ ਮਨੁੱਖਤਾ ਦੀ ਸੇਵਾ ਲਈ ਨੇਪਾਲ ਆਉਣ ਵਾਲੀਆਂ ਸੰਸਥਾਵਾਂ ਅਤੇ ਲੋਕਾਂ ਨੂੰ ਸਰਹੱਦ ਤੋਂ ਰਾਹਤ ਸਮੱਗਰੀ ਲਿਆਉਣ ਦੀ ਇਜਾਜ਼ਤ ਦੇਣ ਸਬੰਧੀ ਸੁਝਾਅ ਦਿੱਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਨੇਪਾਲ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਇਸ ਸੁਝਾਅ ਨੂੰ ਪਰਵਾਨ ਕਰ ਲਿਆ ਗਿਆ ਹੈ। ਇਸ ਸਹਿਯੋਗ ਅਤੇ ਸਹਿਮਤੀ ਤੋਂ ਬਾਅਦ ਹੀ ਹੜ੍ਹ ਪੀੜਤਾਂ ਲਈ ਲੰਗਰ ਸੇਵਾ ਸ਼ੁਰੂ ਕਰਨ ਦਾ ਰਾਹ ਸੁਖਾਲਾ ਹੋਇਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹੁਣ ਲੰਗਰ ਸੇਵਾ ਦੇ ਨਾਲ-ਨਾਲ ਰਾਹਤ ਸਮੱਗਰੀ ਵੀ ਪ੍ਰਭਾਵਿਤ ਪਰਿਵਾਰਾਂ ਤੱਕ ਪਹੁੰਚਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਕੁਦਰਤੀ ਆਫ਼ਤ ਦੀ ਇਸ ਘੜੀ ਵਿੱਚ ਨੇਪਾਲ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਕੀਤੀ ਜਾ ਰਹੀ ਇਹ ਸੇਵਾ ਮਨੁੱਖਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਉਪਰਾਲੇ ਵਜੋਂ ਕੀਤੀ ਜਾ ਰਹੀ ਹੈ। ਵਫ਼ਦ ਵੱਲੋਂ ਅਗਲੇ ਦਿਨਾਂ ਵਿੱਚ ਵੀ ਸਥਿਤੀ ਦਾ ਜਾਇਜ਼ਾ ਲੈ ਕੇ ਲੋੜ ਅਨੁਸਾਰ ਰਾਹਤ ਕਾਰਜਾਂ ਨੂੰ ਅੱਗੇ ਵਧਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

# ਕੈਨੇਡਾ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਲਈ ਵੱਡੀ ਚੁਣੌਤੀ, ਸਤੰਬਰ ਤੋਂ ਅਧਿਐਨ ਪਰਮਿਟ ਦੇ ਨਿਯਮ ਸਖ਼ਤ



ਰਹਿਣ-ਸਹਿਣ ਦੇ ਖ਼ਰਚੇ ਲਈ ਹੁਣ 23,448 ਕੈਨੇਡੀਅਨ ਡਾਲਰ ਦਿਖਾਉਣੇ ਲਾਜ਼ਮੀ; ਟਿਊਸ਼ਨ ਫ਼ੀਸ ਅਤੇ ਯਾਤਰਾ ਦੇ ਖ਼ਰਚੇ ਲਈ ਵੀ ਦੇਣੀ ਪਵੇਗੀ ਵਿੱਤੀ ਸਮਰੱਥਾ ਦੀ ਜਾਣਕਾਰੀ

ਪੰਜਾਬ ਤੋਂ ਕੈਨੇਡਾ ਜਾ ਕੇ ਪੜ੍ਹਾਈ ਕਰਨ ਜਾਂ ਉੱਥੇ ਆਪਣਾ ਭਵਿੱਖ ਬਣਾਉਣ ਦੇ ਚਾਹਵਾਨ ਵਿਦਿਆਰਥੀਆਂ ਲਈ ਹੁਣ ਰਸਤਾ ਪਹਿਲਾਂ ਨਾਲੋਂ ਹੋਰ ਮੁਸ਼ਕਲ ਹੁੰਦਾ ਜਾ ਰਿਹਾ ਹੈ। ਕੈਨੇਡਾ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਦੇ ਨਾਲ-ਨਾਲ ਅਧਿਐਨ ਪਰਮਿਟ ਲਈ ਲੋੜੀਂਦੀ ਵਿੱਤੀ ਸਮਰੱਥਾ ਅਤੇ ਹੋਰ ਸ਼ਰਤਾਂ ਨੂੰ ਵੀ ਸਖ਼ਤ ਕੀਤਾ ਜਾ ਰਿਹਾ ਹੈ। ਇਸ ਕਾਰਨ ਪੰਜਾਬੀ ਵਿਦਿਆਰਥੀਆਂ ਲਈ ਕੈਨੇਡਾ ਜਾਣ ਦੇ ਪਹਿਲਾਂ ਨਾਲੋਂ ਕਈ ਸੌਖੇ ਵਿਕਲਪ ਘਟ ਗਏ ਹਨ।

ਇਸ ਸਤੰਬਰ ਤੋਂ ਕੈਨੇਡਾ ਨੇ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਰਜ਼ੀ ਪ੍ਰਕਿਰਿਆ ਨੂੰ ਹੋਰ ਮਹਿੰਗਾ ਅਤੇ ਸਖ਼ਤ ਕਰ ਦਿੱਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਵੀ ਸੀਮਤ ਰੱਖਣ ਦਾ ਫ਼ੈਸਲਾ ਕੀਤਾ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੇ ਨਵੇਂ ਨਿਯਮਾਂ ਮੁਤਾਬਕ, ਕਿਊਬਿਕ ਤੋਂ ਬਾਹਰ ਪੜ੍ਹਾਈ ਲਈ ਅਧਿਐਨ ਪਰਮਿਟ ਵਾਸਤੇ 1 ਸਤੰਬਰ ਜਾਂ ਇਸ ਤੋਂ ਬਾਅਦ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ ਨੂੰ ਹੁਣ ਆਪਣੇ ਰਹਿਣ-ਸਹਿਣ ਦੇ ਖ਼ਰਚਿਆਂ ਲਈ 23,448 ਕੈਨੇਡੀਅਨ ਡਾਲਰ ਦੀ ਰਕਮ ਹੋਣ ਦਾ ਸਬੂਤ ਦੇਣਾ ਪਵੇਗਾ।

ਇਹ ਰਕਮ ਪਹਿਲਾਂ 22,895 ਕੈਨੇਡੀਅਨ ਡਾਲਰ ਸੀ। ਇਸ ਤਰ੍ਹਾਂ ਵਿਦਿਆਰਥੀਆਂ ਲਈ ਰਹਿਣ-ਸਹਿਣ ਦੇ ਖ਼ਰਚਿਆਂ ਵਾਸਤੇ ਦਿਖਾਈ ਜਾਣ ਵਾਲੀ ਲੋੜੀਂਦੀ ਰਕਮ ਵਿੱਚ ਵਾਧਾ ਕੀਤਾ ਗਿਆ ਹੈ।

ਹਾਲਾਂਕਿ, ਸਿਰਫ਼ ਰਹਿਣ-ਸਹਿਣ ਦੇ ਖ਼ਰਚਿਆਂ ਲਈ ਲੋੜੀਂਦੀ ਰਕਮ ਦਿਖਾਉਣਾ ਹੀ ਕਾਫ਼ੀ ਨਹੀਂ ਹੋਵੇਗਾ। ਵਿਦਿਆਰਥੀਆਂ ਨੂੰ ਆਪਣੀ ਟਿਊਸ਼ਨ ਫ਼ੀਸ ਅਤੇ ਕੈਨੇਡਾ ਤੱਕ ਯਾਤਰਾ ਕਰਨ ਲਈ ਲੋੜੀਂਦੇ ਪੈਸਿਆਂ ਦਾ ਵੀ ਸਬੂਤ ਦੇਣਾ ਪਵੇਗਾ। ਇਸ ਦਾ ਮਤਲਬ ਹੈ ਕਿ ਕੈਨੇਡਾ ਜਾਣ ਦੇ ਚਾਹਵਾਨ ਵਿਦਿਆਰਥੀਆਂ ਨੂੰ ਅਰਜ਼ੀ ਦੇਣ ਸਮੇਂ ਆਪਣੀ ਕੁੱਲ ਵਿੱਤੀ ਸਮਰੱਥਾ ਨੂੰ ਸਾਬਤ ਕਰਨਾ ਹੋਰ ਵੀ ਜ਼ਰੂਰੀ ਹੋ ਗਿਆ ਹੈ।

ਕੈਨੇਡਾ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨ ਦੀ ਨੀਤੀ ਵੀ ਇਸੇ ਵੱਡੀ ਤਬਦੀਲੀ ਦਾ ਹਿੱਸਾ ਹੈ। ਸਰਕਾਰ ਦੀ 2026-2028 ਦੀ ਯੋਜਨਾ ਅਨੁਸਾਰ, 2026 ਵਿੱਚ ਨਵੇਂ ਅਸਥਾਈ ਨਿਵਾਸੀਆਂ ਦੀ ਗਿਣਤੀ ਵੱਧ ਤੋਂ ਵੱਧ 3,85,000 ਤੱਕ ਸੀਮਤ ਰੱਖੀ ਗਈ ਹੈ।

ਇਨ੍ਹਾਂ ਵਿੱਚੋਂ ਸਿਰਫ਼ 1,55,000 ਲੋਕ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਵਜੋਂ ਕੈਨੇਡਾ ਆ ਸਕਣਗੇ। ਇਸ ਸੀਮਾ ਕਾਰਨ ਕੈਨੇਡਾ ਵਿੱਚ ਪੜ੍ਹਾਈ ਕਰਨ ਦੇ ਚਾਹਵਾਨ ਵਿਦੇਸ਼ੀ ਵਿਦਿਆਰਥੀਆਂ ਲਈ ਪਹਿਲਾਂ ਦੇ ਮੁਕਾਬਲੇ ਮੌਕੇ ਘੱਟ ਹੋ ਰਹੇ ਹਨ ਅਤੇ ਦਾਖ਼ਲੇ ਦੀ ਪ੍ਰਕਿਰਿਆ ਵੀ ਵਧੇਰੇ ਮੁਕਾਬਲੇ ਵਾਲੀ ਬਣ ਰਹੀ ਹੈ।

ੀ੍ਛਛ ਮੁਤਾਬਕ, ਸਰਕਾਰ ਦੀ ਇਸ ਨੀਤੀ ਦਾ ਮੁੱਖ ਉਦੇਸ਼ ਕੈਨੇਡਾ ਵਿੱਚ ਅਸਥਾਈ ਨਿਵਾਸੀਆਂ ਦੀ ਕੁੱਲ ਗਿਣਤੀ ਨੂੰ ਘਟਾਉਣਾ ਹੈ। ਸਰਕਾਰ ਚਾਹੁੰਦੀ ਹੈ ਕਿ 2027 ਦੇ ਅੰਤ ਤੱਕ ਅਸਥਾਈ ਨਿਵਾਸੀਆਂ ਦੀ ਗਿਣਤੀ ਕੈਨੇਡਾ ਦੀ ਕੁੱਲ ਆਬਾਦੀ ਦੇ 5 ਫ਼ੀਸਦੀ ਤੋਂ ਹੇਠਾਂ ਲਿਆਂਦੀ ਜਾਵੇ।

ਕੈਨੇਡਾ ਸਰਕਾਰ ਦਾ ਤਰਕ ਹੈ ਕਿ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਨਿਯੰਤਰਿਤ ਕਰਨ ਨਾਲ ਰਿਹਾਇਸ਼, ਸਿਹਤ ਸੇਵਾਵਾਂ ਅਤੇ ਹੋਰ ਬੁਨਿਆਦੀ ਢਾਂਚੇ ਉੱਤੇ ਪੈ ਰਹੇ ਦਬਾਅ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਪਰ ਦੂਜੇ ਪਾਸੇ, ਇਸ ਦਾ ਸਿੱਧਾ ਅਸਰ ਉਨ੍ਹਾਂ ਵਿਦਿਆਰਥੀਆਂ ’ਤੇ ਪੈ ਰਿਹਾ ਹੈ ਜੋ ਕੈਨੇਡਾ ਵਿੱਚ ਪੜ੍ਹਾਈ ਕਰਕੇ ਆਪਣਾ ਕਰੀਅਰ ਬਣਾਉਣ ਦੀ ਯੋਜਨਾ ਬਣਾ ਰਹੇ ਹਨ।

ਪੰਜਾਬ ਤੋਂ ਹਰ ਸਾਲ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਜਾਣ ਲਈ ਅਧਿਐਨ ਪਰਮਿਟ ਲਈ ਅਰਜ਼ੀਆਂ ਦਿੰਦੇ ਹਨ। ਨਵੇਂ ਨਿਯਮਾਂ ਤਹਿਤ ਵਿੱਤੀ ਸਬੂਤ ਦੀ ਵਧੀ ਹੋਈ ਲੋੜ, ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ’ਤੇ ਸੀਮਾ ਅਤੇ ਵਧਦੇ ਖ਼ਰਚਿਆਂ ਕਾਰਨ ਹੁਣ ਪੰਜਾਬੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਕੈਨੇਡਾ ਵਿੱਚ ਪੜ੍ਹਾਈ ਦੀ ਯੋਜਨਾ ਬਣਾਉਣਾ ਪਹਿਲਾਂ ਨਾਲੋਂ ਵਧੇਰੇ ਚੁਣੌਤੀਪੂਰਨ ਹੋ ਗਿਆ ਹੈ।

# ਕੈਨੇਡਾ ’ਚ ਪੰਜਾਬੀ ਵਿਦਿਆਰਥੀਆਂ ਨੂੰ ਵੱਡਾ ਝਟਕਾ, ਵਿੰਨੀਪੈਗ ਦਾ MITT ਕਾਲਜ ਸਮੇਟੇਗਾ ਸਰਗਰਮੀਆਂ

ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ’ਚ ਭਾਰੀ ਗਿਰਾਵਟ ਕਾਰਨ ਵਿੱਤੀ ਮਾਡਲ ਹੋਇਆ ਗੈਰ-ਟਿਕਾਊ; RRC ਫੋਲੇਟਏਚਹ ਸੰਭਾਲੇਗਾ ਚੁਣੇ ਪ੍ਰੋਗਰਾਮ ਅਤੇ ਕੈਂਪਸ



ਸਤੰਬਰ ਮਹੀਨਾ ਆਉਂਦੇ ਹੀ ਕੈਨੇਡਾ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਕੈਂਪਸ ਨਵੇਂ ਵਿਦਿਆਰਥੀਆਂ ਨਾਲ ਭਰ ਜਾਂਦੇ ਸਨ। ਹੱਥਾਂ ਵਿੱਚ ਦਾਖ਼ਲੇ ਦੀਆਂ ਫ਼ਾਈਲਾਂ, ਮੋਢਿਆਂ ’ਤੇ ਬੈਗ ਅਤੇ ਅੱਖਾਂ ਵਿੱਚ ਵੱਡੇ ਸੁਪਨੇ ਲੈ ਕੇ ਕੈਨੇਡਾ ਪਹੁੰਚਣ ਵਾਲੇ ਇਨ੍ਹਾਂ ਵਿਦਿਆਰਥੀਆਂ ਵਿੱਚ ਪੰਜਾਬੀ ਨੌਜਵਾਨਾਂ ਦੀ ਗਿਣਤੀ ਵੀ ਕਾਫ਼ੀ ਵੱਡੀ ਹੁੰਦੀ ਸੀ। ਪਰ ਹੁਣ ਕੈਨੇਡਾ ਦੇ ਕੈਂਪਸਾਂ ਦੀ ਇਹ ਰੌਣਕ ਹੌਲੀ-ਹੌਲੀ ਘਟਦੀ ਦਿਖਾਈ ਦੇ ਰਹੀ ਹੈ।

ਫ਼ੈਡਰਲ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਲਾਗੂ ਕੀਤੀ ਗਈ ਗਿਣਤੀ ਸੀਮਾ ਦਾ ਸਿੱਧਾ ਅਸਰ ਹੁਣ ਸਿੱਖਿਆ ਸੰਸਥਾਵਾਂ ਦੀਆਂ ਕਲਾਸਾਂ ਤੋਂ ਲੈ ਕੇ ਉਨ੍ਹਾਂ ਦੀ ਵਿੱਤੀ ਹਾਲਤ ਤੱਕ ਦਿਖਾਈ ਦੇ ਰਿਹਾ ਹੈ। ਇਮੀਗ੍ਰੇਸ਼ਨ, ਰਿਫ਼ਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਮੁਤਾਬਕ, 2026 ਦੇ ਪਹਿਲੇ ਛੇ ਮਹੀਨਿਆਂ ਦੌਰਾਨ ਸਿਰਫ਼ 22,405 ਨਵੇਂ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਪਹੁੰਚੇ ਹਨ।

ਸਰਕਾਰ ਨੇ ਪੂਰੇ ਸਾਲ ਦੌਰਾਨ 1,55,000 ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਟੀਚਾ ਨਿਰਧਾਰਤ ਕੀਤਾ ਹੈ। ਇਸ ਗਿਰਾਵਟ ਨੂੰ ਸਿਰਫ਼ ਦਾਖ਼ਲਿਆਂ ਦੀ ਕਮੀ ਵਜੋਂ ਨਹੀਂ ਦੇਖਿਆ ਜਾ ਰਿਹਾ, ਸਗੋਂ ਇਹ ਕਈ ਕਾਲਜਾਂ ਲਈ ਵੱਡੇ ਵਿੱਤੀ ਸੰਕਟ ਦਾ ਕਾਰਨ ਵੀ ਬਣ ਰਹੀ ਹੈ।

ਅੰਕੜਿਆਂ ਅਨੁਸਾਰ ਸਾਲ 2024 ਵਿੱਚ 2,92,885 ਨਵੇਂ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਪਹੁੰਚੇ ਸਨ। ਸਾਲ 2025 ਵਿੱਚ ਇਹ ਗਿਣਤੀ ਘਟ ਕੇ 1,15,005 ਰਹਿ ਗਈ। ਕੈਨੇਡਾ ਸਰਕਾਰ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਦੀ ਨੀਤੀ ਰਿਹਾਇਸ਼, ਸਿਹਤ ਸੇਵਾਵਾਂ ਅਤੇ ਹੋਰ ਬੁਨਿਆਦੀ ਢਾਂਚੇ ’ਤੇ ਪੈ ਰਹੇ ਦਬਾਅ ਨੂੰ ਘਟਾਉਣ ਲਈ ਜ਼ਰੂਰੀ ਹੈ।

ਹਾਲਾਂਕਿ, ਜਿਨ੍ਹਾਂ ਸਿੱਖਿਆ ਸੰਸਥਾਵਾਂ ਦੀ ਆਮਦਨ ਦਾ ਵੱਡਾ ਹਿੱਸਾ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਫ਼ੀਸਾਂ ’ਤੇ ਨਿਰਭਰ ਸੀ, ਉਨ੍ਹਾਂ ਲਈ ਇਹ ਨੀਤੀ ਹੁਣ ਵੱਡੀ ਚੁਣੌਤੀ ਬਣ ਗਈ ਹੈ।

ਵਿੰਨੀਪੈਗ ਦਾ ਮੈਨੀਟੋਬਾ ਇੰਸਟੀਚਿਊਟ ਆਫ਼ ਟਰੇਡਜ਼ ਐਂਡ ਟੈਕਨਾਲੋਜੀ (MITT) ਇਸ ਬਦਲਾਅ ਦੀ ਸਭ ਤੋਂ ਸਪੱਸ਼ਟ ਉਦਾਹਰਨ ਵਜੋਂ ਸਾਹਮਣੇ ਆਇਆ ਹੈ। ਵਪਾਰਕ ਅਤੇ ਤਕਨੀਕੀ ਸਿੱਖਿਆ ਲਈ ਪੰਜਾਬੀ ਵਿਦਿਆਰਥੀਆਂ ਵਿੱਚ ਜਾਣਿਆ ਜਾਂਦਾ MITT ਹੁਣ ਆਪਣੀਆਂ ਸਰਗਰਮੀਆਂ ਹੌਲੀ-ਹੌਲੀ ਸਮੇਟਣ ਜਾ ਰਿਹਾ ਹੈ।

ਸੰਸਥਾ ਦੇ ਅੰਤਰਰਾਸ਼ਟਰੀ ਦਾਖ਼ਲਿਆਂ ਵਿੱਚ 55 ਫ਼ੀਸਦੀ ਤੋਂ ਵੱਧ ਦੀ ਕਮੀ ਦਰਜ ਕੀਤੀ ਗਈ ਹੈ। ਇਸ ਕਾਰਨ ਸੰਸਥਾ ਦਾ ਮੌਜੂਦਾ ਵਿੱਤੀ ਮਾਡਲ ਪਹਿਲਾਂ ਵਾਂਗ ਟਿਕਾਊ ਨਹੀਂ ਰਹਿ ਗਿਆ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਆਈ ਇਸ ਵੱਡੀ ਕਮੀ ਨੇ MITT ਨੂੰ ਆਪਣੀਆਂ ਸਰਗਰਮੀਆਂ ਨੂੰ ਸਮੇਟਣ ਦਾ ਫ਼ੈਸਲਾ ਕਰਨ ਲਈ ਮਜਬੂਰ ਕੀਤਾ ਹੈ।

MITT ਦੀਆਂ ਸਰਗਰਮੀਆਂ ਬੰਦ ਹੋਣ ਤੋਂ ਬਾਅਦ ਇਸ ਦੇ ਚੁਣੇ ਹੋਏ ਪ੍ਰੋਗਰਾਮਾਂ ਅਤੇ ਕੈਂਪਸ ਦੀ ਜ਼ਿੰਮੇਵਾਰੀ ਰੈੱਡ ਰਿਵਰ ਕਾਲਜ ਪੌਲੀਟੈਕਨਿਕ (RRC Polytech) ਸੰਭਾਲੇਗਾ। ਪਤਝੜ 2026 ਤੋਂ ਦੋਵੇਂ ਸੰਸਥਾਵਾਂ ਸਾਊਥ ਵਿੰਨੀਪੈਗ ਕੈਂਪਸ ਤੋਂ ਮਿਲ ਕੇ ਕੰਮ ਕਰਨਗੀਆਂ।

ਇਸ ਤਬਦੀਲੀ ਤਹਿਤ MITT ਆਪਣੇ ਮੌਜੂਦਾ ਵਿਦਿਆਰਥੀਆਂ ਦੀ ਪੜ੍ਹਾਈ ਪੂਰੀ ਕਰਵਾਉਣ ’ਤੇ ਧਿਆਨ ਦੇਵੇਗਾ, ਜਦਕਿ RRC Polytech ਵੱਲੋਂ ਨਵੇਂ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇਗਾ।

ਮੌਜੂਦਾ ਵਿਦਿਆਰਥੀਆਂ ਲਈ ਰਾਹਤ ਦੀ ਗੱਲ ਇਹ ਹੈ ਕਿ ਉਹ ਆਪਣੇ ਚੱਲ ਰਹੇ ਪ੍ਰੋਗਰਾਮ ਪੂਰੇ ਕਰ ਸਕਣਗੇ। ਉਨ੍ਹਾਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ MITT ਵੱਲੋਂ ਹੀ ਡਿਗਰੀ ਜਾਂ ਡਿਪਲੋਮਾ ਵਰਗਾ ਸਿੱਖਿਆ ਪ੍ਰਮਾਣ-ਪੱਤਰ ਮਿਲੇਗਾ।

ਇਸ ਤੋਂ ਇਲਾਵਾ, ਹੇਨਲੋ ਬੇਅ ਅਤੇ ਫੁਲਟਜ਼ ਬੁਲੇਵਾਰਡ ਸਥਿਤ ਇਮਾਰਤਾਂ ਆਉਣ ਵਾਲੇ ਸਮੇਂ ਵਿੱਚ RRC Polytech ਦੇ ਸਾਊਥ ਵਿੰਨੀਪੈਗ ਕੈਂਪਸ ਦਾ ਹਿੱਸਾ ਬਣ ਜਾਣਗੀਆਂ।

ਪੰਜਾਬੀ ਭਾਈਚਾਰੇ ਲਈ ਇਹ ਤਬਦੀਲੀ ਸਿਰਫ਼ ਇੱਕ ਕਾਲਜ ਦੇ ਬੰਦ ਹੋਣ ਜਾਂ ਪ੍ਰਬੰਧ ਬਦਲਣ ਤੱਕ ਸੀਮਤ ਨਹੀਂ ਹੈ। ਬਿਜ਼ਨਸ, ਟੈਕਨਾਲੋਜੀ, ਹੈਲਥ ਕੇਅਰ ਅਤੇ ਹੁਨਰਮੰਦ ਵਪਾਰਕ ਕੋਰਸਾਂ ਵਿੱਚ ਪੜ੍ਹਾਈ ਕਰਨ ਵਾਲੇ ਕਈ ਪੰਜਾਬੀ ਨੌਜਵਾਨਾਂ ਲਈ MITT ਪੜ੍ਹਾਈ ਤੋਂ ਨੌਕਰੀ ਅਤੇ ਨੌਕਰੀ ਤੋਂ ਇੱਕ ਸਥਿਰ ਜੀਵਨ ਵੱਲ ਵਧਣ ਦਾ ਮਹੱਤਵਪੂਰਨ ਰਸਤਾ ਰਿਹਾ ਹੈ।

ਹੁਣ ਇਸ ਰਸਤੇ ਵਿੱਚ ਵੱਡਾ ਬਦਲਾਅ ਆ ਰਿਹਾ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ’ਤੇ ਲਾਈ ਗਈ ਸੀਮਾ ਨੇ ਸਿਰਫ਼ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ, ਸਗੋਂ ਇਸ ਦਾ ਅਸਰ ਕਾਲਜਾਂ ਦੇ ਕੈਂਪਸਾਂ ਦੀ ਰੌਣਕ, ਉਪਲਬਧ ਕੋਰਸਾਂ ਦੀ ਗਿਣਤੀ ਅਤੇ ਹਜ਼ਾਰਾਂ ਪੰਜਾਬੀ ਨੌਜਵਾਨਾਂ ਦੀ ਕੈਨੇਡਾ ਪਹੁੰਚ ਕੇ ਪੜ੍ਹਾਈ ਕਰਨ ਦੀਆਂ ਯੋਜਨਾਵਾਂ ’ਤੇ ਵੀ ਪੈ ਰਿਹਾ ਹੈ।

# ਸਿੰਧ ਜਲ ਸੰਧੀ ’ਤੇ ਭਾਰਤ-ਪਾਕਿਸਤਾਨ ਵਿਚਾਲੇ ਨਵਾਂ ਟਕਰਾਅ; ਸਾਲਸੀ ਅਦਾਲਤ ਨੇ ਭਾਰਤ ਨੂੰ ਸੰਧੀ ਲਾਗੂ ਰੱਖਣ ਲਈ ਕਿਹਾ



ਪਹਿਲਗਾਮ ਹਮਲੇ ਮਗਰੋਂ ਭਾਰਤ ਵੱਲੋਂ ਸੰਧੀ ਮੁਅੱਤਲ ਕਰਨ ਦੇ ਫ਼ੈਸਲੇ ’ਤੇ ਸਾਲਸੀ ਅਦਾਲਤ ਦਾ ਇਤਰਾਜ਼; ਭਾਰਤ ਨੇ ਫ਼ੈਸਲਾ ਮੰਨਣ ਤੋਂ ਕੀਤਾ ਇਨਕਾਰ, ਕਿਹਾ—ਪ੍ਰਭੂਸੱਤਾ ਵਾਲੇ ਫ਼ੈਸਲਿਆਂ ’ਤੇ ਅਦਾਲਤ ਨੂੰ ਅਧਿਕਾਰ ਨਹੀਂ

ਹੇਗ ਸਥਿਤ ਸਥਾਈ ਸਾਲਸੀ ਅਦਾਲਤ ਨੇ ਸੋਮਵਾਰ ਨੂੰ ਸਿੰਧ ਜਲ ਸੰਧੀ ਨਾਲ ਜੁੜੇ ਮਾਮਲੇ ਵਿੱਚ ਫ਼ੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ 1960 ਵਿੱਚ ਹੋਈ ਪਾਣੀ ਦੀ ਵੰਡ ਨਾਲ ਸਬੰਧਤ ਇਹ ਸੰਧੀ ਲਾਗੂ ਹੈ ਅਤੇ ਭਾਰਤ ਨੂੰ ਇਸ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ। ਅਦਾਲਤ ਦਾ ਇਹ ਫ਼ੈਸਲਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨਾਲ ਸਿੰਧ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਸੀ।

ਸਥਾਈ ਸਾਲਸੀ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਭਾਰਤ ਕੋਲ ਸੰਧੀ ਨੂੰ ਇਕਤਰਫ਼ਾ ਤੌਰ ’ਤੇ ਖ਼ਤਮ ਜਾਂ ਮੁਅੱਤਲ ਕਰਨ ਲਈ ਕੋਈ ਜਾਇਜ਼ ਆਧਾਰ ਨਹੀਂ ਹੈ। ਅਦਾਲਤ ਮੁਤਾਬਕ ਸੰਧੀ ਪੂਰੀ ਤਰ੍ਹਾਂ ਲਾਗੂ ਹੈ ਅਤੇ ਇਸ ਤਹਿਤ ਭਾਰਤ ਨੂੰ ਪੱਛਮੀ ਦਰਿਆਵਾਂ ’ਤੇ ਬਣਾਏ ਜਾ ਰਹੇ ਪਣ-ਬਿਜਲੀ ਪ੍ਰਾਜੈਕਟਾਂ ਦੇ ਨਿਰਮਾਣ, ਡਿਜ਼ਾਈਨ ਅਤੇ ਸੰਚਾਲਨ ਨਾਲ ਸਬੰਧਤ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ।

ਹਾਲਾਂਕਿ ਭਾਰਤ ਨੇ ਇਸ ਫ਼ੈਸਲੇ ਨੂੰ ਸਿੱਧੇ ਤੌਰ ’ਤੇ ਰੱਦ ਕਰ ਦਿੱਤਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਨਵੀਂ ਦਿੱਲੀ ਇਸ ਸਾਲਸੀ ਕਾਰਵਾਈ ਨੂੰ ਮਾਨਤਾ ਨਹੀਂ ਦਿੰਦੀ ਅਤੇ ਅਦਾਲਤ ਦੇ ਫ਼ੈਸਲੇ ਨੂੰ ਸਵੀਕਾਰ ਨਹੀਂ ਕਰੇਗੀ। ਭਾਰਤ ਨੇ ਦਲੀਲ ਦਿੱਤੀ ਹੈ ਕਿ ਇਸ ਅਖੌਤੀ ਸਾਲਸੀ ਅਦਾਲਤ ਕੋਲ ਭਾਰਤ ਦੇ ਪ੍ਰਭੂਸੱਤਾ ਵਾਲੇ ਫ਼ੈਸਲਿਆਂ ’ਤੇ ਫ਼ੈਸਲਾ ਸੁਣਾਉਣ ਦਾ ਕੋਈ ਅਧਿਕਾਰ ਨਹੀਂ ਹੈ।

ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਸਾਲਸੀ ਅਦਾਲਤ ਦੀਆਂ ਟਿੱਪਣੀਆਂ ਦਾ ਭਾਰਤ ਵੱਲੋਂ ਕੀਤੇ ਜਾ ਰਹੇ ਜਾਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਨਾਲ ਸਬੰਧਤ ਕੰਮਾਂ ’ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਇਸ ਤਰ੍ਹਾਂ ਅਦਾਲਤ ਦੇ ਫ਼ੈਸਲੇ ਅਤੇ ਭਾਰਤ ਦੇ ਰੁਖ ਵਿਚਾਲੇ ਸਪੱਸ਼ਟ ਟਕਰਾਅ ਸਾਹਮਣੇ ਆ ਗਿਆ ਹੈ।

ਇਹ ਵਿਵਾਦ ਪਿਛਲੇ ਸਾਲ ਅਪਰੈਲ ਵਿੱਚ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਹੋਰ ਗੰਭੀਰ ਹੋਇਆ ਸੀ। ਇਸ ਹਮਲੇ ਵਿੱਚ 26 ਲੋਕਾਂ ਦੀ ਮੌਤ ਹੋਈ ਸੀ। ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਨਾਲ ਸਬੰਧਤ ਸਿੰਧ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਸੀ। ਪਾਕਿਸਤਾਨ ਨੇ ਹਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ।

ਸਿੰਧ ਜਲ ਸੰਧੀ ਭਾਰਤ ਅਤੇ ਪਾਕਿਸਤਾਨ ਵਿਚਾਲੇ 1960 ਵਿੱਚ ਹੋਇਆ ਇੱਕ ਮਹੱਤਵਪੂਰਨ ਪਾਣੀ ਵੰਡ ਸਮਝੌਤਾ ਹੈ। ਇਸ ਤਹਿਤ ਸਿੰਧੂ ਦਰਿਆ ਪ੍ਰਣਾਲੀ ਦੀਆਂ ਛੇ ਮੁੱਖ ਨਦੀਆਂ ਦੇ ਪਾਣੀ ਦੀ ਵਰਤੋਂ ਸਬੰਧੀ ਦੋਵਾਂ ਦੇਸ਼ਾਂ ਲਈ ਨਿਯਮ ਤੈਅ ਕੀਤੇ ਗਏ ਸਨ। ਇਸ ਸੰਧੀ ਤਹਿਤ ਪਾਕਿਸਤਾਨ ਦੀ ਖੇਤੀਬਾੜੀ ਲਈ ਪਾਣੀ ਦੀ ਸਪਲਾਈ ਦਾ ਵੱਡਾ ਹਿੱਸਾ ਨਿਰਭਰ ਕਰਦਾ ਹੈ ਅਤੇ ਪਾਕਿਸਤਾਨ ਦੇ ਲਗਭਗ 80 ਫ਼ੀਸਦੀ ਖੇਤੀਬਾੜੀ ਖੇਤਰ ਨੂੰ ਇਸ ਪਾਣੀ ਪ੍ਰਣਾਲੀ ਤੋਂ ਲਾਭ ਮਿਲਦਾ ਹੈ।

ਭਾਰਤ ਅਤੇ ਪਾਕਿਸਤਾਨ ਵਿਚਾਲੇ 1960 ਤੋਂ ਬਾਅਦ ਤਿੰਨ ਜੰਗਾਂ ਅਤੇ ਕਈ ਗੰਭੀਰ ਟਕਰਾਅ ਹੋਣ ਦੇ ਬਾਵਜੂਦ ਦੋਵਾਂ ਦੇਸ਼ਾਂ ਨੇ ਲੰਬੇ ਸਮੇਂ ਤੱਕ ਸਿੰਧ ਜਲ ਸੰਧੀ ਦਾ ਸਨਮਾਨ ਕੀਤਾ। ਪਰ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਵੱਲੋਂ ਸੰਧੀ ਨੂੰ ਮੁਅੱਤਲ ਕਰਨ ਦਾ ਫ਼ੈਸਲਾ ਦੋਵਾਂ ਦੇਸ਼ਾਂ ਵਿਚਾਲੇ ਪਾਣੀ ਦੇ ਮਸਲੇ ਨੂੰ ਇੱਕ ਵਾਰ ਫਿਰ ਕੇਂਦਰ ਵਿੱਚ ਲੈ ਆਇਆ।

ਇਸੇ ਦੌਰਾਨ ਭਾਰਤ ਵੱਲੋਂ ਜੰਮੂ-ਕਸ਼ਮੀਰ ਖੇਤਰ ਵਿੱਚ ਦੋ ਪਣ-ਬਿਜਲੀ ਪ੍ਰਾਜੈਕਟਾਂ ਦੀ ਜਲ ਭੰਡਾਰਨ ਸਮਰੱਥਾ ਵਧਾਉਣ ਨਾਲ ਸਬੰਧਤ ਕੰਮ ਸ਼ੁਰੂ ਕਰਨ ਤੋਂ ਬਾਅਦ ਪਾਕਿਸਤਾਨ ਨੇ ਕਾਨੂੰਨੀ ਰਾਹ ਅਪਣਾਇਆ। ਪਾਕਿਸਤਾਨ ਵੱਲੋਂ ਦਲੀਲ ਦਿੱਤੀ ਗਈ ਕਿ ਅਜਿਹੇ ਨਿਰਮਾਣ ਕਾਰਜ ਸਿੰਧ ਜਲ ਸੰਧੀ ਵਿੱਚ ਨਿਰਧਾਰਤ ਨਿਯਮਾਂ ਨਾਲ ਟਕਰਾ ਸਕਦੇ ਹਨ।

ਸਾਲਸੀ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਪਾਕਿਸਤਾਨ ਦੀ ਉਸ ਮੰਗ ਨਾਲ ਵੀ ਸਹਿਮਤੀ ਜਤਾਈ ਹੈ ਜਿਸ ਵਿੱਚ ਪਣ-ਬਿਜਲੀ ਪ੍ਰਾਜੈਕਟਾਂ ਦੇ ਨਿਰਮਾਣ ਨਾਲ ਸਬੰਧਤ ਕੁਝ ਹੱਦਾਂ ਤੈਅ ਕਰਨ ਦੀ ਮੰਗ ਕੀਤੀ ਗਈ ਸੀ। ਅਦਾਲਤ ਨੇ ਕਿਹਾ ਕਿ ਵਿਸ਼ਵ ਬੈਂਕ ਵੱਲੋਂ ਨਿਯੁਕਤ ਨਿਰਪੱਖ ਮਾਹਰ ਇਹ ਨਿਰਧਾਰਤ ਕਰੇਗਾ ਕਿ ਹਿਮਾਲਿਆਈ ਖੇਤਰ ਵਿੱਚ ਬਣ ਰਹੇ ਪਣ-ਬਿਜਲੀ ਪ੍ਰਾਜੈਕਟਾਂ ਦੀ ਉਸਾਰੀ ਸਿੰਧ ਜਲ ਸੰਧੀ ਦੀਆਂ ਸ਼ਰਤਾਂ ਅਨੁਸਾਰ ਹੈ ਜਾਂ ਨਹੀਂ।

ਇਸ ਨਿਰਪੱਖ ਮਾਹਰ ਵੱਲੋਂ ਜੁਲਾਈ 2027 ਤੱਕ ਆਪਣਾ ਫ਼ੈਸਲਾ ਦੇਣ ਦੀ ਉਮੀਦ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਨਿਰਪੱਖ ਮਾਹਰ ਦੇ ਫ਼ੈਸਲੇ ਤੋਂ 90 ਦਿਨਾਂ ਤੱਕ ਭਾਰਤ ਨੂੰ ਸਬੰਧਤ ਪਣ-ਬਿਜਲੀ ਪ੍ਰਾਜੈਕਟ ਵਿੱਚ ਕੰਧ ਅਤੇ ਬਿਜਲੀ ਪਾਣੀ ਦਾਖ਼ਲਾ ਢਾਂਚੇ ਨੂੰ ਨਿਰਧਾਰਤ ਹੱਦਾਂ ਤੋਂ ਉੱਪਰ ਬਣਾਉਣ ਦੀ ਇਜਾਜ਼ਤ ਨਹੀਂ ਹੋਵੇਗੀ।

ਅਦਾਲਤ ਦੇ ਇਸ ਫ਼ੈਸਲੇ ਨਾਲ ਭਾਰਤ ਅਤੇ ਪਾਕਿਸਤਾਨ ਵਿਚਾਲੇ ਪਾਣੀ ਦੇ ਮੁੱਦੇ ’ਤੇ ਕੂਟਨੀਤਕ ਅਤੇ ਕਾਨੂੰਨੀ ਤਣਾਅ ਹੋਰ ਵਧਣ ਦੀ ਸੰਭਾਵਨਾ ਹੈ। ਇੱਕ ਪਾਸੇ ਸਾਲਸੀ ਅਦਾਲਤ ਨੇ ਸੰਧੀ ਨੂੰ ਲਾਗੂ ਮੰਨਦਿਆਂ ਭਾਰਤ ਨੂੰ ਇਸ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਲਈ ਕਿਹਾ ਹੈ, ਜਦਕਿ ਦੂਜੇ ਪਾਸੇ ਭਾਰਤ ਨੇ ਇਸ ਕਾਰਵਾਈ ਦੇ ਅਧਿਕਾਰ ਖੇਤਰ ’ਤੇ ਹੀ ਸਵਾਲ ਖੜ੍ਹੇ ਕਰਦਿਆਂ ਫ਼ੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।

ਇਸ ਮਾਮਲੇ ਵਿੱਚ ਹੁਣ ਅਗਲਾ ਮਹੱਤਵਪੂਰਨ ਪੜਾਅ ਨਿਰਪੱਖ ਮਾਹਰ ਵੱਲੋਂ ਦਿੱਤਾ ਜਾਣ ਵਾਲਾ ਫ਼ੈਸਲਾ ਹੋਵੇਗਾ। ਇਸ ਦੇ ਨਾਲ ਹੀ ਭਾਰਤ ਵੱਲੋਂ ਸਿੰਧ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਆਪਣੇ ਰੁਖ ਅਤੇ ਪਣ-ਬਿਜਲੀ ਪ੍ਰਾਜੈਕਟਾਂ ਸਬੰਧੀ ਨੀਤੀ ਨੂੰ ਅੱਗੇ ਕਿਵੇਂ ਵਧਾਇਆ ਜਾਂਦਾ ਹੈ, ਇਸ ’ਤੇ ਵੀ ਦੋਵਾਂ ਦੇਸ਼ਾਂ ਦੀ ਨਜ਼ਰ ਰਹੇਗੀ।

# ਅਮਰੀਕਾ ’ਤੇ ਨਿਰਭਰਤਾ ਘਟਾ ਕੇ ਕੈਨੇਡਾ ਨੇ ਰੱਖਿਆ ਉਦਯੋਗ ਮਜ਼ਬੂਤ ਕਰਨ ਦੀ ਫੜੀ ਰਫ਼ਤਾਰ

ਵਧਦੇ ਫ਼ੌਜੀ ਖ਼ਰਚ ਵਿਚਕਾਰ ਕੈਨੇਡੀਅਨ ਕੰਪਨੀਆਂ ਰੱਖਿਆ ਉਤਪਾਦਾਂ ਵੱਲ ਮੁੜੀਆਂ; ਵਰਦੀਆਂ ਤੋਂ ਲੈ ਕੇ ਡਰੋਨ ਅਤੇ ਖ਼ੁਦਮੁਖ਼ਤਾਰ ਰੋਬੋਟ ਤੱਕ ਤਿਆਰ ਕਰਨ ਦੀਆਂ ਤਿਆਰੀਆਂ

ਟੋਰਾਂਟੋ: ਅਮਰੀਕੀ ਫ਼ੌਜੀ ਸਪਲਾਇਰਾਂ ’ਤੇ ਆਪਣੀ ਨਿਰਭਰਤਾ ਘਟਾਉਣ ਦੇ ਕੈਨੇਡਾ ਦੇ ਯਤਨਾਂ ਦੀ ਝਲਕ ਟੋਰਾਂਟੋ ਦੀ ਇੱਕ ਕੱਪੜਾ ਫੈਕਟਰੀ ਵਿੱਚ ਸਾਫ਼ ਨਜ਼ਰ ਆ ਰਹੀ ਹੈ। ਇੱਥੇ ਸਿਲਾਈ ਮਸ਼ੀਨਾਂ ’ਤੇ ਝੁਕੇ ਹੋਏ ਕਾਮੇ ਤੇਜ਼ੀ ਨਾਲ ਫ਼ੌਜੀ ਵਰਦੀਆਂ ਅਤੇ ਪੱਟੀਆਂ ਤਿਆਰ ਕਰ ਰਹੇ ਹਨ। ਫੈਕਟਰੀ ਦੇ ਅਗਲੇ ਕਮਰੇ ਵਿੱਚ ਕਾਮੇ ਫ਼ੌਜ ਲਈ ਤਿਆਰ ਕੀਤੇ ਜਾ ਰਹੇ ਹੈਲਮੇਟਾਂ ਦੇ ਕਵਰਾਂ ਦੀ ਜਾਂਚ ਕਰਦੇ ਅਤੇ ਉਨ੍ਹਾਂ ਵਿੱਚੋਂ ਧਾਗੇ ਦੇ ਵਾਧੂ ਟੁਕੜੇ ਕੱਟਦੇ ਦਿਖਾਈ ਦੇ ਰਹੇ ਹਨ।

ਇਹ ਫੈਕਟਰੀ ‘ਵਕਸਲੀ’ ਲਈ ਫ਼ੌਜੀ ਵਰਦੀਆਂ ਤਿਆਰ ਕਰ ਰਹੀ ਹੈ। ‘ਵਕਸਲੀ’ ਇੱਕ ਅਜਿਹੀ ਕੰਪਨੀ ਹੈ ਜੋ ਮੁੱਖ ਤੌਰ ’ਤੇ ਲਗਜ਼ਰੀ ਜੈਕਟਾਂ ਬਣਾਉਣ ਲਈ ਜਾਣੀ ਜਾਂਦੀ ਹੈ। ਹੁਣ ਇਹ ਉਨ੍ਹਾਂ ਕਈ ਕੈਨੇਡੀਅਨ ਕੰਪਨੀਆਂ ਵਿੱਚ ਸ਼ਾਮਲ ਹੋ ਗਈ ਹੈ, ਜਿਨ੍ਹਾਂ ਨੇ ਰੱਖਿਆ ਖੇਤਰ ਵਿੱਚ ਠੇਕੇਦਾਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਹੈ।

ਕੈਨੇਡਾ ਵੱਲੋਂ ਆਪਣਾ ਫ਼ੌਜੀ ਖ਼ਰਚ ਵਧਾਏ ਜਾਣ ਦੇ ਨਾਲ ਰੱਖਿਆ ਉਦਯੋਗ ਵਿੱਚ ਵੀ ਗਤੀ ਤੇਜ਼ ਹੋ ਰਹੀ ਹੈ। ਦੇਸ਼ ਦੀਆਂ ਵੱਖ-ਵੱਖ ਕੰਪਨੀਆਂ ਹੁਣ ਕੈਨੇਡਾ ਦੇ ਵਿਸ਼ਾਲ ਆਰਕਟਿਕ ਖੇਤਰ ਦੀ ਨਿਗਰਾਨੀ ਲਈ ਦੂਰ-ਦਰਾਜ਼ ਇਲਾਕਿਆਂ ਵਿੱਚ ਕੰਮ ਕਰਨ ਵਾਲੇ ਸੰਵੇਦਕ ਤਿਆਰ ਕਰ ਰਹੀਆਂ ਹਨ। ਇਸ ਤੋਂ ਇਲਾਵਾ ਸੈਨਿਕਾਂ ਤੱਕ ਰਾਸ਼ਨ ਅਤੇ ਹੋਰ ਜ਼ਰੂਰੀ ਸਮਾਨ ਪਹੁੰਚਾਉਣ ਲਈ ਡਰੋਨ ਬਣਾਏ ਜਾ ਰਹੇ ਹਨ, ਜਦਕਿ ਖ਼ੁਦਮੁਖ਼ਤਾਰ ਤਰੀਕੇ ਨਾਲ ਕੰਮ ਕਰਨ ਵਾਲੇ ਰੋਬੋਟ ਵੀ ਤਿਆਰ ਕਰਨ ’ਤੇ ਧਿਆਨ ਦਿੱਤਾ ਜਾ ਰਿਹਾ ਹੈ।

ਰੱਖਿਆ ਖੇਤਰ ਵਿੱਚ ਆ ਰਹੀ ਇਹ ਤੇਜ਼ੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕੀਤੇ ਉਸ ਵਾਅਦੇ ਨਾਲ ਵੀ ਜੁੜੀ ਹੋਈ ਹੈ, ਜਿਸ ਤਹਿਤ ਉਨ੍ਹਾਂ ਨੇ ਵਾਸ਼ਿੰਗਟਨ ਨਾਲ ਸਬੰਧਾਂ ਵਿੱਚ ਆ ਰਹੀ ਖਟਾਸ ਦੇ ਮੱਦੇਨਜ਼ਰ ਕੈਨੇਡਾ ਦੀ ਆਰਥਿਕ ਆਤਮ-ਨਿਰਭਰਤਾ ਨੂੰ ਮਜ਼ਬੂਤ ਕਰਨ ਦਾ ਅਹਿਦ ਕੀਤਾ ਹੈ।

ਕੈਨੇਡੀਅਨ ਰੱਖਿਆ ਉਦਯੋਗ ਵਿੱਚ ਹੁਣ ਨਵੀਆਂ ਸ਼ੁਰੂਆਤੀ ਕੰਪਨੀਆਂ ਦੇ ਨਾਲ-ਨਾਲ ਪਹਿਲਾਂ ਤੋਂ ਸਥਾਪਤ ਕੰਪਨੀਆਂ ਵੀ ਵੱਡੇ ਪੱਧਰ ’ਤੇ ਮੌਕੇ ਭਾਲ ਰਹੀਆਂ ਹਨ। ਯੂਰਪ ਦੀਆਂ ਕੰਪਨੀਆਂ ਵੀ ਇਸ ਖੇਤਰ ਵਿੱਚ ਦਿਲਚਸਪੀ ਦਿਖਾ ਰਹੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਨਾਟੋ ਦੇ ਮੈਂਬਰ ਦੇਸ਼ਾਂ ’ਤੇ ਰੱਖਿਆ ਖ਼ਰਚ ਵਿੱਚ ਵੱਧ ਯੋਗਦਾਨ ਪਾਉਣ ਲਈ ਬਣਾਏ ਜਾ ਰਹੇ ਦਬਾਅ ਦੇ ਵਿਚਕਾਰ ਕੈਨੇਡਾ ਨੂੰ ਅਰਬਾਂ ਡਾਲਰ ਦੇ ਵਾਧੂ ਰੱਖਿਆ ਫੰਡ ਮਿਲਣ ਦੀ ਉਮੀਦ ਹੈ।

ਇਨ੍ਹਾਂ ਵਧਦੇ ਫੰਡਾਂ ਦਾ ਲਾਭ ਲੈਣ ਲਈ ਕੈਨੇਡਾ ਦੀਆਂ ਨਵੀਆਂ ਅਤੇ ਪੁਰਾਣੀਆਂ ਕੰਪਨੀਆਂ ਰੱਖਿਆ ਖੇਤਰ ਵਿੱਚ ਆਪਣੀ ਭੂਮਿਕਾ ਵਧਾਉਣ ਲਈ ਤਿਆਰ ਹਨ। ਇਸ ਨਾਲ ਇੱਕ ਪਾਸੇ ਕੈਨੇਡਾ ਦੀ ਫ਼ੌਜੀ ਸਮਰੱਥਾ ਮਜ਼ਬੂਤ ਕਰਨ ਦਾ ਰਾਹ ਖੁੱਲ੍ਹ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਦੇਸ਼ ਅਮਰੀਕੀ ਸਪਲਾਈ ’ਤੇ ਆਪਣੀ ਨਿਰਭਰਤਾ ਘਟਾ ਕੇ ਘਰੇਲੂ ਰੱਖਿਆ ਉਦਯੋਗ ਨੂੰ ਵਿਕਸਤ ਕਰਨ ਵੱਲ ਵਧ ਰਿਹਾ ਹੈ।